Space for Advertisement

13ਵਾਂ ਸਾਲ
ਹਫਤਾਵਾਰੀ
# ਦੇਸ਼ ਦੁਆਬਾ
VOL -14 ISSUE - 8
May 28, 2025
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Space for Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 40ਵਾਂ ਸਥਾਪਨਾ ਦਿਵਸ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ 17, 28, 29 ਜੂਨ 2025 ਨੂੰ ਮਨਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 'ਤੇ।



ਡੇਰਾ ਸੱਚਖੰਡ ਬੱਲਾਂ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਮਿੱਠੀ ਯਾਦ ਅੰਦਰ, ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਉਹਨਾਂ ਦੇ ਸ਼ਹੀਦੀ ਦਿਵਸ 'ਤੇ ਸੁਖਮਨੀ ਸਾਹਿਬ ਦੇ ਪਾਠ ਰਖਾਏ ਗਏ।

(ਸਬੰਧਤ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12 'ਤੇ)

# ਰਾਸ਼ਟਰਪਤੀ ਟਰੰਪ ਦੀ ਟੈਰਿਫ ਨੀਤੀ ਕਾਰਨ ਸਾਰੀ ਦੁਨੀਆ ਵਿਚ ਹਲਚਲ

## ਅਮਰੀਕਾ ਵਿਚ ਵੀ ਮਹਿੰਗਾਈ ਵਧਣ ਦੇ ਤੌਖਲੇ, ਆਮ ਲੋਕੀ ਵੀ ਪ੍ਰੇਸ਼ਾਨ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਸ੍ਰੀ ਟਰੰਪ ਦੀ ਟੈਰਿਫ ਵਾਰ ਦੇ ਕਾਰਨ ਸਾਰੀ ਦੁਨੀਆਂ ਵਿਚ ਹਲਚਲ ਵਧ ਗਈ ਹੈ। ਟੈਰਿਫ ਨੀਤੀ ਦੇ ਕਾਰਨ ਹੁਣ ਚੀਨ ਤੋਂ ਬਾਅਦ ਭਾਰਤ ਦੀ ਪ੍ਰੇਸ਼ਾਨੀ ਵਧਦੀ ਜਾ ਰਹੀ ਹੈ ਪਰ ਇਸ ਦੇ ਨਾਲ ਹੀ ਘਰੇਲੂ ਮੋਰਚੇ ਤੇ ਅਮਰੀਕਾ ਵੀ ਇਸ ਟੈਰਿਫ ਨੀਤੀ ਦਾ ਸ਼ਿਕਾਰ ਬਣਨਾ ਆਰੰਭ ਹੋ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਮੰਦੀ ਆਉਣ ਦੇ ਤੌਖਲੇ ਵਧਦੇ ਜਾ ਰਹੇ ਹਨ, ਮਹਿੰਗਾਈ ਤੇਜ਼ੀ ਨਾਲ ਵਧੇਗੀ ਤਾਂ ਆਮ ਲੋਕੀ ਵੀ ਹੋਰ ਤੰਗ ਹੋਣਗੇ। ਸਿੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਸਿੱਖਿਆ ਖੇਤਰ ਇਸੇ ਤਰ੍ਹਾਂ ਨਿਸ਼ਾਨਾ ਬਣਦਾ ਰਿਹਾ ਤਾਂ ਅਮਰੀਕੀ ਯੂਨੀਵਰਸਿਟੀਆਂ ਵਿੱਤੀ ਮੰਦਵਾੜੇ ਵਿਚ ਚਲੀਆਂ ਜਾਣਗੀਆਂ।




### 'ਅਮਰੀਕਾ ਟੀ-ਸ਼ਰਟਾਂ ਨਹੀਂ, ਟੈਂਕ ਬਣਾਉਣਾ ਚਾਹੁੰਦਾ ਹੈ'-ਟਰੰਪ

ਅਮਰੀਕੀ ਰਾਸ਼ਟਰਪਤੀ ਨੇ ਹਾਲ ਹੀ ਦੇ ਸਮੇਂ ਵਿੱਚ ਇੱਕ ਸਖ਼ਤ ਟੈਰਿਫ ਨੀਤੀ ਦਾ ਐਲਾਨ ਕੀਤਾ ਹੈ। ਉਨ੍ਹਾਂ ਦੀ ਇਸ ਨੀਤੀ ਤੋਂ ਬਾਅਦ, ਕਈ ਦੇਸ਼ਾਂ ਨਾਲ ਵਪਾਰ 'ਤੇ ਡੂੰਘਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ, ਟਰੰਪ ਨੇ ਐਪਲ ਨੂੰ ਇਹ ਵੀ ਧਮਕੀ ਦਿੱਤੀ ਸੀ ਕਿ ਜੇਕਰ ਤੁਸੀਂ ਅਮਰੀਕਾ ਤੋਂ ਬਾਹਰ ਆਈਫੋਨ ਬਣਾਉਂਦੇ ਹੋ, ਤਾਂ ਤੁਹਾਨੂੰ 25 ਪ੍ਰਤੀਸ਼ਤ ਟੈਰਿਫ ਦੇਣਾ ਪਵੇਗਾ।

ਇਸ ਸਭ ਦੇ ਵਿਚਕਾਰ, ਅਮਰੀਕੀ ਰਾਸ਼ਟਰਪਤੀ ਟਰੰਪ ਦਾ ਟੈਰਿਫ 'ਤੇ ਇੱਕ ਨਵਾਂ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਉਨ੍ਹਾਂ ਦੀ ਟੈਰਿਫ ਨੀਤੀ ਦਾ ਉਦੇਸ਼ ਟੈਂਕਾਂ ਅਤੇ ਤਕਨਾਲੋਜੀ ਉਤਪਾਦਾਂ ਦੇ ਘਰੇਲੂ ਨਿਰਮਾਣ ਨੂੰ ਉਤਸ਼ਾਹਿਤ ਕਰਨਾ ਹੈ। ਟਰੰਪ ਨੇ ਕਿਹਾ ਕਿ ਅਸੀਂ ਟੈਂਕ ਬਣਾਉਣਾ ਚਾਹੁੰਦੇ ਹਾਂ, ਟੀ-ਸ਼ਰਟਾਂ ਨਹੀਂ।

ਦਰਅਸਲ, ਨਿਊ ਜਰਸੀ ਵਿੱਚ ਏਅਰ ਫੋਰਸ ਵਨ ਵਿੱਚ ਸਵਾਰ ਹੋਣ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ 29 ਅਪ੍ਰੈਲ ਨੂੰ ਵਿੱਤ ਮੰਤਰੀ ਸਕਾਟ ਬੇਸੈਂਟ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਨਾਲ ਸਹਿਮਤ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਜ਼ਰੂਰੀ ਤੌਰ 'ਤੇ ਇੱਕ ਉੱਭਰ ਰਹੇ ਟੈਕਸਟਾਈਲ ਉਦਯੋਗ ਦੀ ਜ਼ਰੂਰਤ ਨਹੀਂ ਸੀ। ਹਾਲਾਂਕਿ, ਇਸ ਟਿੱਪਣੀ ਦੀ ਨੈਸ਼ਨਲ ਕੌਂਸਲ ਆਫ਼ ਟੈਕਸਟਾਈਲ ਆਰਗੇਨਾਈਜ਼ੇਸ਼ਨਜ਼ ਦੁਆਰਾ ਆਲੋਚਨਾ ਕੀਤੀ ਗਈ ਸੀ।

ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਸੀਂ ਸਨੀਕਰ ਅਤੇ ਟੀ-ਸ਼ਰਟ ਨਹੀਂ ਬਣਾਉਣਾ ਚਾਹੁੰਦੇ। ਅਸੀਂ ਫੌਜੀ ਸਾਜ਼ੋ-ਸਾਮਾਨ ਬਣਾਉਣਾ ਚਾਹੁੰਦੇ ਹਾਂ। ਅਸੀਂ ਵੱਡੀਆਂ ਚੀਜ਼ਾਂ ਬਣਾਉਣਾ ਚਾਹੁੰਦੇ ਹਾਂ। ਅਸੀਂ ਕੰਪਿਊਟਰਾਂ ਨਾਲ ਓਹੀ ਨੂੰ ਕੰਮ ਕਰਨਾ ਚਾਹੁੰਦੇ ਹਾਂ। ਟਰੰਪ ਨੇ ਕਿਹਾ, "ਸੱਚ ਦੱਸਾਂ ਤਾਂ, ਮੈਂ ਟੀ-ਸ਼ਰਟ ਬਣਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ' । ਮੈਂ ਜੁਰਾਬਾਂ ਬਣਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਅਸੀਂ ਇਹ ਕੰਮ ਹੋਰ ਥਾਵਾਂ 'ਤੇ ਬਹੁਤ ਵਧੀਆ ਢੰਗ ਨਾਲ ਕਰ ਸਕਦੇ ਹਾਂ। ਅਸੀਂ ਚਿਪਸ, ਕੰਪਿਊਟਰ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ, ਟੈਂਕ ਅਤੇ ਜਹਾਜ਼ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ ਫੈਸਲੇ ਨੇ ਵਿਸ਼ਵ ਬਾਜ਼ਾਰਾਂ ਵਿੱਚ ਉਥਲ-ਪੁਥਲ ਮਚਾ ਦਿੱਤੀ ਹੈ। ਇਸ ਦੌਰਾਨ ਪਿਛਲੇ ਸ਼ੁੱਕਰਵਾਰ ਨੂੰ, ਟਰੰਪ ਨੇ 1 ਜੂਨ ਤੋਂ ਯੂਰਪੀ ਸੰਘ ਦੇ ਸਾਮਾਨ 'ਤੇ 50% ਟੈਰਿਫ ਲਗਾਉਣ ਲਈ ਫਿਰ ਜ਼ੋਰ ਪਾਇਆ ਅਤੇ ਐਪਲ ਨੂੰ ਚਿਤਾਵਨੀ ਦਿੱਤੀ ਕਿ ਉਹ ਅਮਰੀਕਾ ਤੋਂ ਆਯਾਤ ਕੀਤੇ ਗਏ ਆਈਫੋਨ 'ਤੇ 25% ਟੈਰਿਫ ਲਗਾ ਸਕਦਾ ਹੈ।

### ਵਿਦਿਆਰਥੀ ਵੀਜ਼ਾ ਇੰਟਰਵਿਊ 'ਤੇ ਪਾਬੰਦੀ

ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਇੰਟਰਵਿਊ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਕਦਮ ਸੋਸ਼ਲ ਮੀਡੀਆ ਖਾਤਿਆਂ ਦੀ ਡੂੰਘਾਈ ਨਾਲ ਜਾਂਚ ਨੂੰ ਲਾਜ਼ਮੀ ਬਣਾਉਣ ਦੀ ਯੋਜਨਾ ਦੇ ਹਿੱਸੇ ਵਜੋਂ ਚੁੱਕਿਆ ਗਿਆ ਹੈ। ਇਹ ਜਾਣਕਾਰੀ ਪੋਲੀਟੀਕੋ ਨੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਦਸਤਖਤ ਕੀਤੇ ਦਸਤਾਵੇਜ਼ਾਂ ਦਾ ਹਵਾਲਾ ਦਿੰਦੇ ਹੋਏ ਦਿੱਤੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਕਦਮ ਦੇ ਵਿਦਿਆਰਥੀ ਵੀਜ਼ਾ ਪ੍ਰਕਿਰਿਆ 'ਤੇ ਗੰਭੀਰ ਪ੍ਰਭਾਵ ਪੈ ਸਕਦੇ ਹਨ, ਜਿਸ ਨਾਲ ਬਹੁਤ ਸਾਰੀਆਂ ਅਮਰੀਕੀ ਯੂਨੀਵਰਸਿਟੀਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ ਜੋ ਵਿੱਤੀ ਤੌਰ 'ਤੇ ਵਿਹਾਰਕ ਰਹਿਣ ਲਈ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲਿਆਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀਆਂ ਹਨ। ਮਾਹਿਰਾਂ ਅਨੁਸਾਰ, ਟਰੰਪ ਪ੍ਰਸ਼ਾਸਨ ਨੇ ਇਹ ਕਦਮ ਰਾਸ਼ਟਰੀ ਸੁਰੱਖਿਆ ਅਤੇ ਰਾਜਨੀਤਿਕ ਰਣਨੀਤੀ ਦੇ ਮੱਦੇਨਜ਼ਰ ਚੁੱਕਿਆ ਹੈ।

### ਅਮਰੀਕੀ ਯੂਨੀਵਰਸਿਟੀਆਂ ਨੂੰ ਵਿੱਤੀ ਨੁਕਸਾਨ

ਇਸ ਫੈਸਲੇ ਦਾ ਅਮਰੀਕੀ ਵੀਜ਼ਾ ਪ੍ਰਕਿਰਿਆ 'ਤੇ ਅਸਰ ਪਵੇਗਾ। ਇਸ ਨਾਲ ਵਿਦੇਸ਼ੀ ਵਿਦਿਆਰਥੀਆਂ 'ਤੇ ਨਿਰਭਰ ਯੂਨੀਵਰਸਿਟੀਆਂ ਨੂੰ ਵਿੱਤੀ ਨੁਕਸਾਨ ਹੋ ਸਕਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਦੋਂ ਤੱਕ ਅਗਲੇ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤੇ ਜਾਂਦੇ, ੰ,ੱ ਅਤੇ ਝ ਵੀਜ਼ਾ (ਵਿਦੇਸ਼ੀ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ) ਲਈ ਨਵੇਂ ਇੰਟਰਵਿਊ ਤਹਿ ਨਹੀਂ ਕੀਤੇ ਜਾਣਗੇ। ਨਵੇਂ ਨਿਯਮ ਦੇ ਤਹਿਤ, ਗਾਜ਼ਾ ਵਿੱਚ ਇਜ਼ਰਾਈਲੀ ਫ਼ੌਜੀ ਕਾਰਵਾਈ ਦੇ ਵਿਰੋਧ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਦੀ ਵਿਸ਼ੇਸ਼ ਤੌਰ 'ਤੇ ਜਾਂਚ ਕੀਤੀ ਜਾਵੇਗੀ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Sri Guru Ravidass Temple Pittsburg - Upcoming Programs



**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**

The following programs will be celebrated at the Gurdwara Sahib:

**June 8, 2025,**

**Sukhamni Sahib Path by Bhai Yaspal Loe**

Bhai Yashpal Loe and family will be hosting Sukhmani Sahib Path and Langar Sewa to celebrate birth of their grandson, Rihaan Loe, on Sunday, June 8, 2025.

May Guru Sahib bless very dedicated Loe Family and grant long, happy and healthy life to Rihaan..

**June 27-28-29, 2025,**

**Pittsburg Gurughar's 40th Anniversary**

Sri Guru Ravidass Temple Pittsburg's 40th inception day will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday, 6/29/2025. Jatha of Bhai Kapoor Singh ji - Khanne Wale, along with Jatha of Giani Balwinder Singh ji will delight Sangat with Shabad Kirtan. Path and Langar Sewa will be hosted by Guru Ki Sangat.

Nishan Sahib Chola Sewa will be hosted by S. Balbir Singh ji on Saturday, June 28, 2025, at 11:00 AM. Kirtan Deewan will be from 6:00 PM to 8:00 PM on Saturday.

There will be a health camp on Sunday from 10:00 AM to 1:00 PM. Doctors and nurses will be available to help with any health questions or issues.

We are extremely thankful to our founding members for creating this place of worship for the community.

For stalls or any langar Sewa, please contact Chairman Vinod Kumar at 408-718-2506 or President Sunita Singh at 415—233-3319.

Sukhmani Sahib Path is on every Wednesday at 5:30 PM.

Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.

**"NANAK NAM CHARDI KALA TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguru````avidasstemple.com



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

# ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦਾ ਦੇਹਾਂਤ

**ਚੰਡੀਗੜ੍ਹ/ਮਾਨਸਾ–** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ (89) ਦਾ ਦੇਹਾਂਤ ਹੋ ਗਿਆ ਹੈ। ਉਹ ਫੇਫੜਿਆਂ ਦੀ ਇਨਫੈਕਸ਼ਨ ਤੋਂ ਪੀੜਤ ਸਨ ਅਤੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਸਨ। ਅਕਾਲੀ ਆਗੂ ਦੇ ਅਕਾਲ ਚਲਾਣੇ ਸਬੰਧੀ ਖ਼ਬਰ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੇ ਮਾਨਸਾ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ ਨਾਲ ਸਾਂਝੀ ਕੀਤੀ ਹੈ। ਸਾਲ 2019 ਵਿਚ ਉਨ੍ਹਾਂ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਵੀ ਰਹਿ ਚੁੱਕੇ ਸਨ। ਸ੍ਰੀ ਢੀਂਡਸਾ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲੇ ਆ ਰਹੇ ਸਨ। ਢੀਂਡਸਾ, ਸ਼੍ਰੋਮਣੀ ਅਕਾਲੀ ਦਲ ਦੇ ਕੱਦਾਵਰ ਨੇਤਾਵਾਂ 'ਚੋਂ ਇੱਕ ਸਨ ਜਿਨ੍ਹਾਂ ਦੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨਾਲ ਲੰਮੀ ਸਿਆਸੀ ਯਾਤਰਾ ਰਹੀ ਹੈ।

ਢੀਂਡਸਾ ਵਾਜਪਾਈ ਸਰਕਾਰ ਵਿਚ 2000 ਤੋਂ ਸਾਲ 2004 ਤੱਕ ਕੇਂਦਰੀ ਮੰਤਰੀ ਰਹੇ। ਉਨ੍ਹਾਂ ਦਾ ਪੰਜਾਬ ਵਿਧਾਨ ਸਭਾ 'ਚ ਲੰਮਾ ਤਜਰਬਾ ਰਿਹਾ। ਸੰਗਰੂਰ ਜ਼ਿਲ੍ਹੇ ਦੇ ਪਿੰਡ ਉਭਾਵਾਲ ਵਿੱਚ ਜਨਮੇ ਢੀਂਡਸਾ ਸਰਕਾਰੀ



ਰਣਬੀਰ ਕਾਲਜ ਸੰਗਰੂਰ ਦੀ ਸਟੂਡੈਂਟ ਕੌਂਸਲ ਦੇ ਸਕੱਤਰ ਵੀ ਚੁਣੇ ਗਏ ਸਨ। ਤਤਕਾਲੀ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਢੀਂਡਸਾ ਨੂੰ 11 ਮਾਰਚ 2019 ਨੂੰ ਰਾਸ਼ਟਰਪਤੀ ਭਵਨ ਵਿੱਚ ਪਦਮ ਭੂਸ਼ਨ ਨਾਲ ਸਨਮਾਨਿਆ ਸੀ।

ਢੀਂਡਸਾ ਨੇ 1972 ਵਿੱਚ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤ ਕੇ ਪੰਜਾਬ ਵਿਧਾਨ ਸਭਾ ਵਿੱਚ ਪੈਰ ਪਾਇਆ ਸੀ। ਉਸ ਮਗਰੋਂ ਉਨ੍ਹਾਂ ਨੇ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ ਸੀ। ਫਿਰ ਉਨ੍ਹਾਂ ਨੇ ਅਕਾਲੀ ਉਮੀਦਵਾਰ ਵਜੋਂ ਸੁਨਾਮ ਹਲਕੇ ਤੋਂ ਜਿੱਤ ਹਾਸਲ ਕੀਤੀ ਅਤੇ ਰਾਜ ਮੰਤਰੀ ਬਣੇ ਸਨ। 1980 ਵਿੱਚ ਉਹ ਸੰਗਰੂਰ ਹਲਕੇ ਤੋਂ ਚੋਣ ਜਿੱਤੇ ਅਤੇ 1985 ਵਿੱਚ ਸੁਨਾਮ ਹਲਕੇ ਤੋਂ ਮੁੜ ਚੋਣ ਜਿੱਤੇ ਸਨ। ਉਨ੍ਹਾਂ ਨੇ ਸੰਗਰੂਰ ਲੋਕ ਸਭਾ ਹਲਕੇ ਤੋਂ ਵੀ ਜਿੱਤ ਹਾਸਲ ਕਰਕੇ 14ਵੀਂ ਲੋਕ ਸਭਾ ਵਿੱਚ ਨੁਮਾਇੰਦਗੀ ਕੀਤੀ। ਉਹ ਸਾਲ 1998 ਤੋਂ 2004 ਤੱਕ ਰਾਜ ਸਭਾ ਮੈਂਬਰ ਵੀ ਰਹੇ। ਪਿਛਲੇ ਸਮੇਂ ਦੌਰਾਨ ਉਹ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਗਏ ਸਨ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੀ ਬਣਾਇਆ।

# ਬਾਬਿਆਂ ਦੇ ਚੱਕਰਾਂ 'ਚ ਢਾਈ ਮਹੀਨੇ ਦੇ ਪੁੱਤ ਨੂੰ ਦਿੱਤੀ ਦਰਦਨਾਕ ਮੌਤ

ਮਹਿਮ– ਮੰਗਲਵਾਰ ਦੁਪਹਿਰ ਨੂੰ ਪਿੰਡ ਅਜਾਇਬ ਵਿੱਚ ਢਾਈ ਮਹੀਨੇ ਦੇ ਜੈਵਿਕ ਦੀ ਪਾਣੀ ਦੇ ਡਰੰਮ ਵਿੱਚ ਡੁੱਬਣ ਨਾਲ ਮੌਤ ਹੋ ਗਈ। ਜੈਵਿਕ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਜੈਵਿਕ ਦੀ ਹੱਤਿਆ ਵਾਲੀ ਜਗ੍ਹਾ ਤੋਂ ਇੱਕ ਤਾਂਤਰਿਕ ਦਾ ਨੁਸਖ਼ਾ ਵੀ ਮਿਲਿਆ ਹੈ। ਅਜਿਹੀ ਸਥਿਤੀ ਵਿੱਚ ਪੁਲਿਸ ਪੂਰੇ ਮਾਮਲੇ ਨੂੰ ਤਾਂਤਰਿਕ ਰਸਮਾਂ ਨਾਲ ਜੁੜਿਆ ਹੋਇਆ ਦੇਖ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜੈਵਿਕ ਦੀ ਮਾਂ ਪ੍ਰਿਯੰਕਾ ਇਸ ਸਮੇਂ ਪੀਜੀਆਈਐਮਐਸ ਵਿੱਚ ਇਲਾਜ ਅਧੀਨ ਹੈ। ਉਸਦੇ ਠੀਕ ਹੋਣ ਤੋਂ ਬਾਅਦ ਹੀ, ਅਸੀਂ ਅਪਰਾਧ ਕਰਨ ਵਾਲੀਆਂ ਔਰਤਾਂ ਬਾਰੇ ਸਹੀ ਢੰਗ ਨਾਲ ਜਾਣ ਸਕਾਂਗੇ। ਪੁਲਿਸ ਟੀਮਾਂ ਪਿੰਡ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਖੋਜ ਕਰਨ ਵਿੱਚ ਰੁੱਝੀਆਂ ਹੋਈਆਂ ਹਨ। ਪਿੰਡ ਅਜਾਇਬ ਦਾ ਰਹਿਣ ਵਾਲਾ ਮੋਹਿਤ ਪ੍ਰਜਾਪਤੀ, ਜੁਲਾਨਾ ਵਿੱਚ ਇੱਕ



ਬਿਜਲੀ ਦੀ ਦੁਕਾਨ 'ਤੇ ਕੰਮ ਕਰਦਾ ਹੈ। ਮੋਹਿਤ ਦੀਆਂ ਦੋ ਧੀਆਂ ਹਨ।

ਹੁਣ ਦੋ ਧੀਆਂ ਦੇ ਜਨਮ ਤੋਂ ਬਾਅਦ ਪੁੱਤਰ ਜੈਵਿਕ ਦਾ ਜਨਮ ਹੋਇਆ ਸੀ। ਇਸ ਤੋਂ ਬਾਅਦ ਪੂਰੇ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਬਣ ਗਿਆ। ਮੰਗਲਵਾਰ ਦੁਪਹਿਰ ਨੂੰ ਵਾਪਰੀ ਘਟਨਾ ਨੇ ਖੁਸ਼ੀ ਨੂੰ ਸੋਗ ਵਿੱਚ ਬਦਲ ਦਿੱਤਾ। ਮੋਹਿਤ ਦੀ ਮਾਂ ਆਂਗਣਵਾੜੀ ਵਿੱਚ ਕੰਮ ਕਰਦੀ ਹੈ। ਘਟਨਾ ਸਮੇਂ ਜਦੋਂ ਇੱਕ ਬਾਹਰੀ ਔਰਤ ਆਈ ਤਾਂ ਜਵਾਈਕ ਦੀ ਦਾਦੀ ਆਂਗਣਵਾੜੀ ਗਈ ਹੋਈ ਸੀ। ਘਰ ਵਿੱਚ ਸਿਰਫ਼ ਮਾਂ ਅਤੇ ਪੁੱਤਰ ਹੀ ਸਨ। ਸਰਪੰਚ ਪ੍ਰਤੀਨਿਧੀ ਧਰਮਿੰਦਰ ਨੇ ਕਿਹਾ ਕਿ ਇਹ ਪਰਿਵਾਰ ਬਹੁਤ ਹੀ ਵਧੀਆ ਪਰਿਵਾਰ ਹੈ। ਦੋ ਭੈਣਾਂ ਤੋਂ ਬਾਅਦ ਇੱਕ ਭਰਾ ਪੈਦਾ ਹੋਇਆ ਅਤੇ ਉਸ ਨੂੰ ਚੁੱਕ ਕੇ ਲੈ ਗਏ, ਜੋ ਵੀ ਕਾਤਲ ਹੈ ਉਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

# ਵੱਧ ਰਹੀ ਹੈ ਕੈਨੇਡੀਅਨ ਲੋਕਾਂ ਦੇ ਸਿਰ 'ਤੇ ਕਰਜ਼ੇ ਦੀ ਪੰਡ



**ਟੋਰਾਂਟੋ–** ਕੋਰੋਨਾ ਮਹਾਮਾਰੀ ਤੋਂ ਬਾਅਦ ਲੀਹੋਂ-ਲੱਥੀ ਕੈਨੇਡੀਅਨ ਅਰਥਵਿਵਸਥਾ ਦੇ ਮੁੜ ਪੱਟੜੀ 'ਤੇ ਚੜ੍ਹਨ ਦੀ ਉਮੀਦ ਨੂੰ ਜਿੱਥੇ ਵਿਸ਼ਵ ਜੰਗਾਂ ਕਾਰਨ ਪ੍ਰਭਾਵਿਤ ਹੋਈ ਨੇ ਮੱਠਾ ਪਾਇਆ, ਉਥੇ ਰਹਿੰਦੀ ਕਸਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਟੈਰਿਫ ਦੀ ਛੇੜੀ ਗਈ ਅਣਕਿਆਸੀ ਜੰਗ ਨੇ ਕੈਨੇਡੀਅਨ ਲੋਕਾਂ ਦੀ ਆਰਥਿਕ ਸਮਰੱਥਾ ਨੂੰ ਵੱਡਾ ਖੋਰਾ ਲਾਇਆ ਹੈ । ਮੌਜੂਦਾ ਅਸਥਿਰਤਾ ਵਾਲੇ ਹਾਲਾਤ 'ਚ ਕੈਨੇਡਾ ਦੀ ਵਕਾਰੀ ਕਰੈਡਿਟ ਏਜੰਸੀ ਏਕੁਫੈਕਸ ਵੱਲੋਂ ਇਸ ਸੰਬੰਧੀ ਜਾਰੀ ਕੀਤੀ ਗਈ ਰਿ-ਪੋਰਟ 'ਚ ਅਹਿਮ ਖੁਲਾਸੇ ਕੀਤੇ ਗਏ ਹਨ।

ਰਿਪੋਰਟ 'ਚ ਖੁਲਾਸਾ ਕੀਤਾ ਗਿਆ ਹੈ ਕਿ ਇਸ ਸਾਲ ਦੀ ਪਹਿਲੀ ਤਿਮਾਹੀ 'ਚ ਕੈਨੇਡੀਅਨ ਲੋਕਾਂ ਵੱਲੋਂ ਕਰਜ਼ੇ ਦੀਆਂ ਕਿਸ਼ਤਾਂ ਟੁੱਟ ਜਾਣ ਦੀ ਦਰ 'ਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ। ਏਜੰਸੀ ਦਾ ਕਹਿਣਾ ਹੈ ਕਿ ਸਾਲ ਦੀ ਪਹਿਲੀ ਤਿਮਾਹੀ 'ਚ 1।4 ਮਿਲੀਅਨ ਦੇ ਕਰੀਬ ਕੈਨੇਡੀਅਨ ਲੋਕਾਂ ਵੱਲੋਂ ਆਪਣੇ ਕਰਜ਼ੇ ਦੀਆਂ ਕਿਸ਼ਤਾਂ ਨਹੀਂ ਤਾਰੀਆਂ ਜਾ ਸਕੀਆਂ। ਏਜੰਸੀ ਦੇ ਮੀਤ ਪ੍ਰਧਾਨ ਰਬੇਕਾ ਓਕਸ ਨੇ ਦੱਸਿਆ ਹੈ ਕਿ ਇਸਦੇ ਕੁਝ ਮੁੱਖ ਕਾਰਨ ਹੋ ਸਕਦੇ ਹਨ ਕਿ ਲੋਕਾਂ ਦੇ ਰੁਜ਼ਗਾਰ ਖੁੱਸ ਰਹੇ ਹਨ, ਦੇਸ਼ 'ਚ ਅਸਥਿਰਤਾ ਦਾ ਮਾਹੌਲ ਅਤੇ ਦੇਸ਼ ਦੇ ਵੱਡੇ ਵਪਾਰਕ ਭਾਈਵਾਲ਼ ਅਮਰੀਕਾ ਵੱਲੋਂ ਛੇੜੀ ਗਈ ਅਣਕਿਆਸੀ ਵਪਾਰਕ ਜੰਗ ਆਦਿ ਹਨ ।

ਏਜੰਸੀ ਦਾ ਮੰਨਣਾ ਹੈ ਕਿ ਭਾਵੇਂ ਕੈਨੇਡੀਅਨ ਲੋਕਾਂ 'ਚ ਖਰਚ ਕਰਨ ਦਾ ਰੁਝਾਨ ਅੱਗੇ ਨਾਲੋਂ ਘਟਿਆ ਹੈ ਪਰ ਫਿਰ ਵੀ ਪਹਿਲਾਂ ਤੋਂ ਹੀ ਚੁੱਕੇ ਗਏ ਕਰਜ਼ੇ ਦੀਆਂ ਕਿਸ਼ਤਾਂ ਦੀ ਅਦਾਇਗੀ ਟੁੱਟ ਰਹੀ ਹੈ। ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਘਰਾਂ ਦੇ ਕਰਜ਼ੇ ਤੋਂ ਇਲਾਵਾ ਹੋਰ ਕਰਜ਼ਿਆਂ ਦੀ ਅਦਾਇਗੀ ਟੁੱਟਣ ਦੀ ਦਰ 'ਚ 8।9 ਫ਼ੀਸਦੀ ਵਾਧਾ ਹੋਇਆ ਹੈ ਜਦੋਂ ਕਿ ਮੌਰਟਗੇਜ ਦੀ ਅਦਾਇਗੀ ਟੁੱਟਣ ਦੇ ਮਾਮਲਿਆਂ 'ਚ ਵੀ 6.5 ਫ਼ੀਸਦੀ ਵਾਧਾ ਹੋਇਆ ਹੈ ।

ਸਾਲ ਦੀ ਪਹਿਲੀ ਤਿਮਾਹੀ ਵਿੱਚ ਹੀ ਕੈਨੇਡਾ ਦੇ ਲੋਕਾਂ ਦੇ ਕੁੱਲ ਕਰਜ਼ੇ 'ਚ 2.55 ਟ੍ਰਿਲੀਅਨ ਦਾ ਵਾਧਾ ਦਰਜ ਹੋਇਆ ਹੈ। ਜੇ ਓਨਟਾਰੀਓ ਦੀ ਗੱਲ ਕਰੀਏ ਤਾਂ ਇੱਥੇ ਲੋਕਾਂ ਦੀ ਘਰਾਂ ਦੇ ਕਰਜ਼ੇ ਦੀ ਅਦਾਇਗੀ ਖੁੰਝਣ 'ਚ 71.5 ਫ਼ੀਸਦੀ ਵਾਧਾ ਹੋਇਆ ਹੋਇਆ ਜੋ ਪਿਛਲੇ ਸਾਲ ਦੇ 0.14 ਤੋਂ 0.24 ਤੱਕ ਬਣਦਾ ਹੈ ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਫਾਰੂਕ ਅਬਦੁੱਲਾ ਨੇ ਅਮਰਨਾਥ ਯਾਤਰਾ ਸਬੰਧੀ ਲੋਕਾਂ ਨੂੰ ਕੀਤੀ ਅਪੀਲ

**ਸ਼੍ਰੀਨਗਰ–** ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਡਾ. ਫਾਰੂਕ ਅਬਦੁੱਲਾ ਨੇ ਸ਼੍ਰੀ ਅਮਰਨਾਥ ਯਾਤਰਾ ਲਈ ਸ਼ਰਧਾਲੂਆਂ ਨੂੰ ਸੱਦਾ ਦਿੱਤਾ ਹੈ। ਪਹਿਲਗਾਮ ਵਿਚ, ਉਨ੍ਹਾਂ ਨੇ ਸੈਰ-ਸਪਾਟੇ 'ਤੇ ਨਿਰਭਰਤਾ ਘਟਾਉਣ ਅਤੇ ਟਿਕਾਊ ਕਾਰੋਬਾਰ 'ਤੇ ਧਿਆਨ ਕੇਂਦਰਿਤ ਕਰਨ ਬਾਰੇ ਗੱਲ ਕੀਤੀ। ਉਨ੍ਹਾਂ ਨੇ ਬੈਸਰਨ ਘਾਟੀ ਵਿਚ ਹੋਏ ਅੱਤਵਾਦੀ ਹਮਲੇ ਦੀ ਨਿੰਦਾ ਕੀਤੀ ਅਤੇ ਕੇਂਦਰ ਸਰਕਾਰ ਨੂੰ ਪਾਕਿਸਤਾਨ ਨੂੰ ਬੇਨਕਾਬ ਕਰਨ ਲਈ ਸ਼ਾਂਤੀ ਦਾ ਸੰਦੇਸ਼ ਭੇਜਣ ਦੀ ਅਪੀਲ ਕੀਤੀ। ਫਾਰੂਕ ਅਬਦੁੱਲਾ ਨੇ ਅਮਰਨਾਥ ਯਾਤਰਾ ਲਈ ਸ਼ਰਧਾਲੂਆਂ ਨੂੰ ਸੱਦਾ ਭੇਜਿਆ।



ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਡਾ। ਫਾਰੂਕ ਅਬਦੁੱਲਾ ਨੇ ਸ਼੍ਰੀ ਅਮਰਨਾਥ ਦੀ ਸਾਲਾਨਾ ਯਾਤਰਾ ਲਈ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਸੱਦਾ ਦਿੱਤਾ ਅਤੇ ਕਿਹਾ ਕਿ ਭੋਲੇ ਨਾਥ ਇੱਥੇ ਤੁਹਾਡੀ ਉਡੀਕ ਕਰ ਰਿਹਾ ਹੈ।

ਇਸ ਦੇ ਨਾਲ ਹੀ, ਉਨ੍ਹਾਂ ਸਥਾਨਕ ਲੋਕਾਂ ਨੂੰ ਕਿਹਾ ਕਿ ਸਾਨੂੰ ਆਪਣੀ ਆਰਥਿਕਤਾ ਲਈ ਸੈਰ-ਸਪਾਟੇ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ। ਜੇਕਰ ਸਾਨੂੰ ਇਸ ਰਾਜ ਨੂੰ ਅੱਗੇ ਵਧਾਉਣਾ ਹੈ, ਤਾਂ ਸਾਨੂੰ ਉਨ੍ਹਾਂ ਟਿਕਾਊ ਵਪਾਰਕ ਖੇਤਰਾਂ ਵਿੱਚ ਅੱਗੇ ਵਧਣਾ ਪਵੇਗਾ, ਜੋ ਸਾਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਦੇ ਸਮਰੱਥ ਹਨ। ਪਹਿਲਗਾਮ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ, ਡਾ। ਫਾਰੂਕ ਅਬਦੁੱਲਾ ਨੇ ਬੈਸਰਨ ਘਾਟੀ ਵਿੱਚ ਅੱਤਵਾਦੀ ਹਮਲੇ ਅਤੇ ਉਸ ਤੋਂ ਬਾਅਦ ਪਾਕਿਸਤਾਨੀ ਗੋਲੀਬਾਰੀ ਕਾਰਨ ਜੰਮੂ-ਕਸ਼ਮੀਰ ਦੇ ਸੈਰ-ਸਪਾਟੇ ਨੂੰ ਹੋਏ ਨੁਕਸਾਨ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਕਸ਼ਮੀਰ ਬਿਨਾਂ ਸ਼ੱਕ ਦੁਨੀਆ ਦੀ ਸਭ ਤੋਂ ਸੁੰਦਰ ਜਗ੍ਹਾ ਹੈ। ਦੁਨੀਆ ਭਰ ਦੇ ਸੈਲਾਨੀ ਇੱਥੇ ਆਉਣਾ ਚਾਹੁੰਦੇ ਹਨ, ਇੱਥੇ ਸੈਰ-ਸਪਾਟੇ ਵਿੱਚ ਵੱਡੀ ਸੰਭਾਵਨਾ ਹੈ, ਪਰ ਇਸ ਨਾਲ ਸਮੱਸਿਆ ਇਹ ਹੈ ਕਿ ਜੇਕਰ ਕਿਤੇ ਗੋਲੀ ਚੱਲੀ ਜਾਵੇ ਤਾਂ ਲੋਕ ਭੱਜ ਜਾਂਦੇ ਹਨ।

ਮੈਂ ਕਾਰਗਿਲ ਵਿਚ ਦੇਖਿਆ, ਲੋਕ ਭੱਜ ਗਏ। ਇਹ ਸਾਡੀ ਸਰਕਾਰ ਸੀ। ਲੋਕਾਂ ਨੇ ਆਪਣਾ ਸਮਾਨ ਗਿਰਵੀ ਰੱਖਿਆ, ਆਪਣੇ ਹੋਟਲਾਂ ਦੀ ਮੁਰੰਮਤ ਲਈ ਬੈਂਕ ਕਰਜ਼ੇ ਲਏ, ਟੈਕਸੀ ਡਰਾਈਵਰਾਂ ਨੇ ਟੈਕਸੀਆਂ ਖਰੀਦੀਆਂ। ਸਾਰਿਆਂ ਨੇ ਆਪਣੇ ਆਪ ਨੂੰ ਅੱਗੇ ਵਧਾਉਣ ਲਈ ਕਦਮ ਚੁੱਕੇ। ਪਿਛਲੇ ਕੁਝ ਸਾਲਾਂ ਤੋਂ ਇੱਥੇ ਸੈਰ-ਸਪਾਟਾ ਤੇਜ਼ੀ ਨਾਲ ਵਧ ਰਿਹਾ ਸੀ ਅਤੇ ਲੋਕ ਉਮੀਦ ਕਰ ਰਹੇ ਸਨ ਕਿ ਇਸ ਸਾਲ ਕਰੋੜਾਂ ਘਰੇਲੂ ਅਤੇ ਵਿਦੇਸ਼ੀ ਸੈਲਾਨੀ ਇੱਥੇ ਆਉਣਗੇ।

ਅੱਤਵਾਦੀਆਂ ਨੂੰ ਮਨੁੱਖਤਾ ਅਤੇ ਕਸ਼ਮੀਰੀਅਤ ਦਾ ਸਭ ਤੋਂ ਵੱਡਾ ਦੁਸ਼ਮਣ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਜਿਨ੍ਹਾਂ ਵਹਿਸ਼ੀ ਲੋਕਾਂ ਨੇ ਇਹ ਕਤਲ ਕੀਤਾ, ਉਨ੍ਹਾਂ ਨੇ ਇਹ ਸਭ ਨਹੀਂ ਦੇਖਿਆ, ਉਨ੍ਹਾਂ ਨੇ ਇਹ ਨਹੀਂ ਦੇਖਿਆ ਕਿ ਇਨ੍ਹਾਂ ਮਾਸੂਮ ਲੋਕਾਂ ਦਾ ਕੀ ਹੋਵੇਗਾ? ਉਨ੍ਹਾਂ ਕੋਲ ਅੱਲ੍ਹਾ ਤੋਂ ਇਲਾਵਾ ਕੁਝ ਨਹੀਂ ਹੈ, ਇਹ ਸੁੰਦਰਤਾ (ਵਾਦੀ) ਹੀ ਹੈ ਜੋ ਇਨ੍ਹਾਂ ਮਾਸੂਮ ਲੋਕਾਂ ਨੂੰ ਮਿਲੀ ਹੈ ਅਤੇ ਉਹ ਇਸ ਤੋਂ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ।

ਉਨ੍ਹਾਂ ਕਿਹਾ ਕਿ ਪਹਿਲਗਾਮ ਹਮਲੇ ਦੀ ਨਿੰਦਾ ਕਾਫ਼ੀ ਨਹੀਂ ਕੀਤੀ ਜਾ ਸਕਦੀ। ਸਾਨੂੰ ਜੋ ਹੋਇਆ ਉਸ ਦਾ ਅਫ਼ਸੋਸ ਹੈ। ਇਸ ਵਿੱਚ ਸਾਡਾ ਕੋਈ ਕਸੂਰ ਨਹੀਂ ਹੈ, ਅਸੀਂ ਅਜਿਹਾ ਨਹੀਂ ਕੀਤਾ। ਮੈਂ ਪੂਰੇ ਦੇਸ਼ ਦੇ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਵਾਪਸ ਆਓ, ਅਸੀਂ ਤੁਹਾਡਾ ਇੰਤਜ਼ਾਰ ਕਰ ਰਹੇ ਹਾਂ। ਸਿਰਫ਼ ਸਾਡਾ ਹੀ ਨਹੀਂ, ਭੋਲੇਨਾਥ ਵੀ ਇੱਥੇ ਤੁਹਾਡਾ ਇੰਤਜ਼ਾਰ ਕਰ ਰਿਹਾ ਹੈ। ਸ਼੍ਰੀ ਅਮਰਨਾਥ ਯਾਤਰਾ ਹੋਣ ਵਾਲੀ ਹੈ, ਵੱਧ ਤੋਂ ਵੱਧ ਆਓ, ਹਰ ਜਗ੍ਹਾ ਤੋਂ ਆਓ, ਜਦੋਂ ਤੁਸੀਂ ਇੱਥੋਂ ਲੰਘ ਕੇ ਆਪਣੇ ਘਰ ਜਾਓ, ਤਾਂ ਦੱਸੋ ਕਿ ਤੁਸੀਂ ਕਿੰਨੀ ਸੁੰਦਰਤਾ ਦੇਖੀ ਹੈ ਅਤੇ ਲੋਕ ਇੱਥੇ ਕਿਵੇਂ ਉਡੀਕ ਕਰ ਰਹੇ ਹਨ।

ਕੇਂਦਰ ਸਰਕਾਰ ਵੱਲੋਂ ਪਾਕਿਸਤਾਨ ਨੂੰ ਬੇਨਕਾਬ ਕਰਨ ਲਈ ਵੱਖ-ਵੱਖ ਦੇਸ਼ਾਂ ਵਿੱਚ ਭੇਜੇ ਗਏ ਵਫ਼ਦਾਂ ਬਾਰੇ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਭੇਜੇ ਗਏ ਵਫ਼ਦਾਂ, ਅੱਲ੍ਹਾ ਬਖਸ਼ੇ ਕਿ ਉਹ ਇਹ ਸੰਦੇਸ਼ ਵੀ ਲੈਣ ਕਿ ਅਸੀਂ ਸ਼ਾਂਤੀ ਚਾਹੁੰਦੇ ਹਾਂ। ਅਸੀਂ ਜੰਗ ਨਹੀਂ ਚਾਹੁੰਦੇ। ਅੱਲ੍ਹਾ ਦੀ ਖ਼ਾਤਰ, ਬੇਕਸੂਰ ਲੋਕਾਂ ਨੂੰ ਮਾਰਨਾ ਬੰਦ ਕਰੋ।

# ਫਿਲਾਡੈਲਫੀਆ ਵਿਚ ਹੋਈ ਗੋਲੀਬਾਰੀ ਵਿਚ 2 ਮੌਤਾਂ ਤੇ 9 ਹੋਰ ਜਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਫਿਲਾਡੈਲਫੀਆ ਦੇ ਫੇਅਰਮਾਊਂਟ ਪਾਰਕ ਵਿਚ ਹੋਈ ਗੋਲੀਬਾਰੀ ਵਿਚ 2 ਲੋਕਾਂ ਦੇ ਮਾਰੇ ਜਾਣ ਤੇ 9 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਫਿਲਾਡੈਲਫੀਆ ਦੇ ਪੁਲਿਸ ਕਮਿਸ਼ਨਰ ਕੈਵਿਨ ਬੈਥਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੋਲੀਬਾਰੀ ਦੀ ਘਟਨਾ ਰਾਤ 10.27 ਵਜੇ ਵਾਪਰੀ। ਉਨਾਂ ਕਿਹਾ ਕਿ ਇਸ ਗੋਲੀਬਾਰੀ ਵਿਚ ਇਕ ਵਿਅਕਤੀ ਤੇ ਇਕ ਔਰਤ ਮਾਰੇ ਗਏ ਜਦ ਕਿ ਜਖਮੀਆਂ ਵਿਚ 3



ਨਬਾਲਗ ਹਨ ਜਿਨਾਂ ਦੀ ਉਮਰ 15 ਤੋਂ 17 ਸਾਲਾਂ ਦੇ ਦਰਮਿਆਨ ਹੈ। ਉਨਾਂ ਕਿਹਾ ਕਿ ਨੌਜਵਾਨਾਂ ਦੇ ਵੱਖ ਵੱਖ ਧੜਿਆਂ ਵੱਲੋਂ ਕਈ ਗੋਲੀਆਂ ਚਲਾਈਆਂ ਗਈਆਂ। ਉਨਾਂ ਕਿਹਾ ਕਿ ਅਜੇ ਤੱਕ ਇਸ ਮਾਮਲੇ ਵਿਚ ਕੋਈ ਹਥਿਆਰ ਬਰਾਮਦ ਨਹੀਂ ਹੋਇਆ ਹੈ ਤੇ ਨਾ ਹੀ ਕਿਸੇ ਦੀ ਗ੍ਰਿਫਤਾਰੀ ਹੋਈ ਹੈ। ਜਦੋਂ ਇਹ ਪੁੱਛਿਆ ਗਿਆ ਕਿ ਗੋਲੀਬਾਰੀ ਲਈ ਜਿੰਮੇਵਾਰ ਇਕ ਵਿਅਕਤੀ ਹੈ ਜਾਂ ਜਿਆਦਾ ਤਾਂ ਬੈਥਲ ਨੇ ਕਿਹਾ ਕਿ ਫਿਲਹਾਲ ਇਸ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਪਿੰਡਾਂ ਦੇ ਵਿਕਾਸ ਤੇ ਲੋਕਾਂ ਦੀਆਂ ਸ਼ਿਕਾਇਤਾਂ ਸੁਲਝਾਉਣ ਲਈ ਸਹਾਈ ਸਾਬਤ ਹੋ ਰਹੀਆਂ ਲੋਕ ਮਿਲਣੀਆਂ-ਮੁੱਖ ਮੰਤਰੀ

**ਧੂਰੀ (ਸੰਗਰੂਰ), (ਦਲਜੀਤ ਕੌਰ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪਿੰਡਾਂ ਵਿੱਚ ਲੋਕ ਮਿਲਣੀਆਂ ਦਾ ਉਦੇਸ਼ ਵਿਕਾਸ ਗਤੀ ਵਿੱਚ ਤੇਜ਼ੀ ਲਿਆਉਣ ਅਤੇ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤ ਪ੍ਰਦਾਨ ਕਰਨਾ ਹੈ।

ਅੱਜ ਇੱਥੇ ਭੁੱਲਰਹੇੜੀ, ਭਲਵਾਨ, ਧੂਰਾ, ਭੱਦਲਵੱਡ ਅਤੇ ਪਲਾਸੌਰ ਪਿੰਡਾਂ




ਦੀਆਂ ਪੰਚਾਇਤਾਂ ਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੇਂਡੂ ਇਲਾਕੇ ਦੇ ਵਿਕਾਸ ਨੂੰ ਹੋਰ ਹੁਲਾਰਾ ਦੇਣ ਲਈ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਨਾ ਸਮੇਂ ਦੀ ਲੋੜ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਜਨਤਕ ਭਲਾਈ ਨੂੰ ਯਕੀਨੀ ਬਣਾਉਣ ਅਤੇ ਪਿੰਡਾਂ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਵਿਆਪਕ ਕਾਰਜ ਆਮ ਲੋਕਾਂ ਦੇ ਸਰਗਰਮ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਸੂਬੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਨਿਯਮਤ ਤੌਰ 'ਤੇ ਨਿਗਰਾਨੀ ਰੱਖਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਕੰਮ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ। ਉਨ੍ਹਾਂ ਨੇ ਪੰਚਾਇਤੀ ਨੁਮਾਇੰਦਿਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਪਿੰਡਾਂ ਦੇ ਵਿਕਾਸ ਨੂੰ ਹੁਲਾਰਾ ਦੇਣ ਸਬੰਧੀ ਸੂਬਾ ਸਰਕਾਰ ਦੇ ਠੋਸ ਯਤਨਾਂ ਨੂੰ ਉਨ੍ਹਾਂ ਦੀ ਸਹਾਇਤਾ ਅਤੇ ਮਾਰਗਦਰਸ਼ਨ ਨਾਲ ਸਫਲ ਬਣਾਇਆ ਜਾਵੇ। ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਜ਼ਮੀਨੀ ਹਕੀਕਤਾਂ ਤੋਂ ਜਾਣੂ ਕਰਵਾਉਣ ਲਈ ਵਾਰ-ਵਾਰ ਖੇਤਰੀ ਦੌਰੇ ਕਰਨ ਲਈ ਵੀ ਕਿਹਾ ਤਾਂ ਜੋ ਪਿੰਡਾਂ ਦੇ ਵਿਕਾਸ ਨੂੰ ਵਿਆਪਕ ਪੱਧਰ 'ਤੇ ਹੁਲਾਰਾ ਦਿੱਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀ ਬਹੁਗਿਣਤੀ ਪਿੰਡਾਂ ਵਿੱਚ ਰਹਿੰਦੀ ਹੈ, ਇਸ ਲਈ ਸੂਬਾ ਸਰਕਾਰ ਪਿੰਡਾਂ ਵਿੱਚ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪਿੰਡਾਂ ਦੇ ਲੋਕਾਂ ਲਈ ਸ਼ਹਿਰਾਂ ਵਰਗੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀ ਕਿਸੇ ਵੀ ਸਰਕਾਰ ਨੇ ਪਿੰਡ



# ਅਮਰੀਕਾ ਦੀ ਜੇਲ ਵਿਚੋਂ ਫਰਾਰ ਹੋਏ ਕੈਦੀਆਂ ਦੀ ਮੱਦਦ ਕਰਨ ਦੇ ਦੋਸ਼ਾਂ ਤਹਿਤ 7 ਗ੍ਰਿਫਤਾਰ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੋਈ ਹਫਤੇ ਤੋਂ ਵੀ ਵਧ ਸਮਾਂ ਪਹਿਲਾਂ ਲੋਇਸਿਆਨਾ ਦੀ ਨਿਊ ਰਲੀਨਜ ਜੇਲ ਵਿਚੋਂ ਫਰਾਰ ਹੋਏ 10 ਕੈਦੀਆਂ ਵਿਚੋਂ 5 ਅਜੇ ਵੀ ਪੁਲਿਸ ਦੇ ਕਾਬੂ ਨਹੀਂ ਆਏ ਜਦ ਕਿ ਕੈਦੀਆਂ ਦੀ ਫਰਾਰ ਹੋਣ ਵਿਚ ਮੱਦਦ ਕਰਨ ਦੇ ਦੋਸ਼ਾਂ ਤਹਿਤ 7 ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ। ਲੋਇਸਿਆਨਾ ਅਟਾਰਨੀ ਜਨਰਲ ਲਿਜ਼ ਮੁਰਿਲ ਨੇ ਕਿਹਾ ਹੈ ਕਿ ਗ੍ਰਿ- ਫਤਾਰ ਵਿਅਕਤੀਆਂ ਵਿਚ ਇਕ ਕੈਦੀ ਟਰੈਵਨ ਵਿਲੀਅਮਜ ਵੀ ਸ਼ਾਮਿਲ ਹੈ ਜੋ ਖੁਦ ਫਰਾਰ ਨਹੀਂ ਹੋਇਆ ਪਰੰਤੂ ਉਸ ਨੇ ਸਾਥੀਆਂ ਦੀ ਭੱਜਣ ਵਿਚ ਮੱਦਦ ਕੀਤੀ ਹੈ। ਇਸ ਤੋਂ ਇਲਾਵਾ ਇਕ ਜੇਲ ਮੁਲਾਜਮ ਸ਼ਾਮਿਲ ਹੈ। ਲੋਇਸਿਆਨਾ ਪੁਲਿਸ ਨੇ ਆਮ ਲੋਕਾਂ ਨੂੰ ਸਖਤ ਚਿਤਾਵਨੀ ਦਿੱਤੀ ਹੈ ਕਿ ਕੋਈ ਵੀ ਫਰਾਰ ਕੈਦੀਆਂ ਦੀ ਮੱਦਦ ਨਾ ਕਰੇ ਤੇ ਜੇਕਰ ਕੋਈ ਅਜਿਹਾ ਕਰੇਗਾ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਪੁਲਿਸ ਨੇ ਕਿਹਾ ਹੈ ਕਿ ਫਰਾਰ 5 ਕੈਦੀ ਜੋ ਅਜੇ ਪੁਲਿਸ ਦੀ ਪਹੁੰਚ ਤੋਂ ਬਾਹਰ ਹਨ, ਨੂੰ ਗ੍ਰਿਫਤਾਰ ਕਰਵਾਉਣ ਵਿੱਚ ਮੱਦਦ ਕੀਤੀ ਜਾਵੇ ਤੇ ਐਲਾਨਿਆ ਇਨਾਮ ਲਿਆ ਜਾਵੇ। ਜੋ ਕੈਦੀ ਅਜੇ ਕਾਬੂ ਨਹੀਂ ਕੀਤੇ ਜਾ ਸਕੇ, ਉਨਾਂ ਵਿਚ ਜਰਮੇਨ ਡੋਨਾਲਡ, ਡੈਰਿਕ ਗਰੋਵਸ,ਲਿ ਟੇਟ, ਲੈਨਟਨ ਵੈਨਬੁਰੇਨ ਤੇ ਐਨਟੋਇਨ ਮੈਸੀ ਸ਼ਾਮਿਲ ਹਨ। ਇਨਾਂ ਵਿਚੋਂ ਡੋਨਾਲਡ, ਵੈਨਬੁਰੇਨ ਤੇ ਗਰੋਵਸ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਦਰਜ ਹਨ।

# ਟਰੰਪ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਵੀਜੇ ਜਾਰੀ ਕਰਨ ਲਈ ਮੁਲਾਕਾਤ ਦਾ ਸਮਾਂ ਦੇਣ ਉਪਰ ਲਾਈ ਰੋਕ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਟਰੰਪ ਪ੍ਰਸ਼ਾਸਨ ਨੇ ਆਪਣੇ ਵਿਦੇਸ਼ਾਂ ਵਿਚਲੇ ਮਿਸ਼ਨਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਨਵੇਂ ਵਿਦਿਆਰਥੀਆਂ ਨੂੰ ਮੁਲਾਕਾਤ ਦਾ ਸਮਾਂ ਨਾ ਦੇਣ ਤੇ ਫਿਲਹਾਲ ਇਸ ਉਪਰ ਰੋਕ ਲਾ ਦੇਣ। ਇਕ ਅੰਦਰੂਨੀ ਸੰਦੇਸ਼ ਵਿਚ ਕਿਹਾ ਗਿਆ ਹੈ ਕਿ ਵਿਦੇਸ਼ ਵਿਭਾਗ ਵਿਦੇਸ਼ੀ ਵਿਦਿਆਰਥੀਆਂ ਦੇ ਸ਼ੋਸਲ ਮੀਡੀਆ ਪੁਨਰ ਨਰੀਖਣ ਦੇ ਵਿਸਥਾਰ ਉਪਰ ਕੰਮ ਕਰ ਰਿਹਾ ਹੈ। ਇਸ ਲਈ ਨਵੇਂ ਵਿਦਿਆਰਥੀਆਂ ਨੂੰ ਵੀਜੇ ਜਾਰੀ ਕਰਨ ਲਈ ਮੁਲਾਕਾਤ ਦਾ ਸਮਾਂ ਨਾ ਦਿੱਤਾ ਜਾਵੇ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੱਲੋਂ ਇਹ ਸੰਦੇਸ਼ ਜਾਰੀ ਕੀਤਾ ਗਿਆ ਹੈ। ਟਰੰਪ ਪ੍ਰਸ਼ਾਸਨ ਵੱਲੋਂ ਇਹ ਆਦੇਸ਼ ਦੇਸ਼ ਨਿਕਾਲੇ ਦੇ ਪ੍ਰੋਗਰਾਮ ਨੂੰ ਤੇਜ ਕਰਨ ਤੇ ਅਯੋਗ ਵਿਦਿਆਰਥੀਆਂ ਦੇ ਵੀਜੇ ਰਦ ਕਰਨ ਦਰਮਿਆਨ ਆਇਆ ਹੈ। ਇਸ ਆਦੇਸ਼ ਵਿਚ ਰੂਬੀਓ ਨੇ ਕਿਹਾ ਹੈ ਕਿ ਤਾਜਾ ਦਿਸ਼ਾ ਨਿਰਦੇਸ਼ ਤਹਿਤ ਜਿਨਾਂ ਵਿਦਿਆਰਥੀਆਂ ਨੂੰ ਮੁਲਾਕਾਤ ਦਾ ਸਮਾ ਦਿੱਤਾ ਜਾ ਚੁੱਕਾ ਹੈ, ਉਸ ਨੂੰ ਨਿਪਟਾਇਆ ਜਾਵੇ ਤੇ ਜਿਨਾਂ ਦਰਖਾਸਤਾਂ 'ਤੇ ਅਜੇ ਕੋਈ ਕਾਰਵਾਈ ਨਹੀਂ ਕੀਤੀ ਉਨਾਂ ਨੂੰ ਜਿਉਂ ਦਾ ਤਿਉਂ ਰਹਿਣ ਦਿੱਤਾ ਜਾਵੇ। ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਇਸ ਆਦੇਸ਼ ਉਪਰ ਕੋਈ ਟਿਪਣੀ ਕਰਨ ਤੋਂ ਨਾਂਹ ਕਰ ਦਿੱਤੀ ਹੈ ਪਰ ਕਿਹਾ ਹੈ ਕਿ ਅਮਰੀਕਾ ਉਹ ਹਰ ਸਾਧਨ ਦੀ ਵਰਤੋਂ ਕਰੇਗਾ ਜੋ ਕਿਸੇ ਵੀ ਉਸ ਵਿਅਕਤੀ ਦੇ ਨਰੀਖਣ ਵਿੱਚ ਸਹਾਈ ਹੋਵੇਗਾ ਜੋ ਅਮਰੀਕਾ ਆਉਣਾ ਚਹੁੰਦਾ ਹੈ। ਉਨਾਂ ਕਿਹਾ ਕਿ ਜੋ ਵੀ ਕੋਈ ਚਾਹੇ ਉਹ ਵਿਦਿਆਰਥੀ ਹੋਵੇ ਜਾਂ ਕੋਈ ਹੋਰ ਅਮਰੀਕਾ ਆਉਣਾ ਚਹੁੰਦਾ ਹੈ ਦੀ ਜਾਂਚ ਪੜਤਾਲ ਹੋਵੇਗੀ।




# ਸੈਨ ਡੀਏਗੋ ਵਿਚ ਇਕ ਛੋਟਾ ਜਹਾਜ਼ ਤਬਾਹ, 6 ਮੌਤਾਂ ਤੇ ਕਈ ਜਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਨ ਡੀਏਗੋ ਵਿਚ ਉਸ ਸਮੇ ਹਫੜਾ ਦਫੜੀ ਮਚ ਗਈ ਜਦੋਂ ਇਕ ਛੋਟਾ ਜਹਾਜ਼ ਬਿਜਲੀ ਦੀਆਂ ਤਾਰਾਂ ਨਾਲ ਟਕਰਾ ਕੇ ਘਰਾਂ ਉਪਰ ਆ ਡਿੱਗਾ। ਡਿਗਦਿਆਂ ਸਾਰ ਹੀ ਜਹਾਜ਼ ਨੂੰ ਅੱਗ ਲੱਗ ਗਈ। ਜਹਾਜ਼ ਵਿਚ ਸਵਾਰ ਸਾਰੇ 6



ਵਿਅਕਤੀ ਮਾਰੇ ਗਏ। ਏਅਰ ਟਰੈਫਿਕ ਕੰਟਰੋਲ ਅਨੁਸਾਰ ਸੈਸਨਾ 550 ਬਿਜਨਸ ਜੈੱਟ ਦੇ ਪਾਇਲਟ ਨੇ ਖਰਾਬ ਮੌਸਮ ਦਰਮਿਆਨ ਜਹਾਜ਼ ਨੂੰ ਉਤਾਰਨ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਸਫਲ ਨਹੀਂ ਹੋ ਸਕਿਆ। ਇਸ ਘਟਨਾ ਵਿਚ ਕੁਝ ਲੋਕ ਜ਼ਖਮੀ ਵੀ ਹੋਏ ਹਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਮਹਾਨ ਅਧਿਆਪਕ ਜਯੋਤੀਰਾਓ ਅਤੇ ਸਵਿਤਰੀਬਾਈ ਫੂਲੇ

ਭਾਰਤ ਵਿਚ ਸਿੱਖਿਆ ਦੀ ਹਾਲਤ ਅੱਜ ਵੀ ਬਹੁਤ ਤਰਸਯੋਗ ਹੈ ਅਤੇ ਇਸ ਤੋਂ ਪਹਿਲਾਂ ਵੀ ਬਹੁਤ ਮਾੜੇ ਹਾਲਾਤ ਰਹੇ ਹਨ। ਭਾਰਤ ਦੀ 90 ਫੀਸਦੀ ਤੋਂ ਜ਼ਿਆਦਾ ਆਬਾਦੀ ਨੂੰ ਵਧੀਆ ਸਿੱਖਿਆ ਨਹੀਂ ਮਿਲਦੀ, ਜ਼ਿਆਦਾਤਰ ਬੱਚੇ ਤਾਂ ਸਕੂਲਾਂ ਵਿਚ ਜਾ ਨਹੀਂ ਪਾਉਂਦੇ, ਜਿਹੜੇ ਜਾਂਦੇ ਹਨ, ਉਹ ਵੀ ਦੋ-ਚਾਰ ਕਲਾਸਾਂ ਪੜ੍ਹ ਕੇ ਵਿਚਾਲੇ ਹੀ ਸਿੱਖਿਆ ਛੱਡ ਦਿੰਦੇ ਹਨ। ਭਾਰਤ ਵਿਚ ਸਿੱਖਿਆ ਨੂੰ ਆਮ ਆਦਮੀ ਅਤੇ ਗਰੀਬ ਤਬਕੇ ਤੱਕ ਪਹੁੰਚਾਉਣ ਲਈ ਕਈ ਮਹਾਨ ਸ਼ਖਸੀਅਤਾਂ ਨੇ ਕੰਮ ਕੀਤਾ, ਜਿਹਨਾਂ ਵਿਚੋਂ ਜਯੋਤੀਰਾਓ ਅਤੇ



ਸਵਿੱਤਰੀਬਾਈ ਫੂਲੇ ਨੇ ਮਹਾਨ ਯੋਗਦਾਨ ਦਿੱਤਾ। ਸ੍ਰੀ ਫੂਲੇ ਨੇ 1 ਜਨਵਰੀ 1848 ਵਿਚ ਭਾਰਤ ਵਿਚ ਕੁੜੀਆਂ ਦੇ ਲਈ ਪਹਿਲਾ ਸਕੂਲ ਖੋਲ੍ਹਿਆ। ਇਸ ਤੋਂ ਬਾਅਦ ਉਹਨਾਂ ਨੇ ਪੂਨੇ ਵਿਚ 1848 ਵਿਚ ਉਹਨਾਂ ਲੋਕਾਂ ਦੇ ਲਈ ਸਕੂਲ ਖੋਲ੍ਹਿਆ, ਜਿਹੜੇ ਬਚਪਨ ਵਿਚ ਸਿੱਖਿਆ ਤੋਂ ਵਾਂਝੇ ਰਹਿ ਗਏ।

ਫੂਲੇ ਪਰਿਵਾਰ ਦੀਆਂ ਸੇਵਾਵਾਂ ਦੇ ਮੱਦੇਨਜ਼ਰ ਉਸ ਵਕਤ ਦੀ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਬੈਸਟ ਟੀਚਰ ਦਾ ਸਨਮਾਨ ਦਿੱਤਾ। ਜਯੋਤੀਰਾਓ ਫੂਲੇ ਨੇ ਸਿੱਖਿਆ ਦੇ ਨਾਲ ਨਾਲ ਬਰਾਬਰੀ, ਸਮਾਜ ਵਿਚ ਸਹਿਹੋਂਦ, ਛੂਤ ਛਾਤ ਦੇ ਖਾਤਮੇ ਦੇ ਲਈ ਲੰਮਾ ਸੰਘਰਸ਼ ਕੀਤਾ। ਉਹਨਾਂ ਨੇ ਔਰਤਾਂ ਦੀ ਸਿੱਖਿਆ ਨੂੰ ਵਿਸ਼ੇਸ਼ ਅਹਿਮੀਅਤ ਦਿੰਦਿਆਂ ਲੜਕੀਆਂ ਲਈ ਸਕੂਲ ਖੋਲ੍ਹੇ।

ਉਹਨਾਂ ਨੇ ਗਰੀਬ ਤਬਕੇ ਅਤੇ ਖਾਸ ਕਰਕੇ ਲੇਬਰ ਕਲਾਸ ਦੇ ਲਈ 1855 ਵਿਚ ਨਾਈਟ ਸਕੂਲ ਆਰੰਭ ਕੀਤਾ। 1855 ਵਿਚ ਉਹਨਾਂ ਨੇ ਕਿਸਾਨਾਂ ਦੇ ਲਈ ਇਕ ਨਾਈਟ ਯਾਨਿ ਰਾਤ ਦਾ ਸਕੂਲ ਖੋਲ੍ਹਿਆ। ਫੂਲੇ ਪਰਿਵਾਰ ਨੇ ਆਪਣਾ ਸਾਰਾ ਜੀਵਨ ਸਿੱਖਿਆ ਨੂੰ ਸਮਰਪਿਤ ਕੀਤਾ ਅਤੇ ਸਮਾਜ ਦੇ ਹਰ ਵਰਗ ਤੱਕ ਸਿੱਖਿਆ ਦਾ ਪਸਾਰਾ ਕਰਨ ਲਈ ਸੰਘਰਸ਼ ਕੀਤਾ। ਫੂਲੇ ਪਰਿਵਾਰ ਨੇ ਸਿੱਖਿਆ ਨੂੰ ਸਸਤੀ ਅਤੇ ਅਤੇ ਆਮ ਆਦਮੀ ਦੀ ਪਹੁੰਚ ਵਿਚ ਲਿਆਉਣ ਲਈ ਸਰਕਾਰ, ਸਮਾਜ ਅਤੇ ਸਮਾਜ ਸੇਵੀ ਸੰਸਥਾਵਾਂ ਦੀ ਮਦਦ ਲਈ। ਅੱਜ ਉਹਨਾਂ ਦੇ ਸੁਪਨਿਆਂ ਦੇ ਉਲਟ ਫਿਰ ਚੰਗੀ ਸਿੱਖਿਆ ਇਕ ਸੀਮਤ ਵਰਗ ਵੱਲ ਮੁੜਦੀ ਜਾ ਰਹੀ ਹੈ।

ਜਯੋਤੀਰਾਓ ਅਤੇ ਸਵਿਤਰੀਬਾਈ ਫੂਲੇ ਨੇ ਆਪਣਾ ਸਾਰਾ ਜੀਵਨ ਹੀ ਇਸ ਵਰਗ ਦੇ ਬੱਚਿਆਂ ਨੂੰ ਅੱਗੇ ਲਿਆਉਣ ਲਈ ਲਗਾਇਆ। ਅਜਿਹੇ ਮਹਾਨ ਸਿੱਖਿਆ ਸ਼ਾਸਤਰੀਆਂ ਨੂੰ ਸਾਡਾ ਕੋਟਿ-ਕੋਟਿ ਪ੍ਰਣਾਮ।

# ਸਮਾਜ ਦਾ ਇਕਮੁੱਠ ਹੋਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ !



ਸਤਨਾਮ ਸਿੰਘ ਸਹੂੰਗੜਾ
94170-71532

ਇਸ ਦੁਨੀਆਂ ਤੇ ਜੰਮਣਾ ਤੇ ਜੰਮ ਕੇ ਆਪਣਾ ਨਾਮ, ਆਪਣੀ ਕੌਮ ਤੇ ਆਪਣੇ ਮਾਂ ਬਾਪ ਦੇ ਨਾਮ ਨੂੰ ਰੌਸ਼ਨ ਕਰਨਾ ਜੋ ਰਹਿੰਦੀ ਦੁਨੀਆਂ ਤੱਕ ਜਿਊਂਦਾ ਰਹੇ। ਆਪਣੀ ਕੌਮ ਲਈ ਕੁਝ ਕਰਨਾ ਤੇ ਕਰਕੇ ਪੱਕੀ ਲੀਹ ਪਾ ਜਾਣਾ ਤੇ ਲੀਹ ਨਾ ਤੋੜ ਸਕਣ ਦਾ ਵੀ ਪੱਕਾ ਪ੍ਰਬੰਧ ਕਰ ਦੇਣਾ ਇਹ ਵੀ ਕਿਸੇ ਸੂਰਮੇ ਦੇ ਹਿੱਸੇ ਹੀ ਆ ਸਕਦਾ ਹੈ। ਉਹ ਵੀ ਉਹ ਸੂਰਮਾ ਜਿਸ ਨੂੰ ਪੜਨ ਵਾਸਤੇ ਸਕੂਲ ਗਏ ਨੂੰ ਕਲਾਸ ਵਿੱਚ ਬੈਠਣ ਤੋਂ ਭਿੱਟ ਚੜ ਜਾਣ ਦੇ ਡਰ ਤੋਂ ਰੋਕ ਦੇਣਾ। ਸਾਰਾ ਦਿਨ ਮੀਂਹ, ਹਨੇਰੀ, ਧੁੱਪ ਦੇ ਵਿੱਚ ਕਮਰੇ ਤੋਂ ਬਾਹਰ ਬੈਠ ਕੇ ਪੜਨਾ। ਪੜ੍ਹ ਕੇ ਅਜਿਹੇ ਮੁਕਾਮ ਤੇ ਪਹੁੰਚ ਜਾਣਾ ਕਿ ਜਿਸ ਦੇਸ਼ ਵਿੱਚ ਜੰਮਣਾ ਉਥੋਂ ਦੇ ਅਵਾਮ ਦੀ ਨਰਕ ਬਣੀ ਜਿੰਦਗੀ ਨੂੰ ਇਨਸਾਨੀ ਰੂਪ ਵਿੱਚ ਲੈ ਆਉਣਾ ਤੇ ਮੋਇਆ ਵਿੱਚ ਫਿਰ ਤੋਂ ਜਾਨ ਪਾ ਦੇਣੀ। ਕਲਾਸ ਤੋਂ ਬਾਹਰ ਬੈਠ ਕੇ ਪੜ੍ਹ ਕੇ ਵੀ ਅਜਿਹੀਆ ਡਿਗਰੀਆਂ ਪਾ ਲੈਣੀਆਂ, ਜਿਹੜੇ ਕਲਾਸ ਰੂਮ ਵਿੱਚ ਬੈਠ ਕੇ ਪੜ੍ਹੇ ਹੋਣ ਤੇ ਇਹਨਾਂ ਡਿਗਰੀਆਂ ਵਾਰੇ ਸੋਚ ਵੀ ਨਾ ਸਕਣ, ਇਹ ਕਿਸੇ ਅਚੰਭੇ ਤੋਂ ਘੱਟ ਨਹੀਂ ਮੰਨਿਆ ਜਾ ਸਕਦਾ।

ਘੋਰ ਗਰੀਬੀ, ਅੱਤ ਦੇ ਪੱਛੜੇ, ਜੁਲਮ ਦੀ ਚੱਕੀ ਵਿੱਚ ਪੀਸੇ ਜਾ ਰਹੇ, ਲਤਾੜੇ ਜਾਂਦੇ ਤੇ ਹਰ ਥਾਂ ਸੋਸ਼ਣ ਦੇ ਸ਼ਿਕਾਰ ਬਣਦੇ ਆਰੀਅਨ ਲੋਕਾਂ ਵਲੋਂ ਅਛੂਤ ਬਣਾਏ ਸਮਾਜ ਅੰਦਰ ਉਸ ਮਹਾਂਪੁਰਸ਼ ਨੇ 14 ਅਪ੍ਰੈਲ 1891 ਨੂੰ ਜਨਮ ਲਿਆ, ਜੋ ਆਪਣੇ ਪਰਿਵਾਰ ਦੀ 14 ਵੀ ਸੰਤਾਨ ਸੀ। ਪਿਤਾ ਜੀ ਬਰਤਾਨੀਆ ਹਕੂਮਤ ਅੰਦਰ ਫੌਜੀ ਸਨ। ਜਿਹਨਾਂ ਦੀ ਆਮਦਨ ਨਾਲ ਘਰ ਦਾ ਖਰਚ ਚੱਲਿਆ ਕਰਦਾ ਸੀ। ਉਸ ਮਹਾਂਪੁਰਸ਼ ਦਾ ਪਰਿਵਾਰ ਨੇ ਭੀਮ ਰਾਓ ਅੰਬਾਵਡੇਕਰ ਨਾਮ ਰੱਖਿਆ। ਜੋ ਅੱਗੇ ਜਾ ਕੇ ਮਾਸਟਰ ਵਲੋਂ ਔਖਾ ਲੱਗਣ ਤੇ ਭੀਮ ਰਾਓ ਅੰਬੇਡਕਰ ਬਣਾ ਦਿੱਤਾ ਗਿਆ। ਜਿੰਦਗੀ ਦੇ ਥਪੇੜਿਆਂ ਨੇ ਅੰਬੇਡਕਰ ਨੂੰ ਪੈਰ ਪੈਰ ਤੇ ਅਜਿਹੇ ਸਬਕ ਯਾਦ ਕਰਵਾਏ ਕਿ ਸੁਣਨ ਵਾਲਿਆਂ ਦੀ ਰੂਹ ਕੰਬ ਉੱਠੇ। ਪੈਰ ਪੈਰ ਤੇ ਜੁਲਮ ਜਿਆਦਤੀ ਦਾ ਸ਼ਿਕਾਰ ਬਣਾਇਆ ਗਿਆ, ਭੁੱਖਾ, ਪਿਆਸਾ, ਰਹਿਣਾ, ਪਾਣੀ ਤਾਂ ਸਕੂਲ ਵਿੱਚ ਹੁੰਦਾ ਸੀ ਪਰ ਖੁਦ ਪੀ ਲੈਣ ਦਾ ਅਧਿਕਾਰ ਅੰਬੇਡਕਰ ਕੋਲ ਨਹੀਂ ਸੀ। ਅਨੇਕਾ ਦੁਸ਼ਵਾਰੀਆਂ ਝੱਲੀਆਂ, ਜੁਲਮ ਸਹਿ ਲਏ ਪਰ ਪੜ੍ਹਾਈ ਤੋਂ ਮੁੱਖ ਨਾ ਮੋੜਿਆ। ਜੁਲਮ ਸਹਿ ਸਹਿ ਕੇ ਅੰਬੇਡਕਰ ਇੰਨਾ ਸਖਤ ਬਣ ਗਿਆ ਕਿ ਜੁਲਮ ਕਰਨ ਵਾਲੇ ਹਾਰ ਗਏ ਤੇ ਅੰਬੇਡਕਰ ਅਡੋਲ ਖੜੇ ਰਹੇ। ਇਸ ਕਰਕੇ ਅੱਜ ਅੰਬੇਡਕਰ ਨੂੰ ਪੂਰੀ ਦੁਨੀਆਂ ਜਾਣਦੀ ਹੈ। ਪਰ ਜੁਲਮ ਤਸੀਹੇ ਦੇਣ ਵਾਲਿਆਂ ਨੂੰ ਕੋਈ ਨਹੀਂ ਜਾਣਨਾ ਚਾਹੁੰਦਾ। ਅੰਬੇਡਕਰ ਜਿੰਨਾ ਸਖਤ ਹੋਇਆ ਉਨਾ ਹੀ ਆਪਣੀ ਕੌਮ ਲਈ ਵਫਾਦਾਰ ਸਾਬਤ ਹੋਇਆ। ਅਸੀਂ ਉਸ ਦੀ ਬਦੌਲਤ ਪੜ੍ਹ ਲਿਖ ਤਾਂ ਗਏ। ਪਰ ਮੂਰਖਾਂ ਦੇ ਮੂਰਖ ਬਣੇ ਰਹਿਣ ਵਿੱਚ ਹੀ ਅਸੀਂ ਆਪਣਾ ਭਲਾ ਸਮਝਿਆ। ਉਹ ਸਾਡੀ ਖਾਤਰ ਭੁੱਖਾ, ਪਿਆਸਾ ਰਹਿ ਕੇ ਹਰ ਥਾਂ ਹੁੰਦੀ ਬੇਇੱਜ਼ਤੀ ਸਹਾਰ ਕੇ ਵੀ ਮਹਾਨ ਬਣ ਗਿਆ ਪਰ ਅਸੀਂ ਝੁੱਡੂ ਦੇ ਝੁੱਡੂ ਹੀ ਸਾਬਤ ਹੋਏ। ਨਾ ਸਾਡਾ ਕੋਈ ਦੀਨ ਨਾ ਮਜਹਬ ਬਣਿਆ। ਨਾ ਸਾਡੇ ਲਈ ਅੱਜ ਪੂਜੇ ਜਾ ਰਹੇ ਕਾਲਪਨਿਕ ਦੇਵਤਿਆਂ ਵਿੱਚੋਂ ਕੋਈ ਕੰਮ ਆਇਆ। ਜੇ ਕੰਮ ਆਇਆ ਤਾਂ ਸਿਰਫ ਅੰਬੇਡਕਰ ਕੰਮ ਆਇਆ ਜਾਂ ਸਭ ਤੋਂ ਵੱਧ ਉਸ ਦੁਆਰਾ ਲਿਖਿਆ ਸੰਵਿਧਾਨ ਕੰਮ ਆਇਆ ਤੇ ਆ ਰਿਹਾ ਹੈ। ਜੋ ਪੂਰੀ ਦੁਨੀਆਂ ਲਈ ਇਕ ਮਿਸਾਲ ਹੈ। ਜਿਸ ਕੰਮ ਤੋਂ ਸਾਨੂੰ ਅੰਬੇਡਕਰ ਰੋਕਦਾ ਸੀ ਅਸੀ ਉਹ ਜਰੂਰ ਕਰਨਾ ਹੁੰਦਾ ਹੈ। ਨਤੀਜਾ ਚਾਹੇ ਕੁਝ ਵੀ ਹੋਵੇ ਪ੍ਰਵਾਹ ਕੋਈ ਨਹੀਂ। ਚਾਹੇ ਬਾਅਦ ਵਿੱਚ ਜੁੱਤੀਆਂ ਕਿਉਂ ਨਾ ਖਾਣੀਆ ਪੈਣ ਉਹ ਸਭ ਮਨਜੂਰ ਹੈ। ਪਰ ਅਸੀਂ ਬੰਦੇ ਦੇ ਪੁੱਤਰ ਨਹੀਂ ਬਣਨਾ। ਦੁਨੀਆਂ ਭਰ ਵਿੱਚ ਸਾਰੀਆਂ ਕੌਮਾਂ ਤੇ ਔਖੇ ਤੋਂ ਔਖਾ ਸਮਾਂ ਜਰੂਰ ਆਇਆ ਪਰ ਮੈਨੂੰ ਨਹੀਂ ਲੱਗਦਾ ਕਿ ਸਾਡੇ ਵਰਗਾ ਔਖਾ ਸਮਾਂ ਇੰਨੇ ਲੰਬੇ ਸਮੇਂ ਲਈ ਕਿਸੇ ਹੋਰ ਤੇ ਵੀ ਆਇਆ ਹੋਵੇਗਾ। (ਇੰਨੀਆਂ ਭਿਆਨਕ, ਖੂੰਖਾਰ, ਬੇਰਹਿਮ ਅਕੱਥ ਦੁਸ਼ਵਾਰੀਆਂ ਕਿਸੇ ਨੇ ਝੱਲੀਆਂ ਹੋਣਗੀਆਂ। ਇਹ ਉਹ ਸੋਚ ਹੈ ਜਿਸ ਵਿੱਚ ਕਿਸੇ ਮਨੁੱਖ ਦੀ ਉਸਦੇ ਜਨਮ ਤੋਂ ਹੀ ਜਾਤੀ ਨਿਰਧਾਰਤ ਹੋ ਜਾਂਦੀ ਹੈ ਫਿਰ ਇਸਨੂੰ ਕਿਸੇ ਵੀ ਹਾਲਤ ਵਿਚ ਬਦਲਿਆ ਨਹੀਂ ਜਾ ਸਕਦਾ। ਇਹ ਉਹ ਗੈਰ ਵਿਗਿਆਨਿਕ, ਗੈਰ ਮਨੁੱਖੀ ਤੇ ਗੈਰ ਸਮਾਜਿਕ ਸੋਚ ਹੈ ਜੋ ਮਨੁੱਖ ਨੂੰ ਮਨੁੱਖ ਤੋਂ ਪਾੜ ਕੇ ਉਚ ਨੀਚ, ਪਵਿੱਤਰ ਅਪਵਿੱਤਰ ਬਣਾ ਕੇ ਸਮਾਜ ਨੂੰ ਲੀਰੋ ਲੀਰ ਕਰ ਦਿੰਦੀ ਹੈ। ਇਹ ਉਹ ਭਾਵਨਾ ਹੈ ਜੋ ਮਨੁੱਖੀ ਏਕਤਾ, ਮਨੁੱਖੀ ਅਧਿਕਾਰ, ਮਨੁੱਖੀ ਭਾਈਚਾਰਾ, ਮਨੁੱਖੀ ਅਜ਼ਾਦੀ, ਮਨੁੱਖੀ ਬਰਾਬਰਤਾ ਦੀ ਕੱਟੜ ਦੁਸ਼ਮਣ ਬਣ ਖਲੋ ਜਾਂਦੀ ਹੈ। ਇਹ ਉਹ ਵਰਤਾਰਾ ਹੈ ਜੋ ਜਾਨਵਰਾਂ ਨੂੰ ਤਾਂ ਪਾਲ ਕੇ ਚੁੰਮ ਚੱਟ ਸਕਦਾ ਹੈ, ਉਹਨਾਂ ਨੂੰ ਨਾਲ ਸੁਆ ਸਕਦਾ ਹੈ। ਪਰ ਇਕ ਮਨੁੱਖ ਦੇ ਪ੍ਰਛਾਵੇਂ ਤੋਂ ਵੀ ਤਰਾਹੁੰਦਾ ਹੈ, ਉਸ ਤੋਂ ਭਿੱਟਦਾ ਹੈ, ਉਸ ਨੂੰ ਘਿਰਣਾ ਕਰਦਾ ਹੈ। ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ, ਤੇ ਤ੍ਰਾਸਦੀ ਇਹ ਹੈ ਕਿ ਜੋ ਇਸਦੇ ਸ਼ਿਕਾਰ ਹਨ, ਇਸ ਤੋਂ ਦੁਖੀ ਹਨ, ਪੀੜਤ ਹਨ ਉਹੀ ਇਸ ਨੂੰ ਕਲੇਜੇ ਨਾਲ ਚਿਪਕਾਈ ਫਿਰ ਰਹੇ ਹਨ। ਇਸ ਤੋਂ ਦੂਰ ਨਹੀਂ ਹੋਣਾ ਚਾਹੁੰਦੇ ਤੇ ਇਸੇ ਨੂੰ ਆਪਣਾ ਸਭ ਕੁਝ ਮੰਨਦਿਆਂ ਇਸੇ ਵਿੱਚ ਹੀ ਆਪਣੀ ਗਤੀ ਭਾਲਦੇ ਤੇ ਇਸ ਨੂੰ ਪੂਜਦੇ ਆ ਰਹੇ ਹਨ। ਉਹ ਨਹੀਂ ਜਾਣਦੇ ਉਹਨਾਂ ਦੀਆਂ ਦੁਸ਼ਵਾਰੀਆਂ, ਉਹਨਾਂ ਦੀ ਗਰੀਬੀ, ਉਹਨਾਂ ਦੀ ਲਾਚਾਰੀ ਦਾ ਮੂਲ ਕਾਰਨ ਹੀ ਇਹ ਹੈ)। ਸਮਾਜ ਦਾ ਭਲਾ ਕਰਨ ਲਈ ਸਾਨੂੰ ਆਪਣੀ ਵੱਖਰੀ ਲਾਇਨ ਫਿਰ ਤੋਂ ਅੰਬੇਡਕਰ ਵਾਂਗ ਲਗਾਉਣੀ ਪਵੇਗੀ। ਅਗਰ ਨਾ ਲਗਾਈ ਤਾਂ ਵਿਨਾਸ਼ ਪਹਿਲਾਂ ਵੀ ਹੁੰਦਾ ਆਇਆ ਹੈ ਤੇ ਹੁਣ ਕੋਈ ਨਵੀਂ ਗੱਲ ਨਹੀਂ ਹੋਵੇਗੀ। ਇਸ ਲਈ ਸਮਾਜ ਦਾ ਇਕਮੁੱਠ ਹੋਣਾ ਬਹੁਤ ਜਰੂਰੀ ਹੈ। ਅੱਜ ਦੇ ਸਮੇਂ ਦੀ ਇਹੀ ਮੁੱਖ ਲੋੜ ਹੈ। ਇਸ ਤਰ੍ਹਾਂ ਕਰਨ ਨਾਲ ਹੀ ਸਾਡਾ ਭਲਾ ਹੋਵੇਗਾ।

ਉਪਰ ਲਿਖੀ ਮਿਸਾਲ ਦੀ ਤਰ੍ਹਾਂ ਹੋਰ ਪਤਾ ਨਹੀਂ ਕਿੰਨੀਆਂ ਮਿਸਾਲਾਂ ਇਤਿਹਾਸ ਦੇ ਬੋਝ ਵਿੱਚ ਛਪੀਆਂ ਪਈਆਂ ਹਨ। ਜੋ ਪਰਤ ਦਰ ਪਰਤ ਸਮੇਂ ਸਮੇਂ ਤੇ ਜਗ ਜਾਹਿਰ ਹੋ ਜਾਂਦੀਆ ਹਨ। ਇਸ ਲਈ ਸਾਨੂੰ ਅੰਬੇਡਕਰ ਜੀ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਹਨਾਂ ਜੋ ਦੁੱਖ, ਮੁਸੀਬਤਾਂ ਝੱਲ ਕੇ ਸਾਨੂੰ ਮੁਰਦਿਆਂ ਤੋਂ ਇਨਸਾਨ ਬਣਾਇਆ ਹੈ, ਉਸ ਪਿਛੇ ਇਕ ਇਨਸਾਨ ਦੀਆਂ ਨਿੱਜੀ ਖਾਹਿਸ਼ਾਂ, ਚਾਹਤਾਂ ਸਮੇਤ ਮੁਕੰਮਲ ਹੋਰ ਬਹੁਤ ਕੁਝ ਛੁਪਿਆ ਪਿਆ ਹੈ। ਅੱਜ ਅਸੀਂ ਅੰਬੇਡਕਰ ਦੀ ਬਦੌਲਤ ਪੈਸੇ ਵਾਲੇ, ਕੋਠੀਆਂ ਵਾਲੇ, ਨਿੱਜੀ ਖਰੀਦੀ ਹੋਈ ਜਾਇਦਾਦ ਵਾਲੇ, ਬੈਂਕ ਬੈਲੇਂਸ ਵਾਲੇ, ਕਰੋੜਾਂ ਰੁਪੱਇਆ ਵਾਲੇ, ਵਿਧਵਾ ਦਾ ਦੁਬਾਰਾ ਵਿਆਹ ਕਰਨ ਦੀ ਤਾਕਤ ਰੱਖਣ ਵਾਲੇ, ਸਾਫ ਪਾਣੀ ਪੀਣ ਵਾਲੇ ਨਾ ਕਿ ਸੰਘੰਰਸ਼ ਕਰਕੇ ਤਲਾਬ ਦੇ ਗੰਦਾ ਪਾਣੀ ਪੀਣ ਵਾਲੇ, ਕਾਰਾਂ ਵਾਲੇ, ਜਮੀਨਾਂ ਵਾਲੇ, ਬੱਚਿਆਂ ਨੂੰ ਉੱਚੀਆਂ ਡਿਗਰੀਆਂ ਸਮੇਤ ਵਧੀਆ ਪੜ੍ਹਾਈ ਕਰਾਉਣ ਵਾਲੇ, ਵਿਦੇਸ਼ਾਂ ਵਿੱਚ ਜਾਣ ਵਾਲੇ, ਹਰ ਥਾਂ ਖੜ ਕੇ ਬੋਲ ਸਕਣ ਦੀ ਤਾਕਤ ਰੱਖਣ ਵਾਲੇ, ਜੁਲਮ ਦਾ ਬਦਲਾ ਅੰਬੇਡਕਰ ਦੇ ਲਿਖੇ ਕਾਨੂੰਨ ਮੁਤਾਬਕ ਲੈਣ ਵਾਲੇ, ਆਪਣੇ ਹੱਕ ਦੀ ਗੱਲ ਕਰਨ ਲਈ ਜੁਰਅੱਤ ਰੱਖਣ ਵਾਲੇ ਸਮੇਤ ਹੋਰ ਬਹੁਤ ਕੁਝ ਵਾਲੇ ਅਗਰ ਬਣੇ ਹਾਂ ਤਾਂ ਉਸ ਪਿੱਛੇ ਅੰਬੇਡਕਰ ਦੀ ਖੂਨ ਪਸੀਨੇ ਦੀ ਮਿਹਨਤ, ਭੁੱਖੇ-ਪਿਆਸੇ ਰਹਿ ਕੇ ਇਕ ਤਾਕਤ ਬਣਨ ਵਾਲੇ ਮਹਾਂਪੁਰਸ਼ ਦੀ ਜੀਵਨ ਭਰ ਦੀ ਵਡਮੁੱਲੀ ਕਮਾਈ ਦਾ ਬਹੁਤ ਵੱਡਾ ਯੋਗਦਾਨ ਹੈ। ਅੱਜ ਅਸੀਂ ਆਪਣੇ ਹੱਕ ਲੈਣ ਲਈ ਅੰਬੇਡਕਰ ਦੇ ਬਣਾਏ ਸੰਵਿਧਾਨ ਮੁਤਾਬਕ ਵੋਟਾਂ ਵਿੱਚ ਖੜੇ ਹੋ ਕੇ ਜਿੱਤ ਕੇ ਆਪਣੇ ਹੱਕ ਪ੍ਰਾਪਤ ਕਰ ਸਕਦੇ ਹਾਂ। ਪਰ ਖੁਦਗਰਜੀ, ਥੋੜਾ ਲਾਲਚ ਦਾਰੂ ਜਾ ਪੈਸੇ ਦਾ ਜਾ ਕੁਝ ਹੋਰ ਤਰ੍ਹਾਂ ਦੇ ਲਾਲਚਾਂ ਸਮੇਤ ਅਸੀਂ ਆਪਣਾ ਬੇੜਾ ਗਰਕ ਵੀ ਕਰ ਰਹੇ ਹਾਂ। ਮਨੂੰਵਾਦ ਦੀਆਂ ਬਣਾਈਆਂ ਪਾਰਟੀਆਂ ਨੂੰ ਉਹਨਾਂ ਦੇ ਪੰਜ ਕਿਲੋ ਦਾਣੇ ਜਾ ਥੋੜੇ ਜਿਹੇ ਚਾਵਲਾਂ ਲਈ ਉਹਨਾਂ ਦੀ ਝੋਲੀ ਪੈ ਜਾਣਾ ਸਾਡੀ ਫਿਤਰਤ ਬਣ ਗਿਆ ਹੈ। ਸਾਨੂੰ ਅੰਬੇਡਕਰ ਦੀਆਂ ਸਾਡੇ ਖਾਤਿਰ ਕੀਤੀਆਂ ਕੁਰਬਾਨੀਆਂ ਦੀ ਭੌਰਾ ਲਿਹਾਜ ਨਹੀਂ ਰਹੀ। ਕਿਉਂਕਿ ਅਸੀ ਫੁਕਰੇ ਕਿਸਮ ਦੇ ਨਾਸ਼ੁਕਰੇ ਲੋਕ ਪੂਰੇ ਬੇਸ਼ਰਮੀ ਨਾਲ ਭਰੇ ਪਏ ਹਾਂ। ਢੱਠੇ ਖੂਹ ਪਵੇ ਅੰਬੇਡਕਰ ਦੀਆਂ ਕੁਰਬਾਨੀਆਂ। ਅਸੀਂ ਤਾਂ ਮਨੂੰਵਾਦੀ ਲੋਕਾਂ ਦੀਆਂ ਜੁੱਤੀਆਂ ਚੱਟਾਂਗੇ, ਝੋਲੀ ਚੁੱਕ ਰਹਾਂਗੇ, ਫਿਰ ਚਾਹੇ ਸਾਡੀਆਂ ਆਉਣ ਵਾਲੀਆਂ ਨਸਲਾਂ ਦੀ ਜਿੰਦਗੀ ਨਰਕ ਹੀ ਕਿਉਂ ਨਾ ਬਣ ਜਾਵੇ। ਅਸੀ ਕੀ ਲੈਣਾ ? ਵੈਸੇ ਵੀ ਲੋਕ ਸਮਝਣ ਨੂੰ ਤਿਆਰ ਹੀ ਨਹੀਂ ਹਨ ਕਿ ਅੰਬੇਡਕਰ ਦੀਆਂ ਕੁਰਬਾਨੀਆਂ ਉਹਨਾਂ ਲਈ ਕੀ ਅਰਥ ਰੱਖਦੀਆਂ ਹਨ। ਕਦੀ ਕਾਂਗਰਸ ਕਦੀ ਭਾਜਪਾ ਇਹਨਾਂ ਅਛੂਤ-ਸਛੂਤ ਲੋਕਾਂ ਦੀਆਂ ਮਨਪਸੰਦ ਪਾਰਟੀਆਂ ਹਨ। ਇਕ ਵਾਰੀ ਇਕ ਨੂੰ ਜਿਤਾਉਣਗੇ ਤੇ ਦੂਸਰੀ ਵਾਰੀ ਦੂਸਰੀ ਨੂੰ ਮੌਕਾ ਦੇਣਗੇ। ਆਪਣੇ ਸਮਾਜ ਦੀ ਖਾਤਰ ਲੜ ਮਰਨ ਵਾਲੇ ਨੂੰ ਮੂੰਹ ਨਹੀਂ ਲਾਉਣਗੇ। ਆਪਣੇ ਸਮਾਜ ਦੇ ਲੀਡਰਾਂ ਨੂੰ ਮੇਹਣੇ ਮਾਰਨਗੇ 'ਇਹਨੀ ਕਿਹੜਾ ਸਾਡੇ ਲਈ ਕੁਛ ਕਰਨਾ ਆਪਣਾ ਈ ਢਿੱਡ ਭਰਨਗੇ' 'ਇਹਨੀ ਕਿਹੜਾ ਜਿੱਤਣਾ'। ਇਸ ਦੀ ਜਿਊਂਦੀ ਮਿਸਾਲ ਸਾਹਿਬ ਕਾਂਸ਼ੀ ਰਾਮ ਜੀ ਹਨ। ਜਿਹਨਾਂ ਇਸ ਗਰੀਬ ਗੁਰਬੇ ਸਮਾਜ ਦੇ ਲਈ ਨੌਕਰੀ ਛੱਡੀ, ਸੁੱਖ ਅਰਾਮ ਤਿਆਗੇ, ਵਿਆਹ ਨਾ ਕਰਾਇਆ, ਰਾਜਨੀਤਕ ਪਾਰਟੀ ਜੋ ਪੈਰ ਦਰ ਪੈਰ ਲੋਕ ਨਕਾਰਦੇ ਜਾ ਰਹੇ ਹਨ। ਜਿਸ ਵਿੱਚ ਕੁਝ ਹੁਣ ਤੱਕ ਦੇ ਲੀਡਰਾਂ ਦੀ ਨਲਾਇਕੀ ਤੇ ਕੁਝ ਲੀਡਰ ਜਨਤਾ ਨੂੰ ਸਹੀ ਤਰੀਕੇ ਨਾਲ ਸਮਝਾਉਣ ਤੋਂ ਦੂਰ ਹੀ ਰਹੇ। ਕਾਸ਼ੀ ਰਾਮ ਜੀ ਦੇ ਬਣਾਏ ਲੀਡਰ ਪਿੰਡਾਂ ਵਿੱਚ ਸਿਰਫ ਉਹਨਾਂ ਲੋਕਾਂ ਦੇ ਘਰਾਂ ਵਿੱਚ ਹੀ ਜਾਂਦੇ ਰਹੇ, ਜਿਹੜੇ ਪਾਰਟੀ ਲਈ ਸਿਰ-ਧੜ ਦੀ ਬਾਜੀ ਲਗਾ ਚੁੱਕੇ ਸਨ। ਨਵੇਂ ਲੋਕਾਂ ਨੂੰ ਪਾਰਟੀ ਨਾਲ ਜੋੜਨ ਦਾ ਜੋਖਮ ਨਾ ਲੀਡਰਾਂ ਨੇ ਉਠਾਇਆ ਨਾਂ ਕਿਸੇ ਪੁਰਾਣੇ ਵਰਕਰ ਨੇ ਉਠਾਇਆ। ਬਸ ਭੈਣ ਮਾਇਆਵਤੀ ਵਲੋਂ ਮੁੱਖ ਮੰਤਰੀ ਵੇਲੇ ਕੀਤੇ ਬਾਕਮਾਲ ਕੰਮਾਂ ਨੂੰ ਹੀ ਵਡਿਆਉਣ ਵਿੱਚ ਆਪਣੀ ਬਹਾਦਰੀ ਸਮਝਦੇ ਹਨ। ਪਰ ਇਹ ਨਹੀ ਦੱਸਦੇ ਕਿ ਭੈਣ ਮਾਇਆਵਤੀ ਇਕੱਲੀ ਪੂਰੀ ਪਾਰਟੀ ਨਹੀਂ ਹਨ, ਸਾਹਿਬ ਕਾਂਸ਼ੀ ਰਾਮ ਦੇ ਬਣਾਏ ਲੀਡਰਾਂ ਨੂੰ ਵੀ ਕੁਝ ਭੈਣ ਮਾਇਆਵਤੀ ਦੇ ਕੰਮਾਂ ਤੋਂ ਬਿਨ੍ਹਾ ਦੱਸਣਾ ਚਾਹੀਦਾ ਹੈ। ਜੋ ਉਹਨਾਂ ਪਾਰਟੀ ਲਈ ਕੀਤਾ ਹੋਵੇ। 1992 ਵਿੱਚ 9 ਐਮ ਐਲ ਏ ਜਿੱਤ ਕੇ ਗਏ। ਉਹਨਾਂ ਪਾਰਟੀ ਲਈ ਕੀ ਕੀਤਾ, ਸਮਾਜ ਲਈ ਕੀ ਕੀਤਾ, ਉਹ ਕਿਉਂ ਨਹੀਂ ਦੱਸਦੇ?

ਪੰਜਾਬ ਵਿੱਚ ਜਿੰਨੇ ਵੀ ਲੋਕ ਸਭਾ ਮੈਂਬਰ ਬਣੇ ਉਹਨਾਂ ਸਮਾਜ ਨੂੰ ਪਾਰਟੀ ਨਾਲ ਕਿੰਨਾ ਕੁ ਜੋੜਿਆ ਤੇ ਕਿੰਨਾ ਕੁ ਕੰਮ ਸਮਾਜ ਲਈ ਕੀਤਾ ? ਇਹ ਦੱਸਣਾ ਪੰਜਾਬ ਦੇ ਪਾਰਟੀ ਲੀਡਰਾਂ ਦਾ ਵੀ ਫਰਜ ਹੈ। ਜੋ ਲੋਕਾਂ ਨੂੰ ਪਾਰਟੀ ਦੇ ਲੀਡਰਾਂ ਵਲੋਂ ਲੋਕਾਂ ਲਈ ਕੀਤੇ ਕੰਮਾਂ ਦੀ ਜਾਣਕਾਰੀ ਦੇਣ। ਅਗਰ ਦੱਸਣਗੇ ਤਾਂ ਲੋਕ ਆਪਣੇ ਆਪ ਪਾਰਟੀ ਨਾਲ ਜੁੜ ਜਾਣਗੇ, ਜਿਆਦਾ ਮਿਹਨਤ ਕਰਨ ਦੀ ਲੋੜ ਨਹੀਂ ਹੋਵੇਗੀ। ਲੋਕਾਂ ਨੂੰ ਸਿਰਫ ਦੱਸਣਾ ਪਵੇਗਾ ਹਕੀਕਤ ਵਿੱਚ ਕਿ ਅਸੀਂ ਤੁਹਾਡੇ ਦੁੱਖ - ਸੁੱਖ ਦੇ ਅਸਲ ਸਾਥੀ ਹਾਂ, ਤੁਹਾਡੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ। ਪਰ ਅਫਸੋਸ ਇਹ ਕਹਿਣ ਦੀ ਹਿੰਮਤ ਵੀ ਚਾਹੀਦੀ ਹੈ। ਅਗਰ ਕੰਮ ਕੀਤੇ ਹੋਣਗੇ ਤਾਂ ਲੋਕ ਵਿਚਾਰਧਾਰਾ ਫੜ ਲੈਣਗੇ ਅਗਰ ਨਾ ਹੋ ਸਕਿਆ ਤਾਂ ਪੰਜ ਕਿਲੋ ਦਾਣਿਆਂ ਵਾਲੀ ਲਾਈਨ ਫਿਰ ਕਿਤੇ ਗਈ ਹੀ ਨਹੀਂ। ਉਥੇ ਖੜੇ ਮਿਲ ਜਾਣਗੇ।

**ਜਿੰਦਗੀ ਦੇ ਥਪੇੜਿਆਂ ਨੇ ਅੰਬੇਡਕਰ ਨੂੰ ਪੈਰ ਪੈਰ ਤੇ ਅਜਿਹੇ ਸਬਕ ਯਾਦ ਕਰਵਾਏ ਕਿ ਸੁਣਨ ਵਾਲਿਆਂ ਦੀ ਰੂਹ ਕੰਬ ਉੱਠੇ। ਪੈਰ ਪੈਰ ਤੇ ਜੁਲਮ ਜਿਆਦਤੀ ਦਾ ਸ਼ਿਕਾਰ ਬਣਾਇਆ ਗਿਆ, ਭੁੱਖਾ, ਪਿਆਸਾ, ਰਹਿਣਾ, ਪਾਣੀ ਤਾਂ ਸਕੂਲ ਵਿੱਚ ਹੁੰਦਾ ਸੀ ਪਰ ਖੁਦ ਪੀ ਲੈਣ ਦਾ ਅਧਿਕਾਰ ਅੰਬੇਡਕਰ ਕੋਲ ਨਹੀਂ ਸੀ। ਅਨੇਕਾ ਦੁਸ਼ਵਾਰੀਆਂ ਝੱਲੀਆਂ, ਜੁਲਮ ਸਹਿ ਲਏ ਪਰ ਪੜ੍ਹਾਈ ਤੋਂ ਮੁੱਖ ਨਾ ਮੋੜਿਆ। ਜੁਲਮ ਸਹਿ ਸਹਿ ਕੇ ਅੰਬੇਡਕਰ ਇੰਨਾ ਸਖਤ ਬਣ ਗਿਆ ਕਿ ਜੁਲਮ ਕਰਨ ਵਾਲੇ ਹਾਰ ਗਏ ਤੇ ਅੰਬੇਡਕਰ ਅਡੋਲ ਖੜੇ ਰਹੇ। ਇਸ ਕਰਕੇ ਅੱਜ ਅੰਬੇਡਕਰ ਨੂੰ ਪੂਰੀ ਦੁਨੀਆਂ ਜਾਣਦੀ ਹੈ। ਪਰ ਜੁਲਮ ਤਸੀਹੇ ਦੇਣ ਵਾਲਿਆਂ ਨੂੰ ਕੋਈ ਨਹੀਂ ਜਾਣਨਾ ਚਾਹੁੰਦਾ। ਅੰਬੇਡਕਰ ਜਿੰਨਾ ਸਖਤ ਹੋਇਆ ਉਨਾ ਹੀ ਆਪਣੀ ਕੌਮ ਲਈ ਵਫਾਦਾਰ ਸਾਬਤ ਹੋਇਆ। ਅਸੀਂ ਉਸ ਦੀ ਬਦੌਲਤ ਪੜ੍ਹ ਲਿਖ ਤਾਂ ਗਏ। ਪਰ ਮੂਰਖਾਂ ਦੇ ਮੂਰਖ ਬਣੇ ਰਹਿਣ ਵਿੱਚ ਹੀ ਅਸੀਂ ਆਪਣਾ ਭਲਾ ਸਮਝਿਆ। ਉਹ ਸਾਡੀ ਖਾਤਰ ਭੁੱਖਾ, ਪਿਆਸਾ ਰਹਿ ਕੇ ਹਰ ਥਾਂ ਹੁੰਦੀ ਬੇਇੱਜ਼ਤੀ ਸਹਾਰ ਕੇ ਵੀ ਮਹਾਨ ਬਣ ਗਿਆ ਪਰ ਅਸੀਂ ਝੁੱਡੂ ਦੇ ਝੁੱਡੂ ਹੀ ਸਾਬਤ ਹੋਏ। ਨਾ ਸਾਡਾ ਕੋਈ ਦੀਨ ਨਾ ਮਜਹਬ ਬਣਿਆ। ਨਾ ਸਾਡੇ ਲਈ ਅੱਜ ਪੂਜੇ ਜਾ ਰਹੇ ਕਾਲਪਨਿਕ ਦੇਵਤਿਆਂ ਵਿੱਚੋਂ ਕੋਈ ਕੰਮ ਆਇਆ। ਜੇ ਕੰਮ ਆਇਆ ਤਾਂ ਸਿਰਫ ਅੰਬੇਡਕਰ ਕੰਮ ਆਇਆ ਜਾਂ ਸਭ ਤੋਂ ਵੱਧ ਉਸ ਦੁਆਰਾ ਲਿਖਿਆ ਸੰਵਿਧਾਨ ਕੰਮ ਆਇਆ ਤੇ ਆ ਰਿਹਾ ਹੈ। ਜੋ ਪੂਰੀ ਦੁਨੀਆਂ ਲਈ ਇਕ ਮਿਸਾਲ ਹੈ। ਜਿਸ ਕੰਮ ਤੋਂ ਸਾਨੂੰ ਅੰਬੇਡਕਰ ਰੋਕਦਾ ਸੀ ਅਸੀ ਉਹ ਜਰੂਰ ਕਰਨਾ ਹੁੰਦਾ ਹੈ। ਨਤੀਜਾ ਚਾਹੇ ਕੁਝ ਵੀ ਹੋਵੇ ਪ੍ਰਵਾਹ ਕੋਈ ਨਹੀਂ। ਚਾਹੇ ਬਾਅਦ ਵਿੱਚ ਜੁੱਤੀਆਂ ਕਿਉਂ ਨਾ ਖਾਣੀਆ ਪੈਣ ਉਹ ਸਭ ਮਨਜੂਰ ਹੈ। ਪਰ ਅਸੀਂ ਬੰਦੇ ਦੇ ਪੁੱਤਰ ਨਹੀਂ ਬਣਨਾ।**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# 99 ਫੀਸਦੀ ਤੋਂ ਵੱਧ ਕਰਜ਼ਾ ਵਸੂਲ ਕੇ ਮਿਸਾਲ ਕਾਇਮ ਕਰਨ ਵਾਲੀਆਂ ਧੂਰੀ ਸਰਕਲ ਦੀਆਂ ਸਹਿਕਾਰੀ ਸਭਾਵਾਂ ਦਾ ਸਨਮਾਨ

**ਧੂਰੀ (ਸੰਗਰੂਰ) (ਦਲਜੀਤ ਕੌਰ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਧੂਰੀ ਸਰਕਲ ਦੀਆਂ ਸਹਿਕਾਰੀ ਸਭਾਵਾਂ ਦਾ ਸਨਮਾਨ ਕੀਤਾ ਜਿਨ੍ਹਾਂ ਨੇ 99 ਫੀਸਦੀ ਤੋਂ ਵੱਧ ਕਰਜ਼ਾ ਵਸੂਲ ਕੇ ਨਵੀਂ ਮਿਸਾਲ ਕਾਇਮ ਕੀਤੀ ਹੈ।

ਅੰਤਰਰਾਸ਼ਟਰੀ ਸਹਿਕਾਰਤਾ ਵਰ੍ਹਾ ਮਨਾਉਣ ਲਈ ਕਰਵਾਏ ਗਏ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਧੂਰੀ ਸਰਕਲ ਦੀਆਂ ਸਹਿਕਾਰੀ ਸਭਾਵਾਂ ਨੇ 99% ਤੋਂ ਵੱਧ ਕਰਜ਼ਿਆਂ ਦੀ ਵਸੂਲੀ ਕਰਕੇ ਨਵੇਂ ਦਿਸਹੱਦੇ ਕਾਇਮ ਕੀਤੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੁਸਾਇਟੀਆਂ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ ਤਾਂ ਕਿ ਦੂਜਿਆਂ ਨੂੰ ਵੀ ਪ੍ਰੇਰਨਾ ਮਿਲ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਦੇਖ ਕੇ ਖੁਸ਼ੀ ਹੁੰਦੀ ਹੈ ਕਿ ਇਨ੍ਹਾਂ ਸੁਸਾਇਟੀਆਂ ਨੇ ਉਸ ਵੇਲੇ ਇਹ ਸ਼ਾਨਦਾਰ ਕੰਮ ਕੀਤਾ ਹੈ, ਜਦੋਂ ਸੂਬੇ ਭਰ ਦੀਆਂ ਬਹੁਤੀਆਂ ਸੁਸਾਇਟੀਆਂ ਆਪਣੇ ਬਕਾਇਆ ਕਰਜ਼ੇ ਦੀ ਵਸੂਲੀ ਕਰਨ ਵਿੱਚ ਅਸਫਲ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਕਿਉਂਕਿ ਇਹ ਕਿਸਾਨਾਂ ਅਤੇ ਹੋਰ ਭਾਈਵਾਲਾਂ ਦੇ ਲਾਭ ਨੂੰ ਯਕੀਨੀ ਬਣਾਏਗਾ। ਉਨ੍ਹਾਂ ਨੇ ਕਿਸਾਨਾਂ ਅਤੇ ਹੋਰਾਂ ਨੂੰ ਸਹਿਕਾਰੀ ਬੈਂਕਾਂ ਵਿੱਚ ਆਪਣੇ ਖਾਤੇ ਖੁੱਲ੍ਹਵਾਉਣ ਦੀ ਅਪੀਲ ਕੀਤੀ ਜੋ ਦੂਜੇ ਬੈਂਕਾਂ ਨਾਲੋਂ ਕਰਜ਼ਿਆਂ 'ਤੇ 3% ਘੱਟ ਵਿਆਜ ਦੀ ਪੇਸ਼ਕਸ਼ ਕਰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਹਿਕਾਰੀ ਬੈਂਕਾਂ ਬਾਰੇ ਕਈ ਗਲਤਫਹਿਮੀਆਂ ਹਨ ਅਤੇ ਕਿਸਾਨਾਂ ਨੂੰ ਇਸ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਬੈਂਕਾਂ ਦੀ ਕਾਰਜਕੁਸ਼ਲਤਾ ਨੂੰ ਹੋਰ ਅਸਰਦਾਰ ਬਣਾਉਣ ਲਈ ਬੈਂਕਿੰਗ ਖੇਤਰਾਂ ਦੇ ਮਾਹਿਰਾਂ ਦੀਆਂ ਸੇਵਾਵਾਂ ਵੀ ਲੈ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਕਿਸਾਨ ਇਨ੍ਹਾਂ ਬੈਂਕਾਂ ਵਿੱਚ ਆਪਣੇ ਖਾਤੇ ਖੋਲ੍ਹਣ ਤਾਂ ਜੋ ਬੈਂਕਾਂ ਵਿੱਚ ਆਰਥਿਕ ਗਤੀਵਿਧੀਆਂ ਨੂੰ ਹੋਰ ਹੁਲਾਰਾ ਮਿਲ ਸਕੇ। ਸੂਬੇ ਵਿੱਚ ਵੱਡੇ ਤੇ ਖਰਚੀਲੇ ਵਿਆਹਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਆਮ ਕਿਸਾਨਾਂ ਦੀਆਂ ਜੇਬਾਂ 'ਤੇ ਵੱਡਾ ਬੋਝ ਪਾ ਰਹੇ ਹਨ।

ਮੁੱਖ ਮੰਤਰੀ ਨੇ ਸਾਦੇ ਵਿਆਹਾਂ ਦੀ ਵਕਾਲਤ ਕਰਦਿਆਂ ਕਿਹਾ ਕਿ ਇਹ ਸਮੇਂ ਦੀ ਬਹੁਤ ਵੱਡੀ ਲੋੜ ਹੈ ਤਾਂ ਜੋ ਕਿਸਾਨਾਂ ਨੂੰ ਕਰਜ਼ੇ ਦੇ ਚੱਕਰ ਵਿੱਚੋਂ ਬਾਹਰ ਕੱਢਿਆ ਜਾ ਸਕੇ। ਉਨ੍ਹਾਂ ਕਿਹਾ ਕਿ ਖਰਚੀਲੇ ਵਿਆਹਾਂ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਹ ਸੂਬੇ ਦੇ ਕਿਸਾਨਾਂ ਨੂੰ ਕਰਜ਼ੇ ਦੇ ਬੋਝ ਥੱਲ੍ਹੇ ਦੱਬ ਦਿੰਦੇ ਹਨ ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਗੰਭੀਰ ਨਤੀਜੇ ਭੁਗਤਣੇ ਪੈਂਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸਾਨਾਂ ਨੂੰ ਇਕ-ਦੂਜੇ ਦੀ ਦੇਖਾ-ਦੇਖੀ ਫਜ਼ੂਲ ਪੈਸੇ ਖਰਚਣ ਦੀ ਅੰਨ੍ਹੀ ਦੌੜ ਤੋਂ ਬਚਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਤੋਂ ਖੇਤੀ ਸੰਦ ਕਿਰਾਏ 'ਤੇ ਲੈ ਕੇ ਵਰਤਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਨਾਲ ਖੇਤੀ 'ਤੇ ਹੋਣ ਵਾਲੇ ਖਰਚ ਨੂੰ ਘਟਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਸਹਿਕ-ਾਰੀ ਸਭਾਵਾਂ ਨੂੰ ਅਜਿਹੇ ਸੰਦਾਂ ਦੀ ਖਰੀਦ ਲਈ ਸਬਸਿਡੀ ਦੇ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਸਰੋਤਾਂ ਦੀ ਵਰਤੋਂ ਸਮਝਦਾਰੀ ਨਾਲ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਖੇਤੀਬਾੜੀ ਨੂੰ ਲਾਭਦਾਇਕ ਕਿੱਤਾ ਬਣਾਇਆ ਜਾ ਸਕੇ ਅਤੇ ਇਸ 'ਤੇ ਹੋਣ ਵਾਲੇ ਖਰਚੇ ਨੂੰ ਘਟਾਇਆ ਜਾ ਸਕੇ।



ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਸੂਬੇ ਵਿੱਚ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ ਲਈ ਬਹੁਤ ਜ਼ੋਰ ਦੇ ਰਹੀ ਹੈ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸਹਿਕਾਰੀ ਖੇਤਰ ਦੇਸ਼ ਦੀ ਜੀਵਨ ਰੇਖਾ ਹੈ, ਜਿਸ ਨੇ ਆਜ਼ਾਦੀ ਤੋਂ ਬਾਅਦ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਸਹਿਕਾਰਤਾ ਲਹਿਰ ਨੇ ਸਮਾਜ ਦੇ ਸਾਰੇ ਵਰਗਾਂ ਖਾਸ ਕਰਕੇ ਕਿਸਾਨ ਭਾਈਚਾਰੇ ਨੂੰ ਬਹੁਤ ਲਾਭ ਪਹੁੰਚਾਇਆ ਹੈ, ਜਿਨ੍ਹਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਕੂਲ ਸਿੱਖਿਆ ਦੇ ਨਤੀਜਿਆਂ ਵਿੱਚ ਕੁੜੀਆਂ ਨੇ ਇਕ ਵਾਰ ਫਿਰ ਮੁੰਡਿਆਂ ਨੂੰ ਪਛਾੜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਨਤੀਜੇ ਪੰਜਾਬ ਵਿੱਚ ਮਿਆਰੀ ਸਿੱਖਿਆ ਲਈ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਠੋਸ ਯਤਨਾਂ ਨੂੰ ਦਰਸਾਉਂਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਸੁਹਿਰਦ ਯਤਨਾਂ ਦਾ ਲੜਕੀਆਂ ਨੂੰ ਬਹੁਤ ਫਾਇਦਾ ਹੋਇਆ ਹੈ ਜਿਸ ਨਾਲ ਸਿੱਖਿਆ ਦੇ ਖੇਤਰ ਵਿੱਚ ਸਿਖਰਲੀਆਂ ਪੁਜੀਸ਼ਨਾਂ ਪ੍ਰਾਪਤ ਕਰਕੇ ਉਨ੍ਹਾਂ ਦੇ ਸਸ਼ਕਤੀਕਰਨ ਦਾ ਰਾਹ ਪੱਧਰਾ ਹੋਇਆ ਹੈ। ਮੁੱਖ ਮੰਤਰੀ ਨੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸ਼ਾਨਦਾਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਮੁੱਖ ਮੰਤਰੀ ਨੇ ਕਿਹਾ ਕਿ ਇਹ ਲੜਕੀਆਂ ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਬੁਲੰਦੀਆਂ ਛੂਹਣ ਦੇ ਸਮਰੱਥ ਹੋਈਆਂ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀ, ਉਨ੍ਹਾਂ ਦੇ ਮਾਪੇ ਅਤੇ ਅਧਿਆਪਕ ਇਸ ਪ੍ਰਾਪਤੀ ਲਈ ਸ਼ਲਾਘਾ ਦੇ ਹੱਕਦਾਰ ਹਨ। ਉਨ੍ਹਾਂ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਵਿਦਿਆਰਥਣਾਂ, ਦੂਜੇ ਵਿਦਿਆਰਥੀਆਂ ਲਈ ਰੋਲ ਮਾਡਲ ਬਣਨਗੀਆਂ ਅਤੇ ਉੱਚ ਸਿੱਖਿਆ ਪ੍ਰਾਪਤ ਕਰਕੇ ਸਿੱਖਿਆ ਦੇ ਖੇਤਰ ਵਿੱਚ ਸਿਖਰਲੇ ਸਥਾਨ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵਿਦਿਆਰਥੀਆਂ, ਖਾਸ ਕਰਕੇ ਲੜਕੀਆਂ ਲਈ ਸਕੂਲ ਸਿੱਖਿਆ ਦਾ ਸਭ ਤੋਂ ਵਧੀਆ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ ਤਾਂ ਜੋ ਉਹ ਆਪਣੇ ਜੀਵਨ ਵਿੱਚ ਸਫਲ ਹੋ ਸਕਣ। ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪੰਜਾਬੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਜੇਕਰ ਸੂਬਾ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਸਕਦਾ ਹੈ ਤਾਂ ਉਹ ਸੂਬੇ ਦੇ ਪਾਣੀਆਂ ਦੀ ਵੀ ਰਾਖੀ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਲਗਦੀ 532 ਕਿਲੋਮੀਟਰ ਲੰਬੀ ਸਰਹੱਦ ਦੀ ਰਾਖੀ ਲਈ ਮਹਾਨ ਕੁਰਬਾਨੀਆਂ ਦੇਣ ਦਾ ਪੰਜਾਬ ਦਾ ਸ਼ਾਨਦਾਰ ਇਤਿਹਾਸ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਵਾਰ ਪੰਜਾਬੀ ਪਾਕਿਸਤਾਨੀ ਫੌਜ ਨੂੰ ਮੂੰਹ ਤੋੜ ਜਵਾਬ ਦੇਣ ਵਿੱਚ ਵੀ ਸਭ ਤੋਂ ਮੋਹਰੀ ਸਨ ਅਤੇ ਦੂਜੇ ਪਾਸੇ ਉਨ੍ਹਾਂ ਨੇ ਆਪਣੇ ਹਿੱਸੇ ਦਾ ਪਾਣੀ ਬਚਾਉਣ ਲਈ ਵੀ ਮੂਹਰੇ ਹੋ ਕੇ ਲੜਾਈ ਲੜੀ।

ਮੁੱਖ ਮੰਤਰੀ ਨੇ ਕਿਹਾ ਕਿ ਲਗਪਗ 20 ਦਿਨਾਂ ਤੱਕ ਸੂਬੇ ਦੇ ਮਿਹਨਤੀ ਅਤੇ ਸੁਚੇਤ ਲੋਕਾਂ ਨੇ ਹਰਿਆਣਾ ਅਤੇ ਕੇਂਦਰ ਨੂੰ ਪੰਜਾਬ ਤੋਂ ਇੱਕ ਵੀ ਬੂੰਦ ਪਾਣੀ ਚੋਰੀ ਨਹੀਂ ਕਰਨ ਦਿੱਤੀ। ਉਨ੍ਹਾਂ ਕਿਹਾ ਕਿ ਸਾਲਾਂ ਤੋਂ ਬੀ।ਬੀ।ਐਮ।ਬੀ। ਰਾਹੀਂ ਪੰਜਾਬ ਦੇ ਪਾਣੀ ਨੂੰ ਦੂਜੇ ਸੂਬਿਆਂ ਨੂੰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕਾਂਗਰਸ, ਅਕਾਲੀਆਂ ਅਤੇ ਭਾਜਪਾ ਦੇ ਹੱਥ ਪੰਜਾਬੀਆਂ ਦੇ ਖ਼ੂਨ ਨਾਲ ਰੰਗੇ ਹੋਏ ਹਨ ਕਿਉਂਕਿ ਇਨ੍ਹਾਂ ਪਾਰਟੀਆਂ ਨੇ ਆਪਣੇ ਨਿੱਜੀ ਹਿੱਤਾਂ ਲਈ ਸੂਬੇ ਦੇ ਪਾਣੀ ਦੇ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਪਿਛਲੇ ਆਗੂਆਂ ਨੇ ਕਈ ਮੁੱਦਿਆਂ 'ਤੇ ਸੂਬੇ ਦੇ ਹਿੱਤਾਂ ਨਾਲੋਂ ਆਪਣੇ ਹਿੱਤਾਂ ਨੂੰ ਮਹੱਤਵ ਦੇ ਕੇ ਲੋਕਾਂ ਨਾਲ ਗੱਦਾਰੀ ਕੀਤੀ ਹੈ।

## .ਗ਼ਜ਼ਲ

ਅਪਣੇ ਘਰ ਨੂੰ ਰੋਜ਼ ਸਜਾਇਆ ਤੇਰੇ ਜਾਵਣ ਪਿੱਛੋਂ।
ਇਹ ਦਿਲ ਫਿਰ ਨਾ ਵਾਪਸ ਆਇਆ ਤੇਰੇ ਜਾਵਣ ਪਿੱਛੋਂ।
ਝੱਲਿਆ ਦੁਨੀਆਂ ਉੱਤੋਂ ਜਿਹੜੇ ਤੁਰ ਜਾਂਦੇ ਕਦ ਆਉਂਦੇ,
ਸਮਝੇ ਨਾ ਪਰ ਦਿਲ ਸਮਝਾਇਆ ਤੇਰੇ ਜਾਵਣ ਪਿੱਛੋਂ।
ਘਰ ਦੇ ਕੋਨੇ-ਕੋਨੇ ਦੇ ਵਿਚ ਜਿੱਥੇ ਪੈਰ ਧਰੇ ਤੂੰ,
ਤੇਰੀ ਖ਼ੁਸ਼ਬੂ ਨੇ ਤੜਪਾਇਆ ਤੇਰੇ ਜਾਵਣ ਪਿੱਛੋਂ।
ਗੁਲਦਸਤੇ ਤੇਰੀਆਂ ਯਾਦਾਂ ਦੇ ਥਾਂ-ਥਾਂ ਉੱਪਰ ਖਿਲਰੇ,
ਕੀ ਕੀ ਦੱਸਾਂ ਕਿੰਝ ਰਲਾਇਆ ਤੇਰੇ ਜਾਵਣ ਪਿੱਛੋਂ।
ਹਰ ਹੰਝੂ ਚੋਂ ਤੇਰੀ ਇਕ ਤਸਵੀਰ ਬਣੀ ਹੈ ਏਦਾਂ,
ਅੱਖਾਂ ਚੋਂ ਨਾ ਨੀਰ ਛੁਪਾਇਆ ਤੇਰੇ ਜਾਵਣ ਪਿੱਛੋਂ।
ਵਰ੍ਹਦੇ ਜਾਂਦੇ ਬੱਦਲਾਂ ਨੂੰ ਫ਼ਿਰ ਇਕ ਬਦਲੋਟੀ ਕਹਿੰਦੀ,
ਮਾਰੂਥਲ ਕਿੰਨਾ ਪਛਤਾਇਆ ਤੇਰੇ ਜਾਵਣ ਪਿੱਛੋਂ।
ਕੱਲਾ-ਕੱਲਾ ਤਾਰਾ ਟੁੱਟਿਆ ਸੂਰਜ ਚੰਨ ਗਵਾਚਾ,
ਯਾਦਾਂ ਵਾਲਾ ਗਗਨ ਰੁਲਾਇਆ ਤੇਰੇ ਜਾਵਣ ਪਿੱਛੋਂ।
ਜਿੱਦਾਂ ਖੰਜਰ ਖੋਭ ਕੇ ਕੋਈ ਵਿੱਚ ਘੁਮਾਈ ਜਾਵੇ,
ਮੁੜ-ਮੁੜ ਚਾਵਾਂ ਇੰਝ ਸਤਾਇਆ ਤੇਰੇ ਜਾਵਣ ਪਿੱਛੋਂ।
ਉਦਾਸੀ ਦੇ ਮਹਿਲ ਖੜ੍ਹੇ ਨੇ ਥੋਰ ਨਿਰਾਸ਼ਾ ਵਾਲੀ,
ਕੀ ਕੀ ਸੱਜਣਾ ਹੋਰ ਬਣਾਇਆ ਤੇਰੇ ਜਾਵਣ ਪਿੱਛੋਂ।
ਮਾਲੀ ਤੋਂ ਬਿਨ ਬਾਗ਼ ਦੀ ਹਾਲਤ ਸਭ ਫੁੱਲ ਪਏ ਦਸਦੇ ਨੇ,
ਪੱਤਾ-ਪੱਤਾ ਹੈ ਕੁਮਲਾਇਆ ਤੇਰੇ ਜਾਵਣ ਪਿੱਛੋਂ।
ਸੰਵੇਦਨਸ਼ੀਲ ਸੁਭਾਅ ਦਾ ਕੋਈ ਕਿਹੜਾ ਫੁੱਲ ਉਗਾਵਾਂ,
ਸੂਈ ਮੂਈ ਨੇ ਤੜਪਾਇਆ ਤੇਰੇ ਜਾਵਣ ਪਿੱਛੋਂ।
ਟੁਟਦੀ ਸ਼ਬਨਮ ਦਾ ਇਕ ਕਤਰਾ ਖੋਹ ਕੇ ਤਿੱਖੀ ਧੁੱਪ ਤੋਂ,
ਘੁੱਟ ਕੇ ਸੀਨੇ ਨਾਲ ਲਗਾਇਆ ਤੇਰੇ ਜਾਵਣ ਪਿੱਛੋਂ।
ਤੇਰੇ ਨਹਿਰ ਕਿਨਾਰੇ ਉੱਤੇ ਨਾ ਗੁਲਸ਼ਨ ਨਾ ਪਾਣੀ,
ਕੂੰਜਾਂ ਵਾਲਾ ਝੁੰਡ ਕੁਰਲਾਇਆ ਤੇਰੇ ਜਾਵਣ ਪਿੱਛੋਂ।
ਹੁਣ ਤਾਂ ਇਕ ਧਰਵਾਸਾ ਦਿੰਦਾ ਏਸ ਨਿਮਾਣੇਂ ਦਿਲ ਨੂੰ,
ਤੇਰੀਆਂ ਯਾਦਾਂ ਦਾ ਸਰਮਾਇਆ ਤੇਰੇ ਜਾਵਣ ਪਿੱਛੋਂ।
ਮਹਿਫਿਲ ਦੇ ਵਿਚ ਗੀਤ ਗ਼ਜ਼ਲ ਨਾ, ਨਾ ਕੋਈ ਅਪਣਾਪਣ,
ਬਾਲਮ ਹਰ ਇਕ ਸ਼ਖ਼ਸ਼ ਪਰਾਇਆ ਤੇਰੇ ਜਾਵਣ ਪਿੱਛੋਂ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਮੋਬਾਈਲ ਨੰਬਰ 9815625409**

HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

## Matrimonial

USA born boy Doctor DPT (Doctor of physio therapist) born 1993, About 6 ft tall very handsome Looking for suitable match no smoking no drinking.

**Contact- 559 709 8838**


# ਨਵਾਂਸ਼ਹਿਰ ਦੇ ਚੰਦਨਦੀਪ ਨੇ ਬੰਗਲਾਦੇਸ਼ ਵਿੱਚ ਮੁੱਕੇਬਾਜ਼ੀ ਵਿੱਚ ਚਾਂਦੀ ਦਾ ਤਗਮਾ ਜਿੱਤਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿੱਚ ਹੋਏ ਅੰਤਰਰਾਸ਼ਟਰੀ ਮੁੱਕੇਬਾਜ਼ੀ ਮੈਚਾਂ ਵਿੱਚ ਚਾਂਦੀ ਦਾ ਤਗਮਾ ਜਿੱਤਣ ਵਾਲੇ ਸਥਾਨਕ ਨਿਵਾਸੀ ਚੰਦਨਦੀਪ ਸਿੰਘ ਨੂੰ ਨਵਾਂਸ਼ਹਿਰ ਵਾਪਸ ਆਉਣ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੇ ਖੇਡ ਵਿਭਾਗ ਨੇ ਉਸਨੂੰ ਸਭ ਤੋਂ ਵਧੀਆ ਦਿੱਤਾ ਹੈ। ਮੁੱਕੇਬਾਜ਼ੀ ਵਿੱਚ ਹੋਰ ਉਚਾਈਆਂ 'ਤੇ ਪਹੁੰਚਣ ਲਈ ਹਰ ਸੰਭਵ ਮਦਦ ਕੀਤੀ



ਜਾਵੇਗੀ।ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਪਣੇ ਦਫ਼ਤਰ ਵਿੱਚ ਚੰਦਨਦੀਪ ਸਿੰਘ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖਿਡਾਰੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਤਗਮੇ ਜਿੱਤ ਕੇ ਪੂਰੇ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਉਨ੍ਹਾਂ ਚੰਦਨਦੀਪ ਸਿੰਘ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਅਤੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਦੀ ਕਾਮਨਾ ਕੀਤੀ। ਉਨ੍ਹਾਂ ਖਿਡਾਰੀ ਚੰਦਨਦੀਪ ਸਿੰਘ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਜੋ ਵੀ ਸਹੂਲਤ ਦਿੱਤੀ ਜਾ ਰਹੀ ਹੈ, ਉਸਦਾ ਪੂਰਾ ਲਾਭ ਉਠਾਉਣ, ਭਵਿੱਖ ਵਿੱਚ ਵੀ ਇਸੇ ਤਰ੍ਹਾਂ ਨਾਮ ਰੱਖਿਆ ਜਾਵੇ। ਚੰਦਨਦੀਪ ਸਿੰਘ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਹ ਬੀ। ।। ਉਹ ਭਾਗ ਤਿੰਨ ਦਾ ਵਿਦਿਆਰਥੀ ਹੈ ਅਤੇ 24 ਮਈ ਨੂੰ ਚਾਂਦੀ ਦਾ ਤਗਮਾ ਜਿੱਤ ਕੇ ਘਰ ਪਰਤਿਆ ਹੈ। ਚੰਦਨਦੀਪ ਸਿੰਘ ਨੇ ਕਿਹਾ ਕਿ ਉਸਨੇ 70 ਕਿਲੋਗ੍ਰਾਮ ਭਾਰ ਵਰਗ ਵਿੱਚ ਹਿਸਾ ਲਿਆ ਅਤੇ ਚਾਂਦੀ ਦਾ ਤਗਮਾ ਜਿੱਤਿਆ। ਜ਼ਿਲ੍ਹਾ ਖੇਡ ਅਧਿਕਾਰੀ ਵੰਦਨਾ ਚੌਹਾਨ ਨੇ ਖਿਡਾਰੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਖੇਡ ਵਿਭਾਗ ਸਮੇਂ-ਸਮੇਂ 'ਤੇ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਦੇ ਪ੍ਰਸਾਰ ਅਤੇ ਖਿਡਾਰੀਆਂ ਦੇ ਸਰਵਪੱਖੀ ਵਿਕਾਸ ਲਈ ਅਮਿੱਟ ਕਦਮ ਚੁੱਕ ਰਹੀ ਹੈ ਜਿਸ ਤਹਿਤ ਮੌਜੂਦਾ ਵਿੱਤੀ ਸਾਲ ਵਿੱਚ 'ਖੇੜਾ ਪੰਜਾਬ, ਬਦਲਦਾ ਪੰਜਾਬ' ਦੇ ਵਿਜ਼ਨ ਨੂੰ ਪੂਰਾ ਕਰਨ ਲਈ 979 ਕਰੋੜ ਰੁਪਏ ਰੱਖੇ ਗਏ ਹਨ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਹੈ। ਜਾਰੀ ਕੀਤੀ ਜਾਣ ਵਾਲੀ ਰਕਮ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਖਿਡਾਰੀਆਂ ਨੂੰ ਇੱਕ ਰਚਨਾਤਮਕ ਮਾਹੌਲ ਅਤੇ ਉਨ੍ਹਾਂ ਦੇ ਖੇਡ ਵਿੱਚ ਅੱਗੇ ਵਧਣ ਲਈ ਲੋੜੀਂਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ। ਚੰਦਨਦੀਪ ਸਿੰਘ (23) ਨੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦਾ ਉਨ੍ਹਾਂ ਦੇ ਹੌਸਲੇ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਦੀ 'ਖੇੜਾ ਵਤਨ ਪੰਜਾਬ ਦੀ' ਪਹਿਲਕਦਮੀ ਨੇ ਉਨ੍ਹਾਂ ਦੀ ਖੇਡ ਭਾਵਨਾ ਨੂੰ ਬਹੁਤ ਮਜ਼ਬੂਤ ਕੀਤਾ ਕਿਉਂਕਿ ਉਸਨੇ ਇਨ੍ਹਾਂ ਖੇਡਾਂ ਵਿੱਚ ਵੀ ਚਾਂਦੀ ਦੇ ਤਗਮੇ ਜਿੱਤੇ ਹਨ। ਉਸਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਸਖ਼ਤ ਮਿਹਨਤ ਕਰਕੇ ਹੋਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਜਿੱਤਾਂ ਦਰਜ ਕਰਨ ਲਈ ਉਤਸੁਕ ਹੈ। ਉਸਨੇ ਕਿਹਾ ਕਿ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਤੋਂ ਉਸਦੇ ਕੋਚ ਜਸਕਰਨ ਸਿੰਘ ਨੇ ਉਸਨੂੰ ਮੁਕਾਬਲਿਆਂ ਲਈ ਚੰਗੀ ਤਰ੍ਹਾਂ ਤਿਆਰ ਕੀਤਾ, ਜਿਸਦੇ ਨਤੀਜੇ ਵਜੋਂ ਉਹ ਚਾਂਦੀ ਦਾ ਤਗਮਾ ਜੇਤੂ ਬਣਿਆ। ਇਸ ਮੌਕੇ ਚੰਦਨਦੀਪ ਸਿੰਘ ਦੇ ਪਿਤਾ ਇੰਦਰਜੀਤ ਸਿੰਘ, ਕੋਚ ਗੁਰਪ੍ਰੀਤ ਸਿੰਘ ਆਦਿ ਵੀ ਮੌਜੂਦ ਸਨ।

# ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਦੀ ਰਿਹਾਈ ਲਈ ਨਵਾਂਸ਼ਹਿਰ ਵਿਚ ਮੁਜਾਹਰਾ 2 ਜੂਨ ਨੂੰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** 20 ਮਈ ਨੂੰ ਜਿਲਾ ਸੰਗਰੂਰ ਦੇ ਬੇਚਿਰਾਗ ਪਿੰਡ ਐਸਵਾਨ ਬੀੜ ਜਮੀਨ ਉੱਤੇ ਬੇਗਮਪੁਰਾ ਵਸਾਉਣ ਵਸਾਉਣ ਦਾ ਐਲਾਨ ਕਰਨ ਵਾਲੀ 'ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ' ਦੇ ਸੈਂਕੜੇ ਆਗੂਆਂ ਅਤੇ ਵਰਕਰਾਂ ਦੀ ਰਿਹਾਈ ਦੀ ਮੰਗ ਨੂੰ ਲੈਕੇ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ ਪੰਜਾਬ ਦੇ ਜਿਲਾ ਹੈਂਡਕੁਆਰਟਰਾਂ ਉੱਤੇ ਮੁਜਾਹਰੇ ਕਰਨ ਦੇ ਸੱਦੇ ਤਹਿਤ ਮਜਦੂਰ ਜਥੇਬੰਦੀਆਂ ਵਲੋਂ ਨਵਾਂਸ਼ਹਿਰ ਵਿਖੇ ਰੋਹ ਭਰਪੂਰ ਮੁਜਾਹਰਾ ਕੀਤਾ ਜਾਵੇਗਾ। ਮੁਜਾਹਰੇ ਤੋਂ ਪਹਿਲਾਂ ਸਵੇਰੇ 9 ਵਜੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਰੈਲੀ ਕੀਤੀ ਜਾਵੇਗੀ। ਇਹ ਫੈਸਲਾ ਅੱਜ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਮਜਦੂਰ ਜਥੇਬੰਦੀਆਂ ਦੀ ਹੋਈ ਮੀਟਿੰਗ ਵਿਚ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ ਨੇ ਦੱਸਿਆ ਕਿ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਇਹ ਐਲਾਨ ਕੀਤਾ ਹੋਇਆ ਸੀ ਕਿ 20 ਮਈ ਨੂੰ ਜਿਲਾ ਸੰਗਰੂਰ ਦੇ ਐਸਵਾਨ ਬੀੜ ਦੀ 927 ਏਕੜ ਜਮੀਨ ਮਜਦੂਰਾਂ ਵਿਚ ਵੰਡਕੇ ਉੱਥੇ ਬੇਗਮ ਪੁਰਾ ਵਸਾਇਆ ਜਾਵੇਗਾ। ਪੰਜਾਬ ਦੀ ਮਾਨ ਸਰਕਾਰ ਦੀ ਪੁਲਸ ਨੇ ਪਿੰਡਾਂ ਵਿਚ ਛਾਪੇਮਾਰੀ ਕਰਕੇ ਅਤੇ ਨਾਕੇ ਲਾਕੇ ਕਮੇਟੀ ਦੇ ਸੈਂਕੜੇ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਹਲਾਂ ਵਿਚ ਬੰਦ ਕਰ ਦਿੱਤਾ ਜਿਹਨਾਂ ਵਿਚ ਮਜਦੂਰ ਔਰਤਾਂ ਵੱਡੀ ਗਿਣਤੀ ਵਿਚ ਸ਼ਾਮਲ ਹਨ। ਇੱਥੇ ਹੀ ਬਸ ਨਹੀਂ ਬੀਤੇ ਕੱਲ ਵੀ ਪੁਲਸ ਨੇ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੇ ਘਰ ਦੇ ਜਿੰਦਰੇ ਤੋੜਕੇ ਤਲਾਸ਼ੀ ਲਈ ਅਤੇ ਦਹਿਸ਼ਤ ਫੈਲ-ਾਉਣ ਦੀ ਕੋਸ਼ਿਸ਼ ਕੀਤੀ।ਉਹਨਾਂ ਕਿਹਾ ਕਿ ਮਾਨ ਸਰਕਾਰ ਦਾ ਮਜਦੂਰ ਵਿਰੋਧੀ ਅਤੇ ਜਮਹੂਰੀਅਤ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ।



ਇਸ ਮੀਟਿੰਗ ਨੂੰ ਕਾਮਰੇਡ ਨਿਰੰਜਣ ਦਾਸ, ਕੁੱਲ ਹਿੰਦ ਮਜਦੂਰ ਸਭਾ ਦੇ ਆਗੂ ਪਰਮਿੰਦਰ ਮੇਨਕਾ, ਸੰਤੋਖ ਪਾਲ,ਗੁਰਬਖਸ਼ ਕੌਰ,ਧਰਮ ਪਾਲ,ਸਰਾਧੂ ਰਾਮ, ਪੰਜਾਬ ਖੇਤ ਮਜਦੂਰ ਸਭਾ ਦੇ ਆਗੂ ਸੁਰਿੰਦਰ ਭੱਟੀ, ਸੁਖਦੇਵ ਸਿੰਘ ਰਾਹੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਨ ਸਰਕਾਰ ਸੂਬੇ ਵਿਚ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਸਾਢੇ ਸਤਾਰਾਂ ਏਕੜ ਤੋਂ ਵਾਧੂ ਜਮੀਨ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਵਿਚ ਵੰਡੇ।


# Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh




Cell : 530-870-6600

Fax : (530) 870-1429

532 Houston St.
West Sacramento, CA 95691

Email: myfuturetruck@gmail.com

# ਭਗਵਤੀ ਚਰਨ ਵੋਹਰਾ ਦੇ ਸ਼ਹੀਦੀ ਦਿਹਾੜੇ 'ਤੇ ਦੇਸ਼ ਭਗਤ ਹਾਲ 'ਚ ਪਈਆਂ ਗ਼ਦਰੀ ਗੂੰਜਾਂ



**ਜਲੰਧਰ–** ਸਾਡੇ ਮੁਲਕ ਦੀ ਇਨਕਲਾਬੀ ਲਹਿਰ ਦੇ ਬੌਧਿਕ ਅੰਬਰ ਦੇ ਸਿਤਾਰੇ ਅਤੇ ਕਰਾਂਤੀ ਦੇ ਮਘਦੇ ਸੂਰਜ ਭਗਵਤੀ ਚਰਨ ਵੋਹਰਾ ਦੇ ਸ਼ਹੀਦੀ ਦਿਹਾੜੇ ਮੌਕੇ ਅੱਜ ਦੇਸ਼ ਭਗਤ ਯਾਦਗਾਰ ਹਾਲ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ (ਘਾਹ ਪਾਰਕ), ਪ੍ਰਮੁੱਖ ਪ੍ਰਵੇਸ਼ ਦੁਆਰ ਦੇ ਨਾਲ ਆਧੁਨਿਕ ਸਾਊਂਡ ਸਿਸਟਮ ਲਗਾਇਆ ਗਿਆ, ਜਿਸ ਵਿੱਚ ਹਰ ਰੋਜ਼ ਸ਼ਾਮ ਸਵੇਰੇ ਗ਼ਦਰੀ ਗੂੰਜਾਂ ਅਤੇ ਲੋਕ-ਪੱਖੀ ਗੀਤ ਸੰਗੀਤ ਦੀ ਰਸਭਿੰਨੀ ਆਵਾਜ਼ ਜ਼ਿੰਦਗੀ ਨੂੰ ਨਵੀਂ ਪਰਵਾਜ਼ ਭਰਨ ਲਈ ਪ੍ਰੇਰਨਾਦਾਇਕ ਹੋਏਗੀ। ਗੀਤ-ਸੰਗੀਤ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਲੱਗਦੇ ਮੇਲੇ, ਹੋਰ ਸਮਾਗਮਾਂ ਮੌਕੇ ਵੀ ਸੂਚਨਾਵਾਂ ਦਾ ਕੰਟਰੋਲ ਰੂਮ ਹੋਏਗਾ। ਅੱਜ ਭਗਵਤੀ ਚਰਨ ਵੋਹਰਾ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਕੀਤਾ ਗਿਆ ਇਹ ਸਾਊਂਡ ਪ੍ਰੋਜੈਕਟ। ਕਮੇਟੀ ਦਾ ਕਹਿਣਾ ਹੈ ਕਿ ਗ਼ਦਰੀ ਗੂੰਜਾਂ ਦੇ ਇਸ ਪ੍ਰੋਜੈਕਟ ਵਿੱਚ ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਹੋਰੀਂ ਦਾ ਵਿਸ਼ੇਸ਼ ਯੋਗਦਾਨ ਲਈ ਵਧਾਈ ਦੇ ਪਾਤਰ ਹਨ।

ਇਸ ਸਮਾਗਮ ਦੇ ਦੂਜੇ ਸੈਸ਼ਨ ਵਿੱਚ ਹੋਈ ਵਿਚਾਰ-ਚਰਚਾ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਮੁਲਕ ਦੀ ਭਟਕੀ ਜੁਆਨੀ ਲਈ ਮਾਰਗ ਦਰਸ਼ਕ ਹੈ ਵੋਹਰਾ ਦਾ ਸੰਗਰਾਮੀ ਸਫ਼ਰ। ਉਹਨਾਂ ਕਿਹਾ ਕਿ ਪੜ੍ਹਨ, ਅਧਿਐਨ ਕਰਨ ਅਤੇ ਥਿਊਰੀ ਨੂੰ ਅਮਲ ਵਿੱਚ ਲਾਗੂ ਕਰਨ ਦਾ ਦੂਜਾ ਨਾਮ ਭਗਵਤੀ ਚਰਨ ਵੋਹਰਾ ਹੈ।

ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਸ਼ਹੀਦ ਭਗਵਤੀ ਚਰਨ ਵੋਹਰਾ ਦੀ ਜੀਵਨ ਸਾਥਣ ਦੁਰਗਾ ਭਾਬੀ ਵੱਲੋਂ ਭਗਤ ਸਿੰਘ ਅਤੇ ਰਾਜਗੁਰੂ ਨੂੰ ਲਾਹੌਰ ਤੋਂ ਸੂਹੀਆ ਤੰਤਰ ਤੋਂ ਅੱਖ ਬਚਾ ਕੇ ਰੇਲ ਗਡੀ ਰਾਹੀਂ ਕਲਕੱਤਾ ਲੈ ਕੇ ਜਾਣਾ ਇਹ ਦਰਸਾਉਂਦਾ ਹੈ ਕਿ ਗ਼ਦਰੀ ਗੁਲਾਬ ਕੌਰ ਦੀਆਂ ਵਾਰਸ ਵੀਰਾਂਗਣਾਂ ਸਮੇਂ-ਸਮੇਂ ਇਨਕਲਾਬੀ ਲਹਿਰਾਂ ਦੀ ਅਗਲੀ ਕਤਾਰ ਵਿੱਚ ਰਹੀਆਂ ਹਨ ਅਤੇ ਰਹਿਣਗੀਆਂ।

ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਕਿਹਾ ਕਿ ਅਜੇਹੀਆਂ ਸਖ਼ਸ਼ੀਅਤਾਂ ਇਤਿਹਾਸ ਦੇ ਅਨਮੋਲ ਹੀਰੇ ਹੋਇਆ ਕਰਦੀਆਂ ਨੇ। ਨੌਜਵਾਨ ਭਾਰਤ ਸਭਾ ਅੰਦਰ ਭਗਵਤੀ ਚਰਨ ਵੋਹਰਾ ਦੀਆਂ ਅਨੇਕਾਂ ਪੈੜ੍ਹਾਂ ਅਜੇ ਲੋਕਾਂ ਦੀ ਨਜ਼ਰ ਆਉਣ ਵਾਲੀਆਂ ਹਨ।

ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਕਿਹਾ ਕਿ ਭਗਵਤੀ ਚਰਨ ਵੋਹਰਾ ਨੂੰ ਹਕੀਕੀ ਸ਼ਰਧਾਂਜ਼ਲੀ ਇਹੋ ਹੈ ਕਿ ਅਸੀਂ ਅੱਜ ਚੜ੍ਹਦੇ ਸੂਰਜ ਕਤਲ ਕੀਤੇ ਜਾ ਰਹੇ ਆਦਿਵਾਸੀਆਂ, ਮਾਓਵਾਦੀਆਂ ਦੇ ਹੱਕ 'ਚ ਆਵਾਜ਼ ਬੁਲੰਦ ਕਰੀਏ। ਇਹ ਇਨਕਲਾਬੀ ਸਾਡੇ ਅੱਜ ਦੇ ਭਗਵਤੀ ਚਰਨ ਵੋਹਰਾ ਅਤੇ ਭਗਤ ਸਰਾਭੇ ਨੇ। ਉਹਨਾਂ ਕਿਹਾ ਕਿ ਭਾਜਪਾ ਦੇ ਮੋਦੀ, ਅਮਿਤ ਸ਼ਾਹ ਨੂੰ ਕਤਲਾਂ ਦਾ ਲਾਇਸੈਂਸ ਕਿਸਨੇ ਦਿੱਤਾ ਹੈ, ਸਾਨੂੰ ਡਟਕੇ ਬੋਲਣ ਦੀ ਲੋੜ ਹੈ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਭਗਵਤੀ ਚਰਨ ਵੋਹਰਾ ਅਤੇ ਭਗਤ ਸਿੰਘ ਦੇਖਣ ਨੂੰ ਹੀ ਦੋ ਸਨ, ਇਨ੍ਹਾਂ ਵਿੱਚ ਇਕੋ ਜਿੰਦੜੀ ਸਨ। ਬੌਧਿਕ ਅਤੇ ਅਮਲ ਦੇ ਖੇਤਰ ਦੇ ਧਰੂ ਤਾਰਿਆਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹੋਏ ਸਾਨੂੰ ਉਹਨਾਂ ਦੇ ਜੀਵਨ ਤੋਂ ਸਬਕ ਗ੍ਰਹਿਣ ਕਰਨ ਦੀ ਲੋੜ ਹੈ। ਵੋਹਰਾ ਨੂੰ ਆਪਣੇ ਜੀਵਨ ਸਫ਼ਰ 'ਚ ਨਿਰਮੂਲ ਦੋਸ਼ ਵੀ ਸੁਣਨੇ ਪਏ ਪਰ ਉਹਨਾਂ ਦੀ ਸ਼ਹਾਦਤ ਨੇ ਹਕੀਕਤ ਦੀ ਰੌਸ਼ਨੀ ਬਿਖੇਰ ਦਿੱਤੀ। ਇਸ ਮੌਕੇ ਕਮੇਟੀ ਮੈਂਬਰ ਗੁਰਮੀਤ, ਰਣਜੀਤ ਸਿੰਘ ਔਲਖ, ਦੇਸ਼ ਭਗਤ ਹਾਲ ਦੇ ਸਟਾਫ਼ ਮੈਂਬਰ ਅਤੇ ਵੱਖ-ਵੱਖ ਮਜ਼ਦੂਰ, ਕਿਸਾਨ, ਔਰਤ ਜੱਥੇਬੰਦੀਆਂ 'ਚ ਕੰਮ ਕਰਦੇ ਕਾਰਕੁੰਨ ਜਸਬੀਰ ਜੱਸੀ, ਕਸ਼ਮੀਰ ਘੁੱਗਸ਼ੋਰ, ਤਰਸੇਮ ਪੀਟਰ, ਨਿਰਭੈ ਢੁੱਡੀਕੇ ਹਾਜ਼ਰ ਸਨ।

# ਨਵਾਂਸ਼ਹਿਰ ਦੇ ਚੰਦਨਦੀਪ ਨੇ ਬੰਗਲਾਦੇਸ਼ ਵਿੱਚ ਮੁੱਕੇਬਾਜ਼ੀ ਵਿੱਚ ਚਾਂਦੀ ਦਾ ਤਗਮਾ ਜਿੱਤਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿੱਚ ਹੋਏ ਅੰਤਰਰਾਸ਼ਟਰੀ ਮੁੱਕੇਬਾਜ਼ੀ ਮੈਚਾਂ ਵਿੱਚ ਚਾਂਦੀ ਦਾ ਤਗਮਾ ਜਿੱਤਣ ਵਾਲੇ ਸਥਾਨਕ ਨਿਵਾਸੀ ਚੰਦਨਦੀਪ ਸਿੰਘ ਨੂੰ ਨਵਾਂਸ਼ਹਿਰ ਵਾਪਸ ਆਉਣ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੇ ਖੇਡ ਵਿਭਾਗ ਨੇ ਉਸਨੂੰ ਸਭ ਤੋਂ ਵਧੀਆ ਦਿੱਤਾ ਹੈ। ਮੁੱਕੇਬਾਜ਼ੀ ਵਿੱਚ ਹੋਰ ਉਚਾਈਆਂ 'ਤੇ ਪਹੁੰਚਣ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ।ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਪਣੇ ਦਫ਼ਤਰ ਵਿੱਚ ਚੰਦਨਦੀਪ ਸਿੰਘ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖਿਡਾਰੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਤਗਮੇ ਜਿੱਤ ਕੇ ਪੂਰੇ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਉਨ੍ਹਾਂ ਚੰਦਨਦੀਪ ਸਿੰਘ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਅਤੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਦੀ ਕਾਮਨਾ ਕੀਤੀ। ਉਨ੍ਹਾਂ ਖਿਡਾਰੀ ਚੰਦਨਦੀਪ ਸਿੰਘ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਜੋ ਵੀ ਸਹੂਲਤ ਦਿੱਤੀ ਜਾ ਰਹੀ ਹੈ, ਉਸਦਾ ਪੂਰਾ ਲਾਭ ਉਠਾਉਣ, ਭਵਿੱਖ ਵਿੱਚ ਵੀ ਇਸੇ ਤਰ੍ਹਾਂ ਨਾਮ ਰੱਖਿਆ ਜਾਵੇ। ਚੰਦਨਦੀਪ ਸਿੰਘ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਹ ਬੀ। ।। ਉਹ ਭਾਗ ਤਿੰਨ ਦਾ ਵਿਦਿਆਰਥੀ ਹੈ ਅਤੇ 24 ਮਈ ਨੂੰ ਚਾਂਦੀ ਦਾ ਤਗਮਾ ਜਿੱਤ ਕੇ ਘਰ ਪਰਤਿਆ ਹੈ। ਚੰਦਨਦੀਪ ਸਿੰਘ ਨੇ ਕਿਹਾ ਕਿ ਉਸਨੇ 70 ਕਿਲੋਗ੍ਰਾਮ ਭਾਰ ਵਰਗ ਵਿੱਚ ਹਿੱਸਾ ਲਿਆ ਅਤੇ ਚਾਂਦੀ ਦਾ ਤਗਮਾ ਜਿੱਤਿਆ। ਜ਼ਿਲ੍ਹਾ ਖੇਡ ਅਧਿਕਾਰੀ ਵੰਦਨਾ ਚੌਹਾਨ ਨੇ ਖਿਡਾਰੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਖੇਡ ਵਿਭਾਗ ਸਮੇਂ-ਸਮੇਂ 'ਤੇ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਦੇ ਪ੍ਰਸਾਰ ਅਤੇ ਖਿਡਾਰੀਆਂ ਦੇ ਸਰਵਪੱਖੀ ਵਿਕਾਸ ਲਈ ਅਮਿੱਟ ਕਦਮ ਚੁੱਕ ਰਹੀ ਹੈ ਜਿਸ ਤਹਿਤ ਮੌਜੂਦਾ ਵਿੱਤੀ ਸਾਲ ਵਿੱਚ 'ਖੇਡਾ ਪੰਜਾਬ, ਬਦਲਦਾ ਪੰਜਾਬ' ਦੇ ਵਿਜ਼ਨ ਨੂੰ ਪੂਰਾ ਕਰਨ ਲਈ 979 ਕਰੋੜ ਰੁਪਏ ਰੱਖੇ ਗਏ ਹਨ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਹੈ। ਜਾਰੀ ਕੀਤੀ ਜਾਣ ਵਾਲੀ ਰਕਮ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਖਿਡਾਰੀਆਂ ਨੂੰ ਇੱਕ ਰਚਨਾਤਮਕ ਮਾਹੌਲ ਅਤੇ ਉਨ੍ਹਾਂ ਦੇ ਖੇਡ ਵਿੱਚ ਅੱਗੇ ਵਧਣ ਲਈ ਲੋੜੀਂਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ। ਚੰਦਨਦੀਪ ਸਿੰਘ (23) ਨੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦਾ ਉਨ੍ਹਾਂ ਦੇ ਹੌਸਲੇ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਦੀ 'ਖੇਡਾ ਵਤਨ ਪੰਜਾਬ ਦੀ' ਪਹਿਲਕਦਮੀ ਨੇ ਉਨ੍ਹਾਂ ਦੀ ਖੇਡ ਭਾਵਨਾ ਨੂੰ ਬਹੁਤ ਮਜ਼ਬੂਤ ਕੀਤਾ ਕਿਉਂਕਿ ਉਸਨੇ ਇਨ੍ਹਾਂ ਖੇਡਾਂ ਵਿੱਚ ਵੀ ਚਾਂਦੀ ਦੇ ਤਗਮੇ



## ਪੁਸਤਕ ਸਮੀਖਿਆ

**ਪੰਜਾਬ: ਬੜ੍ਹਕ ਨਾ ਮੜਕ**
**ਰੀਵਿਊਕਾਰ:**
**ਬਲਜਿੰਦਰ ਮਾਨ 98150- 18947**
**ਲੇਖਕ: ਕਮਲਜੀਤ ਸਿੰਘ ਬਨਵੈਤ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ,**
**ਪੰਨੇ: 140, ਮੁੱਲ: 250/-**

ਕਮਲਜੀਤ ਸਿੰਘ ਬਨਵੈਤ ਪੰਜਾਬੀ ਟ੍ਰਿਬਿਊਨ ਦੇ ਸੰਪਾਦਕੀ ਪਰਿਵਾਰ ਵਿੱਚ ਸ਼ਾਮਿਲ ਹੋ ਕੇ ਉੱਚੀਆਂ ਤੇ ਸੁੱਚੀਆਂ ਗੱਲਾਂ ਕਰਨ ਦੇ ਮਾਹਿਰ ਸਾਹਿਤਕਾਰ ਤੇ ਪੱਤਰਕਾਰ ਬਣੇ। ਉਹਨਾਂ ਜੀਵਨ ਵਿੱਚ ਹੱਕ ਸੱਚ ਤੇ ਇਨਸਾਫ਼ ਦੀ ਗੱਲ ਨੂੰ ਸਿਖ਼ਰ ਤੱਕ ਪਹੁੰਚਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਇਨਸਾਨੀ ਕਦਰਾਂ ਕੀਮਤਾਂ ਦਾ ਪ੍ਰਚਾਰ ਪ੍ਰਸਾਰ ਅਤੇ ਸਚੋ ਸੱਚ ਨਿਤਾਰਨ ਲਈ ਦਿਨ ਰਾਤ ਇੱਕ ਕੀਤੀ। ਆਪਣੀ ਮਿਹਨਤ, ਲਗਨ, ਹਿੰਮਤ, ਹੌਸਲਾ ਅਤੇ ਦ੍ਰਿੜਤਾ ਵਰਗੇ ਗੁਣਾਂ ਨਾਲ ਪੱਤਰਕਾਰੀ ਅਤੇ ਸਾਹਿਤਕਾਰੀ ਦੇ ਖੇਤਰ ਵਿੱਚ ਆਪਣਾ ਇੱਕ ਨਿਵੇਕਲਾ ਮੁਕਾਮ ਸਿਰਜਿਆ ਹੈ। ਜਿਸ ਦੇ ਸਿੱਟੇ ਵਜੋਂ ਅੱਜ ਤੱਕ ਇੱਕ ਦਰਜਨ ਦੇ ਕਰੀਬ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਹਨ। ਉਨ੍ਹਾਂ ਦੀ ਹਰ ਪੁਸਤਕ ਨਰੋਆ ਸੁਨੇਹਾ ਦਿੰਦੀ ਹੋਈ ਨਵੇਂ ਦਿਸਹੱਦੇ ਸਰ ਕਰਨ ਦਾ ਮਾਰਗ ਦਰਸ਼ਨ ਕਰਦੀ ਹੈ। ਪੱਤਰਕਾਰੀ ਦੇ ਖੇਤਰ ਵਿੱਚ ਸਰਗਰਮ ਰਹਿਣ ਕਰਕੇ ਦੇਸ਼ ਦੁਨੀਆਂ ਦੇ ਤੱਥਾਂ ਦੀ ਜਾਣਕਾਰੀ ਉਹਨਾਂ ਕੋਲ ਮੌਜੂਦ ਹੈ। ਇਹ ਤੱਥ ਸਾਡੇ ਭਵਿੱਖ ਦੀ ਸਿਰਜਣਾ ਕਿਵੇਂ ਕਰਦੇ ਹਨ? ਇਸ ਬਾਰੇ ਉਹਨਾਂ ਕੋਲ ਗਹਿਰਾ ਤਜਰਬਾ ਹੈ। ਹੱਥਲੀ ਪੁਸਤਕ 'ਪੰਜਾਬ: ਬੜ੍ਹਕ ਨਾ ਮੜਕ' ਸਧਾਰਨ ਪਰ ਪ੍ਰਭਾਵਸ਼ਾਲੀ ਸ਼ੈਲੀ ਵਿੱਚ ਸਿਰਜੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪੇਸ਼ ਕਰਨ ਵਾਲੀ ਪੁਸਤਕ ਹੈ।




ਕਮਲਜੀਤ ਸਿੰਘ ਬਨਵੈਤ ਨੇ ਪੰਜਾਬ ਅਤੇ ਦੇਸ਼ ਦੀਆਂ ਮੌਜੂਦਾ ਪਰਿਸਥਿਤੀਆਂ ਨੂੰ ਵਾਚਦਿਆਂ ਇਸ ਪੁਸਤਕ ਵਿੱਚ 44 ਲੇਖ ਦਰਜ ਕੀਤੇ ਹਨ। ਜਿਨ੍ਹਾਂ ਦਾ ਪਾਠ ਕਰਦਿਆਂ ਸਾਨੂੰ ਪੂਰੇ ਪੰਜਾਬ ਦੇਸ਼ ਅਤੇ ਦੁਨੀਆਂ ਵਿੱਚ ਵਰਤ ਰਹੇ ਵਰਤਾਰਿਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਅਸਲ ਵਿੱਚ ਉਹ ਅਖ਼ਬਾਰਾਂ ਦੇ ਮਿਡਲ ਪੰਨਿਆਂ ਤੇ ਭਖਦੇ ਮਸਲਿਆਂ ਨੂੰ ਵਿਚਾਰਨ ਤੇ ਨਿਖ਼ਾਰਨ ਵਾਲੇ ਲੇਖਕ ਹਨ। ਪੁਸਤਕ ਵਿੱਚ ਸ਼ਾਮਿਲ ਸਾਰੇ ਲੇਖ ਦੇਸ਼ ਦੁਨੀਆਂ ਦੀਆਂ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਮੇਰੇ ਖਿਆਲ ਅਨੁਸਾਰ ਇਹ ਲੇਖ ਇਤਿਹਾਸਕ ਦਸਤਾਵੇਜ ਦਾ ਦਰਜਾ ਰੱਖਦੇ ਹਨ ਕਿਉਂਕਿ ਆਉਣ ਵਾਲੀਆਂ ਪੀੜੀਆਂ ਨੂੰ ਪੰਜਾਬ ਦੇ ਵਿਕਾਸ ਅਤੇ ਵਿਨਾਸ਼ ਦਾ ਗਿਆਨ ਇਸ ਪੁਸਤਕ ਵਿੱਚੋਂ ਸਹਿਜੇ ਹੀ ਮਿਲ ਸਕਦਾ ਹੈ। ਸਿਆਸਤ ਦੇ ਰੰਗ, ਕੁਣਬਾਪ੍ਰਸਤੀ, ਮੁੱਖ ਮੰਤਰੀ ਦੇ ਵਿਅੰਗ, ਆਇਆ ਰਾਮ ਗਿਆ ਰਾਮ, ਮੁਹੱਲਾ ਕਲੀਨਿਕਾਂ, ਖੋਟੇ ਨਿਕਲੇ ਭਗਵੰਤ ਮਾਨ ਦੇ ਹੀਰੇ, ਨਹੀਂ ਛਣਕਦਾ ਹੁਣ ਮੁੱਖ ਮੰਤਰੀ ਮਾਨ ਦਾ ਹਾਸਾ, ਵਾਹ ਕਰਮਾਂ ਦੀਆਂ ਬਲੀਆ , 250 ਪੰਜਾਬੀ ਨਿਤ ਚੜ੍ਹਦੇ ਨੇ ਜਹਾਜ਼, ਸਕੂਲੀ ਬੱਚਿਆਂ ਮੂਰੇ ਛਿੱਥੇ ਪੈ ਗਏ ਸਿਆਸੀ ਲੀਡਰ, ਰੇਤ ਮਾਫੀਆ ਨੇ ਤੀਜੀ ਸਰਕਾਰ ਨੂੰ ਵੀ ਮੂਹਰੇ ਲਾਇਆ, ਇਸ ਅਦਾਲਤ ਵਿੱਚ ਬੰਦੇ ਬਿਰਖ ਹੋ ਗਏ ਆਦਿ ਵਿਸ਼ਿਆਂ ਨੂੰ ਵਿਅੰਗਮਈ ਨਜ਼ਰੀਏ ਨਾਲ ਪੇਸ਼ ਕੀਤਾ ਹੈ।

ਲੇਖਕ ਨੇ ਸਿਆਸਤ ਬਾਰੇ ਲਿਖਿਆ ਹੈ: 'ਸਿਆਸਤ ਵਿੱਚ ਉਤਰਾ ਚੜ੍ਹਾਅ ਤਾਂ ਕੁਦਰਤੀ ਵਰਤਾਰਾ ਮੰਨਿਆ ਜਾ ਰਿਹਾ ਹੈ। ਪਰ ਚਾਲੂ ਸਾਲ ਜਿਹੜੀ ਉੱਤਰ ਪੁੱਥਲ ਕਰ ਗਿਆ ਉਹ ਸਹਿਜੇ ਕੀਤੇ ਸਾਵੀਂ ਪੱਧਰੀ ਹੁੰਦੀ ਨਜ਼ਰ ਹੀ ਨਹੀਂ ਆ ਰਹੀ ਹੈ। ਰਾਜਨੀਤੀ ਵਿੱਚ ਇਹ ਵੀ ਆਮ ਹੀ ਕਿਹਾ ਜਾਂਦਾ ਹੈ ਕਦੋਂ ਪਲਟਾ ਵੱਜ ਜਾਵੇ ਕਿਸੇ ਦੇ ਚਿੱਤ ਚੇਤਿਆਂ ਵਿੱਚ ਵੀ ਨਹੀਂ ਹੁੰਦਾ'।

ਪੰਜਾਬ ਵਿੱਚ ਅੱਜ ਤੱਕ ਦੇ ਮੁੱਖ ਮੰਤਰੀਆਂ ਵੱਲੋਂ ਇਸ ਰਾਜ ਨੂੰ ਵਿਕਸਿਤ ਕਰਨ ਵਿੱਚ ਪਾਏ ਯੋਗਦਾਨ ਦੀ ਚਰਚਾ ਵੀ ਕੀਤੀ ਗਈ ਹੈ। ਲੇਖਕ ਅਨੁਸਾਰ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਪੀਜੀਆਈ ਅਤੇ ਖੇਤੀਬਾੜੀ ਯੂਨੀਵਰਸਿਟੀ ਨੂੰ ਸਥਾਪਿਤ ਕਰਨ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ।

ਇਸੇ ਤਰ੍ਹਾਂ ਲਛਮਣ ਸਿੰਘ ਗਿੱਲ ਆਪਣੇ ਛੋਟੇ ਕਾਰਜਕਾਲ ਦੌਰਾਨ ਸੜਕਾਂ ਦਾ ਜਾਲ ਅਤੇ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਵਿੱਚ ਸਫ਼ਲ ਹੁੰਦੇ ਹਨ।

ਪੁਸਤਕ ਦਾ ਪਾਠ ਕਰਦਿਆਂ ਸਾਨੂੰ ਪੰਜਾਬ ਦੇ ਵਿਕਾਸ ਦੀਆਂ ਲੀਹਾਂ ਦਾ ਗਿਆਨ ਹੁੰਦਾ ਹੈ ਕੌਣ ਕਿਹੋ ਜਿਹਾ ਯੋਗਦਾਨ ਪਾ ਰਿਹਾ ਹੈ; ਇਹ ਤੱਥ ਵੀ ਸਾਡੇ ਸਾਹਮਣੇ ਆਉਂਦੇ ਹਨ। ਅਸਲ ਵਿੱਚ ਇਹ ਪੁਸਤਕ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਨਿਰਭੈ ਹੋ ਕੇ ਕੀਤਾ ਸੱਚੋ ਸੱਚ ਵਿਸ਼ਲੇਸ਼ਣ ਹੈ।

## ਲਖਵਿੰਦਰ ਵਡਾਲੀ ਦੀ ਸੂਫੀ ਸ਼ਾਇਰੀ ਅਤੇ ਚਰਚਿਤ ਗੀਤਾਂ ਨੇ ਰੁਸ਼ਨਾਈ ਸੁਰਮਈ ਸ਼ਾਮ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਬੀਤੀ ਰਾਤ ਸ਼ਾਨ-ਏ-ਪੰਜਾਬ ਕਲੱਬ ਵੱਲੋਂ ਪਾਲ ਪ੍ਰੋਡਕਸ਼ਨ ਈਵੈਂਟ ਮੈਨਜਮੈਂਚ ਦੇ ਸਹਿਯੋਗ ਨਾਲ ਪ੍ਰਸਿੱਧ ਪੰਜਾਬੀ ਸੂਫੀ ਅਤੇ ਸਭਿਆਚਾਰਕ ਗੀਤਾਂ ਦੇ ਅੰਤਰਰਾਸ਼ਟਰੀ ਗਾਇਕ ਲਖਵਿੰਦਰ ਵਡਾਲੀ ਹੋਰਾਂ ਦਾ ਸ਼ੋਅ ਡਿਊ ਡ੍ਰਾਪ ਈਵੈਂਟ ਸੈਂਟਰ ਮੈਨੁਕਾਓ ਵਿਖੇ ਕਰਵਾਇਆ ਗਿਆ। ਹਾਊਸ ਫੁੱਲ ਇਸ ਸੁਰਮਈ ਸ਼ਾਮ ਦੇ ਵਿਚ ਗਾਇਕ ਲਖਵਿੰਦਰ ਵਡਾਈ ਨੇ ਸੂਫੀ ਸ਼ਾਇਰੀ ਅਤੇ ਆਪਣੇ ਚਰਚਿਤ ਗੀਤਾਂ ਦੇ ਨਾਲ ਇਸ ਸ਼ਾਮ ਨੂੰ ਸੰਗੀਤਕ ਸੁਰਾਂ ਨਾਲ ਰੁਸ਼ਨਾ ਦਿੱਤਾ। ਉਸਨੇ ਆਰੰਭਤਾ ਦੇ ਵਿਚ ਉਸ ਅੱਲਾ, ਰਾਮ ਅਤੇ ਵਾਹਿਗੁਰੂ ਨੂੰ ਸਮਰਪਿਤ ਕਵਾਲੀ ਪੇਸ਼ ਕਰਦਿਆਂ 'ਤੇਰਾ ਨਾਮ ਤੇਰਾ ਨਾਮ' ਦੀ ਸੁਰ ਅਲਾਪ ਕੇ ਸੰਗੀਤਕ ਸਟੇਜ ਨੂੰ ਅੱਗੇ ਤੋਰਿਆ। 'ਆਂਖ ਸੇ ਆਂਖ ਮਿਲਾਓ ਤਾਂ ਕੋਈ ਬਾਤ ਬਣੇ', 'ਜੱਗ ਭਾਂਵੇਂ ਲੱਖ ਵਸਦਾ ਵੇ ਸਾਨੂੰ ਤੇਰੀ ਯਾਦ ਸਤਾਵੇ, ਕੋਈ ਐਸਾ ਥਾਂ ਦੱਸਦੇ ਜਿੱਥੇ ਯਾਦ ਤੇਰੀ ਨਾ ਆਵੇ' ਨੇ ਗੀਤ ਨੇ ਸਾਰੇ ਦਰਸ਼ਕਾਂ ਨੂੰ ਤਾੜੀਆਂ ਮਾਰਨ 'ਤੇ ਮਜ਼ਬੂਰ ਕਰ ਦਿੱਤਾ। 'ਵੇ ਮਾਹੀਆ ਤੇਰੇ ਦੇਖਣ ਨੂੰ ਚੁੱਕ ਚਰਖਾਂ ਗਲੀ ਦੇ ਵਿਚ ਡਾਹਵਾਂ','ਨਿੱਤ ਖੈਰ ਮੰਗਾ ਸੋਹਣਿਆ ਮੈਂ ਤਰੀ ਦੁਆ ਨਾ ਕੋਈ ਹੋਰ ਮੰਗਦੀ,' ਆ ਜਾ ਵੇ ਤੈਨੂੰ ਅੱਖੀਆਂ ਉਡੀਕਦੀਆਂ' ਸਮੇਤ ਆਪਣੇ ਸਾਰੇ ਚਰਚਿਤ ਗੀਤਾਂ ਨਾਲ ਖੂਰ ਰੌਣਕ ਲਾਈ। ਸਟੇਜ ਸੰਚਾਲਨ ਲਵਲੀਨ ਕੌਰ ਅਤੇ ਰਾਜਨ ਰਾਝਾਂ ਨੇ ਕੀਤਾ। ਸਟੇਜ ਦੀ ਸੁੰਦਰਤਾ ਪਿਛੇ ਲੱਗੀਆਂ ਸੁੰਦਰ ਸਕਰੀਨਾਂ ਦੇ ਨਾਲ ਸੋਨੇ 'ਤੇ ਸੁਹਾਗਾ ਹੋ ਗਈ ਸੀ। ਦਰਸ਼ਕਾਂ ਦੇ ਬੈਠਣ ਦਾ ਵਧੀਆ ਪ੍ਰਬੰਧ ਸੀ। ਗੋਲ ਟੇਬਲਾਂ ਉਤੇ ਸਪਾਂਸਰਜ਼ ਬੈਠੇ ਸਨ ਜਦ ਕਿ ਜਨਰਲ ਸ਼੍ਰੇਣੀ ਵਾਲੇ ਆਮ ਸੀਟਾਂ ਉਤੇ ਬੈਠ ਕੇ ਅਨੰਦ ਮਾਣ ਰਹੇ ਸਨ। ਪ੍ਰੋਗਰਾਮ ਦੇ ਅਖੀਰ ਵਿਚ ਲਖਵਿੰਦਰ ਵਡਾਲੀ ਨੇ ਭੰਗੜੇ ਵਾਲੇ ਗੀਤ ਵੀ ਪੇਸ਼ ਕੀਤੇ ਅਤੇ ਸਾਰੇ ਪ੍ਰਬੰਧਕਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤੀ।




## ਬੰਬ ਧਮਾਕਿਆਂ ਨਾਲ ਦਹਿਲ ਰਿਹਾ ਹੈ ਪੰਜਾਬ, ਮੁੱਖ ਮੰਤਰੀ ਬੇਖਬਰ : ਅਰਵਿੰਦ ਖੰਨਾ

**ਚੰਡੀਗੜ੍ਹ-** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਬੰਬ ਧਮਾਕਿਆਂ ਨਾਲ ਦਹਿਲ ਰਿਹਾ ਹੈ ਪਰ ਮੁੱਖ ਮੰਤਰੀ ਭਗਵੰਤ ਮਾਨ ਇਸ ਤੋਂ ਬੇਖਬਰ ਹੋ ਕੇ ਆਪਣੇ ਆਕਾ ਅਰਵਿੰਦ ਕੇਜ਼ਰੀਵਾਲ ਨੂੰ ਖੁਸ਼ ਕਰਨ ਵਿੱਚ ਲੱਗੇ ਹੋਏ ਹਨ। ਉਨ੍ਹਾਂ ਮਜੀਠਾ ਬੰਬ ਧਮਾਕੇ ਤੋਂ ਪ੍ਰਭਾਵਿਤ ਲੋਕਾਂ ਨਾਲ ਹਮਦਰਦੀ ਜਤਾਉਂਦਿਆਂ ਕਿਹਾ ਕਿ ਪੰਜਾਬ ਵਿੱਚ ਅਮਨ^ਕਾਨੂੰਨ ਦੀ ਸਥਿਤੀ ਸਰਕਾਰ ਦੇ ਹੱਥੋਂ ਨਿਕਲ ਚੁੱਕੀ ਹੈ। ਜਿਸ ਕਾਰਨ ਬੇਗੁਨਾਹ ਲੋਕ ਮਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 20 ਸਾਲ ਵਿੱਚ ਅਜਿਹੀ ਨਾਜ਼ੁਕ ਸਥਿਤੀ ਪੰਜਾਬੀਆਂ ਨੇ ਨਹੀਂ ਦੇਖੀ ਸੀ।



ਖੰਨਾ ਨੇ ਕਿਹਾ ਕਿ ਪੰਜਾਬ ਦੇ ਗਲੀਆਂ ਮੁਹੱਲਿਆਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਫੋਟੋ ਸੈਸ਼ਨ ਕਰਨ ਵਿੱਚ ਰੁੱਝੇ ਹੋਏ ਹਨ।ਉਨ੍ਹਾਂ ਕਿਹਾ ਕਿ ਅਜਿਹੀ ਨਕਾਰਾ ਸਰਕਾਰ ਨੂੰ ਤੁਰੰਤ ਮੁਅੱਤਲ ਕਰਕੇ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਗਾਇਆ ਜਾਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਲੋਕ ਅਮਨ ਸ਼ਾਂਤੀ ਨਾਲ ਆਪਣੀ ਜਿੰਦਗੀ ਬਤੀਤ ਕਰ ਸਕਣ। ਉਨ੍ਹਾਂ ਕਿਹਾ ਕਿ ਅੱਜ ਇਹ ਸਥਿਤੀ ਬਣ ਚੁੱਕੀ ਹੈ ਲੋਕਾਂ ਨੂੰ ਘਰ ਤੋਂ ਨਿਕਲਣ ਵੇਲੇ ਇਹ ਹੀ ਖਦਸ਼ਾ ਬਣਿਆ ਰਹਿੰਦਾ ਹੈ ਕਿ ਉਹ ਠੀਕ-ਠਾਕ ਘਰ ਵਾਪਸ ਆਉਣਗੇ ਕਿ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਗੈਗਸਟਰਾਂ ਦਾ ਰਾਜ ਬਣਿਆ ਹੋਇਆ ਹੈ। ਜਿਹੜੇ ਆਪਣੀ ਮਨਮਰਜ਼ੀ ਨਾਲ ਪੰਜਾਬ 'ਚ ਦਹਿਸ਼ਤ ਭਰਿਆ ਮਾਹੌਲ ਸਿਰਜ਼ ਰਹੇ ਹਨ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਦੇ ਬੁਲੰਦ ਹੌਂਸਲੇ ਦੇਖ ਕੇ ਜਾਪਦਾ ਹੈ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਅੱਗੇ ਗੋਡੇ ਟੇਕ ਦਿੱਤੇ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਤੋਂ ਪੰਜਾਬ ਸੰਭਲ ਨਹੀਂ ਰਿਹਾ ਤਾਂ ਉਹ ਆਪਣੀ ਸਰਕਾਰ ਭੰਗ ਕਰ ਦੇਣ।






# ਵਿਜੈ ਗਰਗ ਦੀ ਕਿਤਾਬ, "ਵੈਦਿਕ ਗਣਿਤ (ਅਧਿਆਪਕ ਮੈਨੂਅਲ)" ਪ੍ਰਿੰਸੀਪਲ ਸੋਨੀਆ ਸ਼ਰਮਾ ਦੁਆਰਾ ਲੋਕ ਅਰਪਣ ਕੀਤੀ ਗਈ

ਜੀ ਟੀ ਬੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਲੋਟ ਦੀ ਪ੍ਰਿੰਸੀਪਲ ਸ਼੍ਰੀਮਤੀ ਸੋਨੀਆ ਸ਼ਰਮਾ ਨੇ ਅੱਜ "ਵੈਦਿਕ ਗਣਿਤ (ਅਧਿਆਪਕ ਦਾ ਮੈਨੂਅਲ)" ਕਿਤਾਬ ਲੋਕ ਅਰਪਣ ਕੀਤੀ।

ਇਹ ਕਿਤਾਬ ਪ੍ਰਸਿੱਧ ਲੇਖਕ ਅਤੇ ਸੇਵਾਮੁਕਤ ਪ੍ਰਿੰਸੀਪਲ ਵਿਜੈ ਗਰਗ ਦੁਆਰਾ ਲਿਖੀ ਗਈ ਹੈ। ਇਸ ਮੌਕੇ ਸੀਨੀਅਰ ਅਧਿਆਪਕ ਵੀ ਮੌਜੂਦ ਸਨ। ਕਿਤਾਬ ਰਿਲੀਜ਼ ਦੀਆਂ ਵਿਸ਼ਲੇਸ਼ਣਾਤਮਕ ਯੋਗਤਾਵਾਂ ਨੂੰ ਤਿੱਖਾ ਕਰਨਾ, ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਉਨ੍ਹਾਂ ਦੇ ਵਿਸ਼ਵਾਸ ਨੂੰ ਵਧਾਉਣਾ ਅਤੇ ਉਨ੍ਹਾਂ ਨੂੰ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਅਤੇ ਅਸਲ-ਜੀਵਨ ਦੀਆਂ ਸਥਿਤੀਆਂ ਲਈ ਤਿਆਰ ਕਰਨਾ ਹੈ। ਕਵਰ ਕੀਤੇ ਗਏ ਵਿਸ਼ਿਆਂ ਵਿੱਚ ਪੈਟਰਨ, ਕ੍ਰਮ, ਵਰਗੀਕਰਨ, ਕੋਡਿੰਗ-ਡੀਕੋਡਿੰਗ, ਪਹੇਲੀਆਂ ਅਤੇ ਹੋਰ ਬਹੁਤ





ਸਮਾਗਮ ਦੌਰਾਨ ਬੋਲਦਿਆਂ ਪ੍ਰਿੰਸੀਪਲ ਨੇ ਵਿਜੈ ਗਰਗ ਦੇ ਸਿੱਖਿਆ ਖੇਤਰ ਵਿੱਚ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕਿਤਾਬ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇਣ ਜਾ ਰਹੇ ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਹੈ।

ਪ੍ਰਿੰਸੀਪਲ ਨੇ ਅੱਗੇ ਕਿਹਾ ਕਿ ਵਿਜੈ ਗਰਗ ਦੁਆਰਾ ਲਿਖੀ ਗਈ ਇਹ ਕਿਤਾਬ ਵਿਦਿਆਰਥੀਆਂ ਅਤੇ ਸਮਾਜ ਲਈ ਮਾਰਗਦਰਸ਼ਨ ਲਈ ਹਮੇਸ਼ਾ ਕੰਮ ਕਰੇਗੀ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਬਹੁਤ ਮਦਦਗਾਰ ਹੋਵੇਗੀ। ਕਿਤਾਬ ਜਾਰੀ ਕਰਨ ਦੇ ਮੌਕੇ 'ਤੇ ਬੋਲਦਿਆਂ ਵਿਜੈ ਗਰਗ ਨੇ ਕਿਹਾ ਕਿ ਲਾਜ਼ੀਕਲ ਰੀਜਨਿੰਗ ਇੱਕ ਜ਼ਰੂਰੀ ਹੁਨਰ ਹੈ ਜੋ ਵਿਦਿਆਰਥੀਆਂ ਨੂੰ ਸਪਸ਼ਟ ਤੌਰ 'ਤੇ ਸੋਚਣ, ਸਥਿਤੀਆਂ ਦਾ ਵਿਸ਼ਲੇਸ਼ਣ ਕਰਨ ਅਤੇ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਵਿੱਚ ਮਦਦ ਕਰਦਾ ਹੈ। ਇਹ ਕਿਤਾਬ ਲਾਜ਼ੀਕਲ ਰੀਜਨਿੰਗ, ਵਿਸ਼ੇਸ਼ ਤੌਰ 'ਤੇ ਨੌਜਵਾਨ ਸਿਖਿਆਰਥੀਆਂ ਨੂੰ ਤਰਕ ਅਤੇ ਆਲੋਚਨਾਤਮਕ ਸੋਚ ਦੀ ਦਿਲਚਸਪ ਦੁਨੀਆ ਨਾਲ ਇੱਕ ਮਜ਼ੇਦਾਰ, ਦਿਲਚਸਪ ਅਤੇ ਉਮਰ ਦੇ ਅਨੁਕੂਲ ਢੰਗ ਨਾਲ ਜਾਣੂ ਕਰਵਾਉਣ ਲਈ ਤਿਆਰ ਕੀਤੀ ਗਈ ਹੈ।

ਗਰਗ ਨੇ ਅੱਗੇ ਕਿਹਾ ਕਿ ਇਸ ਕਿਤਾਬ ਵਿੱਚ ਗਤੀਵਿਧੀਆਂ ਅਤੇ ਅਭਿਆਸਾਂ ਦਾ ਉਦੇਸ਼ ਵਿਦਿਆਰਥੀਆਂ ਕੁਝ ਸ਼ਾਮਲ ਹੈ - ਹਰੇਕ ਨੂੰ ਸਪਸ਼ਟ ਨਿਰਦੇਸ਼ਾਂ ਅਤੇ ਉਦਾਹਰਣਾਂ ਦੇ ਨਾਲ ਬਾਲ-ਅਨੁਕੂਲ ਫਾਰਮੈਟ ਵਿੱਚ ਪੇਸ਼ ਕੀਤਾ ਗਿਆ ਹੈ। ਇਹ ਕਿਤਾਬ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਲਾਭਦਾਇਕ ਹੈ ਜੋ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਹਨ, ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਇੱਕ ਚੰਗੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਗ੍ਰੇਡ ਕੀਤੀ ਗਈ ਆਸਾਨ ਅਤੇ ਸਰਲ ਭਾਸ਼ਾ, ਅਭਿਆਸ ਲਈ ਕਾਫ਼ੀ ਪ੍ਰਸ਼ਨ ਪ੍ਰਦਾਨ ਕਰਦੀ ਹੈ ਅਤੇ ਪ੍ਰੀਖਿਆਰਥੀ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਸੰਪੂਰਨ ਤੌਰ 'ਤੇ ਤਿਆਰ ਕਰਦੀ ਹੈ, ਸੰਕਲਪਾਂ ਦੀ ਢਾਂਚਾਗਤ ਸਮਝ ਵੀ ਦਿੰਦੀ ਹੈ, ਪ੍ਰੀਖਿਆ ਪੈਟਰਨ ਨਾਲ ਇਕਸਾਰ ਅਭਿਆਸ ਪ੍ਰਸ਼ਨ ਪੇਸ਼ ਕਰਦੀ ਹੈ, ਵਿਦਿਆਰਥੀਆਂ ਨੂੰ ਉਨ੍ਹਾਂ ਦੀ ਤਿਆਰੀ ਦਾ ਪਤਾ ਲਗਾਉਣ ਵਿੱਚ ਮਦਦ ਕਰਦੀ ਹੈ, ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਉਹ ਅੱਪਡੇਟ ਅਤੇ ਸੰਬੰਧਿਤ ਸਮੱਗਰੀ ਦਾ ਅਧਿਐਨ ਕਰ ਰਹੇ ਹਨ। ਗਰਗ ਨੇ ਅੱਗੇ ਕਿਹਾ ਕਿ ਇਹ ਕਿਤਾਬ ਸਿੱਖਣ ਨੂੰ ਉਤਸ਼ਾਹਿਤ ਕਰਦੀ ਹੈ, ਵਿਦਿਆਰਥੀਆਂ ਨੂੰ ਸੁਤੰਤਰ ਅਤੇ ਤਰਕਪੂਰਨ ਸੋਚਣ ਦੀ ਆਦਤ ਵਿਕਸਤ ਕਰਨ ਵਿੱਚ ਮਦਦ ਕਰਦੀ ਹੈ। ਇਸਦੀ ਵਰਤੋਂ ਕਲਾਸਰੂਮ ਅਤੇ ਘਰ ਦੋਵਾਂ ਵਿੱਚ ਕੀਤੀ ਜਾ ਸਕਦੀ ਹੈ, ਅਭਿਆਸ ਅਤੇ ਸਵੈ-ਮੁਲਾਂਕਣ ਲਈ ਬਹੁਤ ਸਾਰੇ ਮੌਕੇ ਪ੍ਰਦਾਨ ਕਰਦੀ ਹੈ।

# ਪੰਜਾਬ ਦੇ ਰਾਜਪਾਲ ਵੱਲੋਂ 'ਦਿ ਪਾਥ ਟੂ ਵਨਨੈਸ' ਪੁਸਤਕ ਰਿਲੀਜ਼

ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਪੰਜਾਬ ਰਾਜ ਭਵਨ, ਚੰਡੀਗੜ੍ਹ ਵਿਖੇ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਵਲੋਂ ਲਿਖੀ ਪੁਸਤਕ 'The Path to Oneness: Guru Nanak's Incluisve Vision' ਨੂੰ ਰਿਲੀਜ਼ ਕੀਤਾ। ਇਹ ਪੁਸਤਕ ਸ੍ਰੀ ਗੁਰੂ ਨਾਨਕ ਦੇਵ ਦੀਆਂ ਵਿਸ਼ਵਵਿਆਪੀ ਸਿੱਖਿਆਵਾਂ, ਅਧਿਆਤਮਿਕ ਫ਼ਲਸਫੇ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਸਮਰਪਿਤ ਇੱਕ ਗੰਭੀਰ ਅਕਾਦਮਿਕ ਯਤਨ ਹੈ। ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਪੁਸਤਕ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਦੇ ਸਦਭਾਵਨਾ, ਮਨੁੱਖੀ ਏਕਤਾ ਅਤੇ ਮਾਨਵਤਾ ਦੇ ਸੰਦੇਸ਼ ਨੂੰ ਆਧੁਨਿਕ ਨੌਜਵਾਨ ਪੀੜ੍ਹੀ ਤੱਕ ਗੰਭੀਰਤਾ ਨਾਲ ਪਹੁੰਚਾਇਆ ਜਾਣਾ ਚਾਹੀਦਾ ਹੈ।



ਇਸ ਪੁਸਤਕ ਦਾ ਮੁਖਬੰਧ ਪਦਮ ਸ਼੍ਰੀ ਡਾ. ਹਰਮੋਹਿੰਦਰ ਸਿੰਘ ਬੇਦੀ, ਚਾਂਸਲਰ, ਕੇਂਦਰੀ ਯੂਨੀਵਰਸਿਟੀ ਆਫ਼ ਹਿਮਾਚਲ ਪ੍ਰਦੇਸ਼ ਨੇ ਲਿਖਿਆ ਹੈ। ਡਾ. ਬੇਦੀ ਅਨੁਸਾਰ, ਇਹ ਪੁਸਤਕ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਨਾਨਕ ਦੇਵ ਦੇ ਆਧਿਆਤਮਿਕ ਵਿਚਾਰਾਂ ਰਾਹੀਂ ਇੱਕ ਬਹੁ-ਸੱਭਿਆਚਾਰਕ ਤੇ ਸਮਾਨਤਾਵਾਦੀ ਸੰਸਾਰ ਦੀ ਸਿਰਜਣਾ ਵੱਲ ਨਿਸਚਿਤ ਤੌਰ ਉੱਪਰ ਪ੍ਰੇਰਿਤ ਕਰਦੀ ਹੈ। ਇਸ ਪੁਸਤਕ ਦੇ ਬੈਕ ਕਵਰ ਉੱਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ ਦੇ ਸੰਯੁਕਤ ਸਕੱਤਰ ਡਾ। ਜੀ। ਐਸ। ਚੌਹਾਨ ਦੇ ਵਿਚਾਰ ਵੀ ਪ੍ਰਕਾਸ਼ਿਤ ਹਨ। ਉਨ੍ਹਾਂ ਦੇ ਅਨੁਸਾਰ, ਇਹ ਪੁਸਤਕ ਅਕਾਦਮਿਕ ਖੇਤਰ ਵਿੱਚ ਇੱਕ ਪ੍ਰੇਰਣਾਦਾਇਕ ਯੋਗਦਾਨ ਹੈ, ਜੋ ਲੇਖਕ ਦੇ ਵਿਚਾਰਾਂ ਦੀ ਪਾਰਦਰਸ਼ਤਾ ਅਤੇ ਸਮਝ ਦੀ ਡੂੰਘਾਈ ਨੂੰ ਬਾਖੂਬੀ ਉਜਾਗਰ ਕਰਦੀ ਹੈ।

ਇਸ ਪੁਸਤਕ ਦੇ ਲੇਖਕ ਡਾ. ਅਰਵਿੰਦਰ ਸਿੰਘ ਭੱਲਾ ਨੇ ਕਿਹਾ ਕਿ ਇਹ ਪੁਸਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਏਕਤਾ, ਦਇਆ ਅਤੇ ਨਿਆਂ ਦੇ ਸਦੀਵੀ ਸੰਦੇਸ਼ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਦਾ ਇਕ ਨਿਮਾਣਾ ਜਿਹਾ ਉੱਦਮ ਹੈ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਕਿਸੇ ਇਕ ਭਾਈਚਾਰੇ ਤੱਕ ਸੀਮਿਤ ਨਹੀਂ ਹਨ, ਬਲਕਿ ਸਾਰੀ ਮਨੁੱਖਤਾ ਲਈ ਚਾਨਣ ਮੁਨਾਰਾ ਹਨ। ਉਨ੍ਹਾਂ ਅਨੁਸਾਰ ਇਹ ਪੁਸਤਕ ਸ੍ਰੀ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਦੀ ਰੋਸ਼ਨੀ ਵਿਚ ਅੰਤਰ-ਧਰਮ ਸੰਵਾਦ, ਲਿੰਗ ਤੇ ਸਮਾਜਿਕ ਸਮਾਨਤਾ, ਅਤੇ ਨੈਤਿਕ ਪ੍ਰਸ਼ਾਸਨ ਦੀ ਸਥਾਪਨਾ ਕਰਨ ਵੱਲ ਇਕ ਸੁਨੇਹਾ ਦੇਣ ਦੀ ਕੋਸ਼ਿਸ਼ ਕਰਦੀ ਹੈ। ਇਹ ਪੁਸਤਕ ਅਜਿਹੇ ਸਮੇਂ ਵਿੱਚ ਇੱਕ ਉਮੀਦ ਦੀ ਕਿਰਣ ਵਾਂਗ ਸਾਹਮਣੀ ਆਉਂਦੀ ਹੈ, ਜਦ ਧਾਰਮਿਕ ਅਸਹਿਣਸ਼ੀਲਤਾ, ਪਛਾਣ ਅਧਾਰਤ ਟਕਰਾਅ ਅਤੇ ਵਿਘਟਨ ਵਧ ਰਹੇ ਹਨ। ਇਹ ਰਚਨਾ ਖੋਜਾਰਥੀਆਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਸ਼ਾਂਤੀ, ਸਮਾਨਤਾ ਤੇ ਸਮਾਵੇਸ਼ ਲਈ ਕੰਮ ਕਰ ਰਹੇ ਹਰੇਕ ਵਿਅਕਤੀ ਲਈ ਇਕ ਕੀਮਤੀ ਸਰੋਤ ਸਾਬਤ ਹੋਣ ਦੀ ਸੰਭਾਵਨਾ ਰੱਖਦੀ ਹੈ।

ਇਸ ਮੌਕੇ ਉੱਤੇ ਡਾ. ਅਰਵਿੰਦਰ ਸਿੰਘ ਭੱਲਾ ਨੇ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਵਾਈਸ-ਚਾਂਸਲਰ ਡਾ. ਐਸ. ਪੀ. ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਉਹਨਾਂ ਦੇ ਮਾਰਗਦਰਸ਼ਨ ਅਤੇ ਉਤਸ਼ਾਹ ਨਾਲ ਹੀ ਇਹ ਪੁਸਤਕ ਦੀ ਸੰਪੂਰਨਤਾ ਸੰਭਵ ਹੋ ਸਕੀ।

ਇਥੇ ਇਹ ਤੱਥ ਵਿਸ਼ੇਸ਼ ਤੌਰ ਉੱਪਰ ਜ਼ਿਕਰਯੋਗ ਹੈ ਕਿ ਡਾ. ਅਰਵਿੰਦਰ ਸਿੰਘ ਭੱਲਾ ਨੇ ਆਪਣੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਦੇ ਨਾਲ-ਨਾਲ ਖੁਦ ਨੂੰ ਅਕਾਦਮਿਕ ਖੋਜ ਕਾਰਜਾਂ ਪ੍ਰਤੀ ਵੀ ਸਮਰਪਿਤ ਕੀਤਾ ਹੋਇਆ ਹੈ। ਉਨ੍ਹਾਂ ਦੀਆਂ ਹੁਣ ਤੱਕ 21 ਪੁਸਤਕਾਂ ਅਤੇ 80 ਤੋਂ ਵੱਧ ਖੋਜ ਲੇਖ ਪ੍ਰਕਾਸ਼ਤ ਹੋ ਚੁਕੇ ਹਨ ਅਤੇ ਉਨ੍ਹਾਂ ਨੇ ਆਈ. ਸੀ. ਐਸ. ਐਸ. ਆਰ., ਨਵੀਂ ਦਿੱਲੀ ਦੇ ਸਹਿਯੋਗ ਨਾਲ ਦੋ ਖੋਜ ਪ੍ਰੋਜੈਕਟ ਵੀ ਸਫਲਤਾਪੂਰਕ ਪੂਰੇ ਕੀਤੇ ਹਨ।


RE/MAX® Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004

Cell: 916-628-2210

Fax: 916-745-3424

Office: 916-285-1000

Email : Dil.Realtor@gmail.com

2081 Arena Blvd # 100 Sacramento, CA 95834





"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,

(ਫੈਕਸ) 1-916-238-1393

www.deshdoaba.com

www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਯਾਦ 'ਚ ਸੁਖਮਨੀ ਸਾਹਿਬ ਦੇ ਪਾਠ ਰਖਾਏ


















**ਸੈਕਰਾਮੈਂਟੋ–** ਡੇਰਾ ਸੱਚਖੰਡ ਬੱਲਾਂ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਮਿੱਠੀ ਯਾਦ ਅੰਦਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਉਹਨਾਂ ਦੇ ਸ਼ਹੀਦੀ ਦਿਵਸ 'ਤੇ ਸੁਖਮਨੀ ਸਾਹਿਬ ਦੇ ਪਾਠ ਰਖਾਏ ਗਏ। ਜਿਹਨਾਂ ਦੀ ਮੁੱਖ ਤੌਰ 'ਤੇ ਸੇਵਾ ਸ੍ਰੀ ਗਿਆਨ ਚੰਦ ਕਾਜਲਾ ਅਤੇ ਸ੍ਰੀ ਸੁੱਖ ਰਾਮ ਚੰਦੜ ਪਰਿਵਾਰਾਂ ਵੱਲੋਂ ਕਰਵਾਈ ਗਈ।

ਇਸ ਮੌਕੇ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਜੀਵਨ ਸਿੰਘ, ਭਾਈ ਮਨੋਹਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਆਦਿ ਨੇ ਰਸਭਿੰਨਾ ਸ਼ਬਦ ਗਾਇਨ ਕਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸੰਤ ਰਾਮਾਨੰਦ ਜੀ ਨੂੰ ਸ੍ਰੀ ਬਲਜੀਤ ਸਿੰਘ ਸਟੇਜ ਸਕੱਤਰ ਤੋਂ ਇਲਾਵਾ ਸ੍ਰੀ ਹੰਸ ਰਾਜ ਕਾਜਲਾ, ਸ੍ਰੀ ਕੇਵਲ ਬੋਲੀਨਾ ਅਤੇ ਸ੍ਰੀ ਜੀਵਨ ਰੱਤੂ ਆਦਿ ਨੇ ਸੰਤ ਰਾਮਾਨੰਦ ਦੀ ਸ਼ਹਾਦਤ 'ਤੇ ਉਹਨਾਂ ਦੇ ਸੰਘਰਸ਼ਮਈ ਜੀਵਨ ਅਤੇ ਸਿੱਖਿਆਵਾਂ ਦਾ ਵਰਣਨ ਕਰਦਿਆਂ ਹੋਇਆਂ ਨਿੱਘੀ ਸ਼ਰਧਾਂਜਲੀ ਦਿੱਤੀ। ਇਸ ਉਪਰੰਤ ਗੁਰੂ ਕੇ ਕੜਾਹ ਪ੍ਰਸ਼ਾਦ ਅਤੇ ਅਤੁੱਟ ਲੰਗਰ ਵਰਤਾਏ ਗਏ। ਅਦਾਰਾ 'ਦੇਸ਼ ਦੁਆਬਾ' ਵੱਲੋਂ ਇਸ ਸਮਾਗਮ ਦੀ ਕਵਰੇਜ਼ ਕੀਤੀ ਗਈ।



# ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਹਾਈਪਰਟੈਨਸ਼ਨ ਜਾਗਰੂਕਤਾ ਸੰਬੰਧੀ ਨੁਕੜ ਨਾਟਕ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹੇ ਭਰ ਵਿੱਚ ਵੱਖ-ਵੱਖ ਗਤੀਵਿਧੀਆ ਕਰਕੇ ਹਾਈਪਰਟੈਨਸ਼ਨ ਜਾਗਰੂਕਤਾ ਮਹੀਨਾ ਮਨਾਇਆ ਜਾ ਰਿਹਾ ਹੈ। ਇਸ ਦੇ ਤਹਿਤ ਅੱਜ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸਿਵਲ ਹਸਪਤਾਲ ਹੁਸ਼ਿਆਰਪੁਰ ਡਾ ਸਵਾਤੀ ਸ਼ੀਂਹਮਾਰ ਦੀ ਅਗਵਾਈ ਵਿਚ ਮਾਤਾ ਗੁਜਰੀ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਹਾਈਪਰਟੈਨਸ਼ਨ ਬਾਰੇ ਜਾਗਰੁਕ ਕਰਦਾ ਨੁਕੜ ਨਾਟਕ ਖੇਡਿਆ ਗਿਆ। ਜਿਸ ਵਿੱਚ ਜਿਲਾ ਪਰਿਵਾਰ ਭਲਾਈ ਅਫਸਰ ਡਾ. ਰਣਜੀਤ ਸਿੰਘ ਵਿਸ਼ੇਸ਼ ਤੌਰ ਤੇ ਉਪਸਥਿਤ ਹੋਏ। ਇਸ ਮੌਕੇ ਡਿਪਟੀ ਮਾਸ ਮੀਡੀਆ ਅਫਸਰ ਰਮਨਦੀਪ ਕੌਰ, ਮੇਟਰਨ ਮਨਜੀਤ ਕੌਰ, ਨਰਸਿੰਗ ਸਿਸਟਰ ਪਰਮਜੀਤ ਕੌਰ, ਆਈਸੀਐਨ ਹਰਪ੍ਰੀਤ ਕੌਰ ਅਤੇ ਐਨਸੀਡੀ ਸਟਾਫ ਨਰਸ ਕਿਰਨਦੀਪ ਕੌਰ ਸ਼ਾਮਿਲ ਹੋਏ। ਨੁਕੜ ਨਾਟਕ ਰਾਹੀਂ ਵਿਦਿਆਰਥਣਾਂ ਵੱਲੋਂ ਹਸਪਤਾਲ ਵਿੱਚ ਆਏ ਹੋਏ ਮਰੀਜ਼ਾਂ ਨੂੰ ਹਾਈ ਬਲੱਡ ਪ੍ਰੈਸ਼ਰ ਦੇ ਕਾਰਣਾਂ ਅਤੇ ਇਸਤੋਂ ਬਚਾਅ ਲਈ ਕੀਤੇ ਜਾਣ ਵਾਲੇ ਉਪਰਾਲਿਆ ਬਾਰੇ ਜਾਗਰੂਕ ਕੀਤਾ ਗਿਆ।




ਇਸ ਦੌਰਾਨ ਸੰਬੋਧਨ ਕਰਦਿਆਂ ਡਾ. ਰਣਜੀਤ ਸਿੰਘ ਨੇ ਕਿਹਾ ਕਿ ਇਸ ਨਾਟਕ ਰਾਹੀਂ ਆਪ ਜੀ ਨਾਲ ਜਾਣਕਾਰੀ ਸਾਂਝੀ ਕਰਨ ਦਾ ਸਾਡਾ ਮਕਸਦ ਹੈ ਕਿ ਲੋਕ ਆਪਣੇ ਬਲੱਡ ਪ੍ਰੈਸ਼ਰ ਦੇ ਸਹੀ ਮਾਪ ਬਾਰੇ ਜਾ-ਗਰੂਕ ਹੋਣ, ਕਿਉਕਿੰ ਦੁਨੀਆਂ ਦੀ 30 ਫੀਸਦੀ ਤੋਂ ਵੀ ਜਿਆਦਾ ਆਬਾਦੀ ਹਾਈ ਬਲੱਡ ਪ੍ਰੈਸ਼ਰ ਦੀ ਸ਼ਿਕਾਰ ਹੈ ਜਿਸ ਕਾਰਣ ਦਿਲ ਦੀਆਂ ਬੀਮਾਰੀਆਂ, ਕਿਡਨੀ ਫੇਲੀਅਰ ਅਤੇ ਸਟ੍ਰੋਕ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਉਹਨਾਂ ਦੱਸਿਆ ਕਿ ਛਾਤੀ ਵਿੱਚ ਦਰਦ, ਚੱਕਰ ਆਉਣਾ, ਉਲਟੀ ਆਉਣਾ, ਥਕਾਵਟ, ਸਿਰ ਦਰਦ ਜਾਂ ਚੱਕਰ ਆਉਣਾ, ਸਾਹ ਲੈਣ ਵਿੱਚ ਤਕਲੀਫ਼, ਅੱਖਾਂ ਤੇ ਬੁਰਾ ਪ੍ਰਭਾਵ ਅਤੇ ਪਸੀਨਾ ਆਉਣਾ ਹਾਈ ਬਲੱਡ ਪ੍ਰੈਸ਼ਰ ਹੋਣ ਦੇ ਲੱਛਣ ਹਨ। ਖੂਨ ਦੀਆਂ ਨਾੜੀਆਂ ਵਿੱਚ ਚਿਕਨਾਈ ਦਾ ਜਮ੍ਹਾਂ ਹੋਣਾ, ਗੁਰਦਿਆਂ ਦੇ ਰੋਗ, ਦਿਲ ਦੇ ਰੋਗ, ਅਧਰੰਗ ਤੇ ਅੱਖਾਂ ਦੀਆਂ ਬਿਮਾਰੀਆਂ ਆਦਿ ਹਾਈ ਬਲੱਡ ਪ੍ਰੈਸ਼ਰ ਨਾਲ ਹੋਣ ਵਾਲੀਆਂ ਬਿਮਾਰੀਆਂ ਹਨ। ਡਾ. ਸਵਾਤੀ ਨੇ ਦੱਸਿਆ ਕਿ ਬੀਮਾਰੀ ਦੇ ਸ਼ੁਰੂ ਹੋਣ ਅਤੇ ਇਸਦੇ ਲੱਛਣਾਂ ਦਾ ਆਸਾਨੀ ਨਾਲ ਪਤਾ ਨਹੀਂ ਚਲਦਾ ਪਰ ਸਮੇਂ ਸਿਰ ਇਸਦੇ ਪਤਾ ਚਲਣ ਤੇ ਉਪਚਾਰ ਕਰਨ ਨਾਲ ਇਸਦੀ ਰੋਕਥਾਮ ਸੰਭਵ ਹੈ। ਤਲ਼ਿਆ ਹੋਇਆ ਜਾਂ ਜਿਆਦਾ ਨਮਕ ਵਾਲਾ ਭੋਜਨ, ਬੁਢਾਪਾ, ਨਸ਼ੀਲੇ ਪਦਾਰਥ, ਮੋਟਾਪਾ, ਘੱਟ ਕਸਰਤ ਅਤੇ ਦਿਮਾਗੀ ਪ੍ਰੇਸ਼ਾਨੀ ਹਾਈ ਬਲੱਡ ਪ੍ਰੈਸ਼ਰ ਦੇ ਮੁੱਖ ਕਾਰਣ ਹਨ। ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆ ਕੇ ਅਸੀ ਬਲੱਡ ਪ੍ਰੈਸ਼ਰ ਵਰਗੀਆਂ ਹੋਰ ਗੈਰ ਸੰਚਾਰਿਤ ਬੀਮਾਰੀਆਂ ਤੋਂ ਆਪਣਾ ਬਚਾਅ ਕਰ ਸਕਦੇ ਹਾਂ। ਨਮਕ ਅਤੇ ਤਲੀਆਂ ਚੀਜਾਂ ਦਾ ਸੇਵਨ ਘੱਟ ਕੀਤਾ ਜਾਵੇ ਅਤੇ ਤੰਬਾਕੂ ਅਤੇ ਸ਼ਰਾਬ ਦਾ ਸੇਵਨ ਨਾ ਕੀਤਾ ਜਾਵੇ। ਵਜ਼ਨ ਨਾ ਵੱਧਣ ਦਿੱਤਾ ਜਾਵੇ, ਖਾਣੇ ਵਿੱਚ ਚਰਬੀ ਦੀ ਮਾਤਰਾ ਘਟਾਈ ਜਾਵੇ, ਸ਼ਬਜ਼ੀਆਂ ਅਤੇ ਫਲ ਜਿਆਦਾ ਮਾਤਰਾ ਵਿੱਚ ਖਾਧੇ ਜਾਣ।

ਇਲਾਜ ਅਤੇ ਕੰਟਰੋਲ ਲਈ ਜਰੂਰੀ ਹੈ ਕਿ ਘੱਟ ਤੋਂ ਘੱਟ 30 ਮਿੰਟ ਰੋਜ਼ਾਨਾ ਕਸਰਤ ਕੀਤੀ ਜਾਵੇ।ਇਸਦੇ ਨਾਲ ਹੀ ਨਿਯਮਤ ਡਾਕਟਰੀ ਜਾਂਚ ਅਤੇ ਦਵਾਈਆਂ ਦਾ ਸੇਵਨ ਕੀਤਾ ਜਾਵੇ।

# ਹੁਸ਼ਿਆਰਪੁਰ ਦੇ ਟਾਪਰਾਂ ਨੇ ਪ੍ਰਸ਼ਾਸਕੀ ਤਜਰਬਾ, ਲੀਡਰਸ਼ਿਪ ਅਤੇ ਜਨਤਕ ਸੇਵਾ ਲਈ ਪ੍ਰੇਰਨਾ ਪ੍ਰਾਪਤ ਕੀਤੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਦੇ "ਏਕ ਦਿਨ ਡੀਸੀ ਕੇ ਸਾਥ" ਪ੍ਰੋਗਰਾਮ ਦੇ ਵਿਸ਼ੇਸ਼ ਉਪਰਾਲੇ ਤਹਿਤ, ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸਵੀਂ ਜਮਾਤ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਹੁਸ਼ਿਆਰ ਵਿਦਿਆਰਥੀਆਂ ਨੇ ਅੱਜ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨਾਲ ਇੱਕ ਪ੍ਰੇਰਨਾਦਾਇਕ ਦਿਨ ਬਿਤਾਇਆ। ਸਵੇਰੇ 9 ਵਜੇ ਤੋਂ ਬਾਅਦ ਵਿਦਿਆਰਥੀਆਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦਾ ਦੌਰਾ ਕਰਵਾਇਆ ਗਿਆ। ਉਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਦੇ ਕੰਮਕਾਜ, ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ ਅਤੇ ਸਰਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਪ੍ਰਤੱਖ ਤੌਰ 'ਤੇ ਦੇਖਣ ਦਾ ਮੌਕਾ ਮਿਲਿਆ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੇ ਇੱਕ ਛੋਟੀ ਵਿਕਾਸ ਯੋਜਨਾ ਮੀਟਿੰਗ ਵਿੱਚ ਵੀ ਹਿੱਸਾ ਲਿਆ ਜਿੱਥੇ ਜ਼ਿਲ੍ਹੇ ਦੇ ਵਿਕਾਸ ਮੁੱਦਿਆਂ 'ਤੇ ਚਰਚਾ ਕੀਤੀ ਗਈ। ਬਾਅਦ ਵਿੱਚ ਉਨ੍ਹਾਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਐਸਡੀਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਐਸਡੀਐਮ ਟਾਂਡਾ ਪਰਮਪ੍ਰੀਤ ਸਿੰਘ ਨਾਲ ਦੁਪਹਿਰ ਦਾ ਖਾਣਾ ਖਾਧਾ। ਸ਼ਾਮ 4 ਵਜੇ ਦੇ ਕਰੀਬ, ਉਨ੍ਹਾਂ ਨੂੰ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਅਤੇ ਵਣ ਚੇਤਨਾ ਪਾਰਕ ਬਸੀ ਪੁਰਾਣੀ ਦਾ ਦੌਰਾ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੇ ਲਾਇਬ੍ਰੇਰੀ ਵਿੱਚ ਉਪਲਬਧ ਸਹੂਲਤਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਅਤੇ ਉੱਥੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਨਾਲ ਵੀ ਗੱਲਬਾਤ ਕੀਤੀ। ਦਿਨ ਦੇ ਅੰਤ ਵਿੱਚ, ਵਿਦਿਆਰਥੀਆਂ ਅਤੇ ਡਿਪਟੀ ਕਮਿਸ਼ਨਰ ਵਿਚਕਾਰ ਇੱਕ ਖੁੱਲ੍ਹਾ ਸੰਵਾਦ ਸੈਸ਼ਨ ਹੋਇਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਡਿਪਟੀ ਕਮਿਸ਼ਨਰ ਤੋਂ ਪ੍ਰੇਰਨਾਦਾਇਕ ਵਿਚਾਰ ਸੁਣੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਨਸ਼ਿਆ ਖਿਲਾਫ਼ ਹੁਸ਼ਿਆਰਪੁਰ 'ਚ ਜਾਗਰੂਕਤਾ ਮੁਹਿੰਮ ਤੇਜ਼

**ਹੁਸ਼ਿਆਰਪੁਰ–** ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਨਸ਼ਿਆਂ ਦੇ ਖ਼ਾਤਮੇ ਲਈ ਚਲਾਈ ਜਾ ਰਹੀ ਰਾਜ ਵਿਆਪੀ ਮੁਹਿੰਮ ਤਹਿਤ ਸੋਮਵਾਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਨਸ਼ਾ ਮੁਕਤੀ ਯਾਤਰਾਵਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਯਾਤਰਾਵਾਂ ਵਿਚ ਸਥਾਨਕ ਵਿਧਾਇਕਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਸਮਾਜਿਕ ਸੰਗਠਨਾਂ, ਨੌਜਵਾਨਾਂ ਅਤੇ ਨਾਗਰਿਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਸ਼ਾਮ ਚੌਰਾਸੀ ਵਿਧਾਨ ਸਭਾ ਹਲਕੇ ਵਿਚ ਕੈ-ਬਨਿਟ ਮੰਤਰੀ ਡਾ। ਰਵਜੋਤ ਸਿੰਘ ਦੀ ਅਗਵਾਈ ਵਿਚ ਬਾਗਪੁਰ, ਸਤੌਰ ਅਤੇ ਘਾਸੀਪੁਰ ਵਿਚ ਨਸ਼ਾ ਵਿਰੋਧੀ ਜਾਗਰੂਕਤਾ ਰੈਲੀ ਕੱਢੀ ਗਈ। ਚੱਬੇਵਾਲ ਵਿਚ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਦੀ ਅਗਵਾਈ ਵਿਚ ਠੱਕਰਵਾਲ, ਰਹੱਲੀ ਅਤੇ ਧਿਆਨਾ ਵਿੱਚ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ ਜਾਗਰੂਕ ਕੀਤਾ ਗਿਆ। ਗੜ੍ਹਸ਼ੰਕਰ ਵਿੱਚ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਵਿਚ ਮਜ਼ਾਰਾ ਡਿਗਰੀਆਂ ਵਿੱਚ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ ਜਾਗਰੁਕ ਕੀਤਾ।



ਹੁਸ਼ਿਆਰਪੁਰ ਵਿੱਚ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦੀ ਅਗਵਾਈ ਵਿਚ ਪਿੰਡ ਸਤਿਆਲ ਵਿਚ ਰੈਲੀ ਦਾ ਆਯੋਜਨ ਕੀਤਾ ਗਿਆ। ਉੜਮੁੜ ਟਾਂਡਾ ਵਿਧਾਨ ਸਭਾ ਹਲਕੇ ਵਿਚ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਫਤਿਹਪੁਰ, ਭੱਟਲਾਂ ਅਤੇ ਭੱਟੀਵਾਲ ਵਿਚ ਮੁਹਿੰਮ ਚਲਾਈ। ਮੁਕੇਰੀਆਂ ਵਿਧਾਨ ਸਭਾ ਹਲਕੇ ਵਿਚ ਵਿਧਾਨ ਸਭਾ ਹਲਕਾ ਇੰਚਾਰਜ ਪ੍ਰੋ. ਜੀ.ਐਸ. ਮੁਲਤਾਨੀ ਨੇ ਫੱਤੂਵਾਲ, ਜਲਾਲਾ ਅਤੇ ਟੰਗਰਾਲੀਆਂ ਵਿਚ ਰੈਲੀ ਦਾ ਸੰਚਾਲਨ ਕੀਤਾ।

ਜਨਤਕ ਨੁਮਾਇੰਦਿਆਂ ਨੇ ਆਪਣੇ ਸੰਬੋਧਨ ਵਿਚ ਨਸ਼ਿਆਂ ਖਿਲਾਫ਼ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਸਿਰਫ਼ ਇਕ ਪ੍ਰੋਗਰਾਮ ਨਹੀਂ ਹੈ ਸਗੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਇਕ ਸੰਕਲਪ ਹੈ। ਸਮਾਜਿਕ ਸੰਗਠਨਾਂ ਅਤੇ ਨੌਜਵਾਨਾਂ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਇਸਨੂੰ ਸਮਾਜ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਵੱਲ ਇਕ ਮਹੱਤਵਪੂਰਨ ਕਦਮ ਦੱਸਿਆ। ਇਸ ਜਾਗਰੂਕਤਾ ਮੁਹਿੰਮ ਵਿਚ ਨੌਜਵਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਨਾਲ ਇਸ ਲਹਿਰ ਨੂੰ ਮਜ਼ਬੂਤੀ ਮਿਲੀ। ਨਾਗਰਿਕਾਂ ਨੇ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਜਾਗਰੂਕਤਾ ਫੈਲਾਉਣ ਦੀ ਜ਼ਿੰਮੇਵਾਰੀ ਵੀ ਲਈ ਅਤੇ ਪ੍ਰਸ਼ਾਸਨ ਦੇ ਯਤਨਾਂ ਦਾ ਸਮਰਥਨ ਕੀਤਾ।

# ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਹਾਈਪਰਟੈਨਸ਼ਨ ਜਾਗਰੂਕਤਾ ਸੰਬੰਧੀ ਵੱਖ ਵੱਖ ਗਤੀਵਿਧੀਆਂ ਦਾ ਆਯੋਜਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿਹਤ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਾਈਪਰਟੈਨਸ਼ਨ ਜਾਗਰੂਕਤਾ ਗਤੀਵਿਧੀਆਂ ਦਾ ਆਯੋਜਨ ਸੀਨੀਅਰ ਮੈਡੀਕਲ ਅਫਸਰ ਡਾ. ਸਵਾਤੀ ਸ਼ੀਂਹਮਾਰ ਦੀ ਅਗਵਾਈ ਹੇਠ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਕੀਤਾ ਗਿਆ। ਇਹਨਾਂ ਗਤੀਵਿਧੀਆਂ ਵਿੱਚ ਵੱਖ-ਵੱਖ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ ਅਤੇ ਲੋਕਾਂ ਨੂੰ ਹਾਈਪਰਟੈਨਸ਼ਨ ਤੋਂ ਬਚਾਅ ਬਾਰੇ ਜਾਗਰੂਕ ਕੀਤਾ ਗਿਆ। ਇਸ ਦੌਰਾਨ ਡਾ। ਸਵਾਤੀ ਨੇ ਕਿਹਾ ਕਿ 17 ਮਈ ਤੋਂ ਲੈ ਕੇ 17 ਜੂਨ ਤੱਕ ਹਾਈਪਰਟੈਂਸ਼ਨ ਜਾਗਰੂਕਤਾ ਮਹੀਨੇ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਜਿਸਦਾ ਮੁੱਖ ਮੰਤਵ ਹਾਈ ਬਲੱਡ ਪ੍ਰੈਸ਼ਰ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਉਹਨਾਂ ਦੀ ਜਾਣਕਾਰੀ ਵਿੱਚ ਵਾਧਾ ਕਰਨਾ ਹੈ। ਬਦਲਦੀ ਜੀਵਨ ਸ਼ੈਲੀ ਕਾਰਣ ਬਹੁਤ ਸਾਰੇ ਲੋਕ ਹਾਈ ਬਲੱਡ ਪ੍ਰੈਸ਼ਰ ਦੇ ਸ਼ਿਕਾਰ ਹਨ, ਜਿਸ ਕਾਰਣ ਦਿਲ ਦੀਆਂ ਬੀਮਾਰੀਆਂ, ਕਿਡਨੀ ਫੇਲੀਅਰ ਆਦਿ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇੱਥੋਂ ਤੱਕ ਕਿ ਬੱਚੇ ਵੀ ਇਸ ਬੀਮਾਰੀ ਦਾ ਸ਼ਿਕਾਰ ਹੋ ਰਹੇ ਹਨ। ਉਨਾਂ ਕਿਹਾ ਕਿ ਤਲਿਆ ਹੋਇਆ ਜਾਂ ਜਿਆਦਾ ਨਮਕ ਵਾਲਾ ਭੋਜਨ, ਬੁਢਾਪਾ, ਨਸ਼ੀਲੇ ਪਦਾਰਥ, ਮੋਟਾਪਾ, ਘੱਟ ਕਸਰਤ ਅਤੇ ਦਿਮਾਗੀ ਪ੍ਰੇਸ਼ਾਨੀ ਹਾਈ ਬਲੱਡ ਪ੍ਰੈਸ਼ਰ ਦੇ ਮੁੱਖ ਕਾਰਣ ਹਨ। ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆ ਕੇ ਅਸੀ ਬਲੱਡ ਪ੍ਰੈਸ਼ਰ ਵਰਗੀਆਂ ਹੋਰ ਗੈਰ ਸੰਚਾਰਿਤ ਬੀਮਾਰੀਆਂ ਜਿਵੇਂ ਸ਼ੂਗਰ, ਦਿਲ ਦਾ ਦੌਰਾ ਆਦਿ ਵਰਗੀਆਂ ਬੀਮਾਰੀਆਂ ਤੋਂ ਬਚਾਅ ਕਰ ਸਕਦੇ ਹਾਂ। ਉਹਨਾਂ ਕਿਹਾ ਕਿ ਇਹਨਾਂ ਗਤੀਵਿਧੀਆਂ ਤਹਿਤ ਸ਼੍ਰੀ ਗੁਰੂ ਰਾਮ ਦਾਸ ਕਾਲਜ ਆਫ਼ ਨਰਸਿੰਗ ਦੀਆਂ ਵਿਦਿਆਰਥਣਾਂ ਵੱਲੋਂ ਹਾਈਪਰਟੈਨਸ਼ਨ ਦੇ ਕਾਰਨਾਂ ਅਤੇ ਜੋਖਮਾਂ ਨੂੰ ਉਜਾਗਰ ਕਰਦੇ ਹੋਏ ਸਿਹਤ ਭਾਸ਼ਣ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਦਿੱਤੇ ਗਏ। ਮਦਰ ਮੈਰੀ ਕਾਲਜ ਆਫ਼ ਨਰਸਿੰਗ ਦੇ ਵਿਦਿਆਰਥੀਆਂ ਨੇ ਐਮਸੀਐਚ ਵਿੰਗ ਵਿੱਚ ਮਰੀਜ਼ਾਂ ਅਤੇ ਆਮ ਲੋਕਾਂ ਨੂੰ ਬਲੱਡ ਪ੍ਰੈਸ਼ਰ ਦੇ ਲੱਛਣਾਂ ਬਾਰੇ ਜਾਗਰੂਕ ਕੀਤਾ। ਆਈਸੀਐਨ ਸ੍ਰੀਮਤੀ ਹਰਪ੍ਰੀਤ ਕੌਰ ਵੱਲੋਂ ਗੁਰੂ ਰਾਮ ਦਾਸ ਨਰਸਿੰਗ ਕਾਲਜ ਅਤੇ ਐਸਟੀ ਨਰਸਿੰਗ ਕਾਲਜ ਵਿਚਕਾਰ ਇੱਕ ਕੁਇਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥਣਾਂ ਦੀ ਹਾਈਪਰਟੈਨਸ਼ਨ ਬਾਰੇ ਗਿਆਨ ਦੀ ਜਾਂਚ ਕੀਤੀ ਗਈ। ਡਾ। ਸਵਾਤੀ ਨੇ ਕਿਹਾ ਕਿ ਇਹਨਾਂ ਪਹਿਲਕਦਮੀਆਂ ਦਾ ਉਦੇਸ਼ ਭਾਈਚਾਰੇ ਵਿੱਚ ਹਾਈਪਰਟੈਨਸ਼ਨ (ਹਾਈ ਬਲੱਡ ਪ੍ਰੈਸ਼ਰ) ਬਾਰੇ ਸਿਹਤ ਜਾਗਰੂਕਤਾ ਅਤੇ ਰੋਕਥਾਮ ਨੂੰ ਉਤਸ਼ਾਹਿਤ ਕਰਨਾ ਹੈ।

# ਇਨਕਲਾਬੀ ਜਥੇਬੰਦੀਆਂ ਅਤੇ ਖੱਬੀਆਂ ਪਾਰਟੀਆਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 10 ਜੂਨ ਨੂੰ ਕਨਵੈਨਸ਼ਨ ਕਰਨ ਦਾ ਐਲਾਨ

**ਜਲੰਧਰ–** ਕੇਂਦਰ ਦੀ ਬੀਜੇਪੀ ਦੀ ਅਗਵਾਈ ਵਾਲੀ ਸਰਕਾਰ ਮਾਉਵਾਦੀਆਂ ਤੇ ਨਕਸਲਾਈਟਾਂ ਦੇ ਖ਼ਾਤਮੇ ਦੇ ਬਹਾਨੇ ਜੰਗ਼ਲ ਤੇ ਉੱਥੋਂ ਦੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦਾ ਕੰਮ ਕਰ ਰਹੀ ਹੈ। ਖੱਬੀਆਂ ਪਾਰਟੀਆਂ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਇਸ ਅਹਿਮ ਮਸਲੇ ਤੇ ਵਿਚਾਰ ਕਰਕੇ 10 ਜੂਨ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸੂਬਾਈ ਕਨਵੈਨਸ਼ਨ ਕਰਨ ਦਾ ਫੈਸਲਾ ਲਿਆ ਗਿਆ।

ਇਹ ਫੈਸਲਾ ਆਰ ਐਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੀ ਪੀ ਦੇ ਸੂਬਾਈ ਆਗੂ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੀ ਪੀ ਆਈ ਐਮ ਐਲ (ਨਿਊ ਡੈਮੋਕਰੇਸੀ) ਦੇ ਸੂਬਾਈ ਆਗੂ ਅਜਮੇਰ ਸਿੰਘ, ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਸੂਬਾਈ ਆਗੂ ਗੁਰਮੀਤ ਸਿੰਘ ਬਖਤਪੁਰਾ, ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾਈ ਆਗੂ ਕੰਵਲਜੀਤ ਖੰਨਾ, ਲੋਕ ਸੰਗਰਾਮ ਮੋਰਚਾ ਦੇ ਸੂਬਾਈ ਆਗੂ ਰਜੇਸ਼ ਮਲਹੋਤਰਾ ਅਤੇ ਯੂ ਸੀ ਪੀ ਆਈ ਦੇ ਸੂਬਾ ਆਗੂ ਕਿਰਨਜੀਤ ਸਿੰਘ ਸੇਖੋਂ ਆਦਿ ਖੱਬੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਲਿਆ ਗਿਆ। ਮੀਟਿੰਗ ਵਿੱਚ ਕੇਂਦਰ ਦੀ ਸਰਕਾਰ ਵੱਲੋਂ ਮਾਉਵਾਦੀ ਤੇ ਨਕਸਲਬਾੜੀ ਨੂੰ ਖ਼ਤਮ ਕਰਨ ਦੀ ਨੀਤੀ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਹਕੀਕਤ ਇਹ ਹੈ ਕਿ ਸਰਕਾਰ ਜਲ ਜੰਗਲ ਤੇ ਉੱਥੇ ਪਾਏ ਜਾਂਦੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟਾਂ ਨੂੰ ਵੇਚੀ ਜਾ ਰਹੀ ਹੈ। ਮਾਉਵਾਦੀ ਤੇ ਨਕਸਲਾਈਟ ਸਰਕਾਰ ਦੀ ਇਸ ਨੀਤੀ ਦੀ ਵਿਰੋਧਤਾ ਕਰਦੇ ਹਨ। ਸਰਕਾਰ ਵਿਰੋਧ ਕਰਨ ਵਾਲੇ ਲੋਕਾਂ ਦਾ ਕਤਲੇਆਮ ਕਰ ਰਹੀ ਹੈ। ਛਤੀਸਗੜ੍ਹ, ਬਸਤਰ ਆਦਿ ਇਲਾਕਿਆਂ ਵਿੱਚ ਸਰਕਾਰ ਨੇ ਮਾਉਵਾਦੀਆਂ ਦੇ ਨਾਮ ਤੇ ਆਦਿਵਾਸੀਆਂ ਨੂੰ ਵੀ ਵੱਡੀ ਪੱਧਰ ਤੇ ਮਾਰਨ ਜਾਂ ਜੇਲਾਂ ਅੰਦਰ ਡੱਕਣ ਦਾ ਕੰਮ ਕੀਤਾ ਹੈ। ਪਿੰਡਾਂ ਦੇ ਪਿੰਡ ਖ਼ਾਲੀ ਹੋ ਗਏ ਹਨ। ਆਦਿਵਾਸੀਆਂ ਦੇ ਬੱਚਿਆਂ ਤੇ ਸਰਕਾਰ ਵੱਲੋਂ ਜ਼ੁਲਮ ਢਾਹਿਆ ਜਾ ਰਿਹਾ ਹੈ। ਇਸੇ ਤਰ੍ਹਾਂ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਨੇ ਸੰਗਰੂਰ ਇਲਾਕੇ ਵਿੱਚ ਜਗੀਰਦਾਰਾਂ ਦੀਆਂ ਜ਼ਮੀਨਾਂ ਇਕੁਆਇਰ ਕਰਕੇ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਵੰਡਣ ਲਈ ਸੰਘਰਸ਼ ਸ਼ੁਰੂ ਕੀਤਾ ਹੈ। ਇਸ ਸੰਘਰਸ਼ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਵੱਡੀ ਪੱਧਰ ਤੇ ਕਿਸਾਨ ਮਰਦਾਂ ਤੇ ਔਰਤਾਂ ਨੂੰ ਜੇਲ੍ਹੀਂ ਡੱਕਿਆ ਹੋਇਆ ਹੈ। ਮੀਟਿੰਗ ਦੀ ਪੁਰਜ਼ੋਰ ਮੰਗ ਹੈ ਕਿ ਸਰਕਾਰ ਜ਼ਮੀਨਾਂ ਇਕੁਆਇਰ ਕਰਕੇ ਬੇਜ਼ਮੀਨੇ ਲੋਕਾਂ ਨੂੰ ਦੇਵੇ ਜੋ ਕਿਸਾਨ ਮਰਦ ਤੇ ਔਰਤਾਂ ਜੇਲ੍ਹਾਂ ਵਿੱਚ ਹਨ, ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਇਸੇ ਤਰ੍ਹਾਂ ਪੰਜਾਬ ਸਰਕਾਰ ਦੇ ਮਹਿਕਮੇ ਗਲਾਡਾ ਨੇ 24000 ਹਜ਼ਾਰ ਏਕੜ ਜ਼ਮੀਨ ਤੇ ਕਬਜ਼ਾ ਕਰਨ ਦੀ ਠਾਣੀ ਹੋਈ ਹੈ। ਸਰਕਾਰ ਦੀ ਇਸ ਲੋਕ ਉਜਾੜੂ ਨੀਤੀ ਵਿੱਚ ਲੁਧਿਆਣਾ ਦੇ 41 ਪਿੰਡ, 5 ਮੋਗਾ, 3 ਫਿਰੋਜ਼ਪੁਰ ਅਤੇ ਇੱਕ ਪਿੰਡ ਨਵਾਂ ਸ਼ਹਿਰ ਦਾ ਆਉਂਦਾ ਹੈ। ਇਹ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਕਿ ਸਰਕਾਰ ਦੀ ਇਸ ਨੀਤੀ ਕਿੰਨੇ ਲੋਕ ਬੇਰੁਜ਼ਗਾਰ ਹੋਣਗੇ। ਇਨ੍ਹਾਂ ਮਸਲਿਆਂ ਨੂੰ ਲੈਕੇ ਖੱਬੀਆਂ ਪਾਰਟੀਆਂ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕਨਵੈਨਸ਼ਨ ਕਰਨ ਤੋਂ ਬਾਅਦ ਰੋਹ ਭਰਪੂਰ ਮਾਰਚ ਵੀ ਕੀਤਾ ਜਾਵੇਗਾ। ਮੀਟਿੰਗ ਵਿੱਚ ਰਣਜੀਤ ਸਿੰਘ ਔਲਖ, ਪਰਗਟ ਸਿੰਘ ਜਾਮਾਰਾਏ ਤੇ ਕੁਲਵਿੰਦਰ ਸਿੰਘ ਵੜੈਚ ਵੀ ਹਾਜ਼ਰ ਸਨ।

# ਅਸ਼ੋਕ ਸ਼ਰਮਾ ਬਣੇ ਜਰਨਲਿਸਟ ਪ੍ਰੈਸ ਕਲੱਬ ਫਗਵਾੜਾ ਦੇ ਕਾਰਜਕਾਰੀ ਪ੍ਰਧਾਨ



**ਫਗਵਾੜਾ (ਬੀ.ਕੇ. ਰੱਤੂ)** ਫਗਵਾੜਾ ਵਿਧਾਨ ਸਭਾ ਹਲਕੇ ਨਾਲ ਸਬੰਧਿਤ ਪੱਤਰਕਾਰ ਅਸ਼ੋਕ ਸ਼ਰਮਾ ਨੂੰ ਰੈਸਟ ਹਾਊਸ ਫਗਵਾੜਾ ਵਿਖੇ ਬਲਾਕ ਪ੍ਰਧਾਨ ਮਨਦੀਪ ਸੰਧੂ ਦੀ ਪ੍ਰਧਾਨਗੀ ਅਤੇ ਸੂਬਾ ਪ੍ਰਧਾਨ ਮਨਜੀਤ ਮਾਨ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਜਰਨਲਿਸਟ ਪ੍ਰੈਸ ਕਲੱਬ ਫਗਵਾੜਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਆਸ਼ੀਸ਼ ਗਾਂਧੀ ਨੂੰ ਜਨਰਲ ਸਕੱਤਰ, ਪ੍ਰੀਤ ਕੌਰ ਪ੍ਰੀਤੀ ਨੂੰ ਪੀ.ਆਰ. ।, ਜਸਪ੍ਰੀਤ ਅਟਵਾਲ ਨੂੰ ਕਾਰਜਕਾਰਣੀ ਮੈਂਬਰ, ਪੱਤਰਕਾਰ ਸਤਪ੍ਰਕਾਸ਼ ਸਿੰਘ ਸੱਗੂ ਨੂੰ ਮੀਤ ਪ੍ਰਧਾਨ, ਪੱਤਰਕਾਰ ਸੰਜੀਵ ਕਾਲੀਆ ਸੀਨੀਅਰ ਮੀਤ ਪ੍ਰਧਾਨ, ਪੱਤਰਕਾਰ ਜਸਵਿੰਦਰ ਢੱਡਾ ਕਾਨੂੰਨੀ ਸਲਾਹਕਾਰ, ਨਿਯੁਕਤ ਕੀਤਾ ਗਿਆ। ਇਸ ਮੌਕੇ ਸੂਬਾ ਪ੍ਰਧਾਨ ਮਨਜੀਤ ਮਾਨ ਨੇ ਕਿਹਾ ਕਿ ਜਰਨਲਿਸਟ ਪ੍ਰੈਸ ਕਲੱਬ ਪੰਜਾਬ ਪੱਤਰਕਾਰਾਂ ਦੇ ਹੱਕਾਂ ਲਈ ਹਮੇਸ਼ਾ ਸੰਘਰਸ਼ ਕਰਦਾ ਰਹੇਗਾ। ਇਸ ਮੌਕੇ ਚੇਅਰਮੈਨ ਰਾਕੇਸ਼ ਖੰਨਾ, ਸਰਪ੍ਰਸਤ ਜੇ ਐਸ ਸੰਧੂ, ਕੋਡੀਨੇਟਰ ਪ੍ਰਿਤਪਾਲ ਸਿੰਘ, ਮੁੱਖ ਬੁਲਾਰਾ ਰਾਮ ਸਿੰਘ ਭੱਟੀ ਆਦਿ ਨੇ ਆਪਣੇ ਸੰਬੋਧਨ ਦੌਰਾਨ ਆਪਣੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਦਾ ਵੇਰਵਾ ਪੇਸ਼ ਕਰਦੇ ਹੋਏ ਅੱਗੇ ਹੋਰ ਕੀਤੇ ਜਾ ਰਹੇ ਕੰਮਾਂ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਨਵੇਂ ਚੁਣੇ ਗਏ ਕਾਰਜਕਾਰੀ ਪ੍ਰਧਾਨ ਅਸ਼ੋਕ ਸ਼ਰਮਾ ਅਤੇ ਪੂਰੀ ਟੀਮ ਨੇ ਸੂਬਾ ਕਮੇਟੀ ਨਾਲ ਵਾਅਦਾ ਕੀਤਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਗਈ ਹੈ ਉਹ ਇਸ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਪੱਤਰਕਾਰਾਂ ਦੀ ਭਲਾਈ ਲਈ ਦਿਨ ਰਾਤ ਕੰਮ ਕਰਨਗੇ।

# ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਲੰਗੇਰੀ ਵਿੱਚ ਮਾਤਾ ਬਲਵੰਤ ਕੌਰ ਲਾਇਬਰੇਰੀ ਦਾ ਆਰੰਭ

**ਮਾਹਿਲਪੁਰ (ਮਾਨ)** ਪੁਸਤਕਾਂ ਸਾਨੂੰ ਉੱਚੀਆਂ ਮੰਜ਼ਿਲਾਂ ਤੇ ਪਹੁੰਚਾਉਂਦੀਆਂ ਹਨ। ਇਹ ਵਿਚਾਰ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਸਰਕਾਰੀ ਮਿਡਲ ਸਕੂਲ ਲੰਗੇਰੀ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਆਖੇ। ਉਹਨਾਂ ਅੱਗੇ ਕਿਹਾ ਕਿ ਪੁਸਤਕਾਂ ਸਾਡੇ ਜੀਵਨ ਨੂੰ ਸ਼ਿੰਗਾਰਦੀਆਂ ਅਤੇ ਸੰਵਾਰਦੀਆਂ ਹੀ ਨਹੀਂ ਸਗੋਂ ਸਾਨੂੰ ਆਦਰਸ਼ ਨਾਗਰਿਕ ਵੀ ਬਣਾਉਂਦੀਆਂ ਹਨ। ਇਸ ਲਈ ਸਾਨੂੰ ਸਭ ਨੂੰ ਪੁਸਤਕਾਂ ਆਪਣੇ ਜੀਵਨ ਵਿੱਚ ਸ਼ਾਮਿਲ ਕਰਨੀਆਂ ਚਾਹੀਦੀਆਂ ਹਨ। ਖਾਸ ਕਰ ਵਿਦਿਆਰਥੀਆਂ ਨੂੰ ਸਿਲੇਬਸ ਤੋਂ ਇਲਾਵਾ ਲਾਇਬਰੇਰੀ ਦੀਆਂ ਪੁਸਤਕਾਂ ਅਤੇ ਬਾਲ ਰਸਾਲੇ ਜ਼ਰੂਰ ਪੜ੍ਹਨੇ ਚਾਹੀਦੇ ਹਨ। ਅਜਿਹਾ ਕਰਨ ਨਾਲ ਜਿੱਥੇ ਗਿਆਨ ਵਿੱਚ ਵਾਧਾ ਹੋਵੇਗਾ ਉੱਥੇ ਮਾਨਸਿਕ ਤੇ ਸਰੀਰਕ ਤੌਰ ਤੇ ਵੀ ਨਰੋਏ ਬਣਨਗੇ। ਉਹਨਾਂ ਖੇਡ ਪ੍ਰਮੋਟਰ ਅਤੇ ਦਾਨੀ ਸੱਜਣ ਕੁਲਵੰਤ ਸਿੰਘ ਸੰਘਾ ਦੇ ਇਸ ਉਪਰਾਲੇ ਦੀ ਵਿਸ਼ੇਸ਼ ਤੌਰ ਤੇ ਸ਼ਲਾਘਾ ਕੀਤੀ ਕਿ ਉਹਨਾਂ ਨੇ ਆਪਣੀ ਮਾਤਾ ਬਲਵੰਤ ਕੌਰ ਦੀ ਯਾਦ 'ਚ ਲਾਇਬਰੇਰੀ ਉਸਾਰ ਕੇ ਇੱਕ ਚਾਨਣ ਮਨਾਰੇ ਦਾ ਕੰਮ ਕੀਤਾ ਹੈ। ਉਹਨਾਂ ਅੱਗੇ ਕਿਹਾ ਕਿ ਸੰਘਾ ਪਰਿਵਾਰ ਵੱਲੋਂ ਪਿੰਡ ਦੇ ਵਿਕਾਸ ਵਿੱਚ ਹਮੇਸ਼ਾਂ ਲੱਖਾਂ ਦਾ ਯੋਗਦਾਨ ਪਾਇਆ ਜਾਂਦਾ ਹੈ।

12 ਲੱਖ ਰੁਪਏ ਨਾਲ ਤਿਆਰ ਕੀਤੀ ਸਕੂਲ ਦੀ ਬਾਊਂਡਰੀ ਵਾਲ ਅਤੇ ਲਾਈਬਰੇਰੀ ਦਾ ਉਦਘਾਟਨ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵਿਸ਼ੇਸ਼ ਤੌਰ ਤੇ ਪਧਾਰੇ। ਉਹਨਾਂ ਪਿੰਡ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਮਾਣ ਮਹਿਸੂਸ ਕੀਤਾ ਕਿ ਇਸ ਪਿੰਡ ਨੇ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਅਗਾਂਹ ਵਧੂ ਸੋਚ ਦੇ ਮਾਲਕ ਇਨਸਾਨ ਪੈਦਾ ਕੀਤੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਨੂੰ ਅੱਵਲ ਦਰਜਾ ਪ੍ਰਦਾਨ ਕਰਨ ਲਈ ਦਿਨ ਰਾਤ ਯਤਨ ਕੀਤੇ ਜਾ ਰਹੇ ਹਨ। ਇਸ ਸਕੂਲ ਨੂੰ ਬਿਹਤਰ ਲੀਹਾਂ ਪ੍ਰਦਾਨ ਕਰਨ ਵਿੱਚ ਸਾਬਕਾ ਮੁੱਖ ਅਧਿਆਪਕ ਅਰਵਿੰਦਰ ਸਿੰਘ ਹਵੇਲੀ ਦਾ ਵਿਸ਼ੇਸ਼ ਯੋਗਦਾਨ ਹੈ। ਸਭ ਦਾ ਸਵਾਗਤ ਕਰਦਿਆਂ ਸਕੂਲ ਮੁਖੀ ਮਨਜਿੰਦਰ ਪਾਲ ਸਿੰਘ ਨੇ ਮਾਪਿਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਮੰਚ ਸੰਚਾਲਕਾ ਮੈਡਮ ਆਰਤੀ ਨੇ ਖੂਬਸੂਰਤ ਸ਼ਬਦਾਂ ਵਿੱਚ ਸਕੂਲ ਦੀਆਂ ਪ੍ਰਾਪਤੀਆਂ ਨੂੰ ਪੇਸ਼ ਕੀਤਾ। ਪ੍ਰੋ. ਅਜੀਤ ਲੰਗੇਰੀ ਨੇ ਆਪਣੀ ਸੁਰੀਲੀ ਆਵਾਜ਼ ਵਿਚ ਗੀਤ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਸਕੂਲ ਦੀਆਂ ਅੱਵਲ ਆਉਣ ਵਾਲੀਆਂ ਵਿਦਿਆਰਥਣਾਂ ਸਿਮਰਨ ਕੌਰ, ਗੁਰਲੀਨ ਕੌਰ, ਸੁਹਾਨ, ਮਮਤਾ ਅਤੇ ਬੁੱਕ ਲਵਰ ਲਵਪ੍ਰੀਤ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਇਹਨਾਂ ਵਿਦਿਆਰਥੀਆਂ ਨੂੰ ਨਿੱਕੀਆਂ ਕਰੂੰਬਲਾਂ ਨਾਲ ਬਾਲ ਸਾਹਿਤ ਦੀਆਂ ਰੌਚਕ ਪੁਸਤਕਾਂ ਪ੍ਰਦਾਨ ਕੀਤੀਆਂ ਗਈਆਂ। ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਗੁਰਵਿੰਦਰ ਪਾਲ ਸਿੰਘ, ਅਰਵਿੰਦਰ ਸਿੰਘ, ਚਰਨਜੀਤ ਸਿੰਘ ਚੰਨੀ ਐਸਡੀ, ਪ੍ਰੋ. ਸਰਵਣ ਸਿੰਘ, ਸਤਪ੍ਰਕਾਰ ਸੰਘਾ, ਐਮਸੀ ਬਲਦੇਵ ਸਿੰਘ, ਮੁੱਖ ਅਧਿਆਪਕ ਬਲਬੀਰ ਸਿੰਘ, ਪ੍ਰਿੰ. ਸਤਿੰਦਰਦੀਪ ਕੌਰ ਢਿੱਲੋਂ, ਬੀਐਨ ਪ੍ਰਿੰਸੀਪਲ ਮਨਜੀਤ ਸਿੰਘ ਨੇ ਸਰਕਾਰ ਵੱਲੋਂ ਕੀਤੇ ਜਾ ਰਹੇ ਸ਼ਾਨਦਾਰ ਉਪਰਾਲਿਆਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਗਗਨਪ੍ਰੀਤ ਕੌਰ, ਮੈਡਮ ਬੁਨੀਤਾ ਭੱਟੀ, ਜਤਿੰਦਰ ਕੁਮਾਰ, ਪਿੰਡ ਦੀ ਪੰਚਾਇਤ, ਸਕੂਲ ਮੈਨੇਜਿੰਗ ਕਮੇਟੀ ਦੇ ਮੈਂਬਰ,ਅਧਿਆਪਕ, ਵਿਦਿਆਰਥੀ ਅਤੇ ਮਾਪੇ ਬਹੁ ਗਿਣਤੀ ਵਿੱਚ ਸ਼ਾਮਿਲ ਹੋਏ। ਸਭ ਦਾ ਧੰਨਵਾਦ ਪਿੰਡ ਦੀ ਸਰਪੰਚ ਪ੍ਰਿਤਪਾਲ ਕੌਰ ਵੱਲੋਂ ਕੀਤਾ ਗਿਆ।



# ਸਰਕਾਰੀ ਜਬਰ ਖਿਲਾਫ ਬਸਪਾ 29 ਜੂਨ ਨੂੰ ਸੰਗਰੂਰ ਵਿੱਚ ਕਰੇਗੀ ਜ਼ਿਲ੍ਹਾ ਪੱਧਰੀ ਰੈਲੀ - ਡਾ. ਅਵਤਾਰ ਸਿੰਘ ਕਰੀਮਪੁਰੀ



**ਫਗਵਾੜਾ / ਜਲੰਧਰ (ਜੀ.ਐਸ. ਸੋਢੀ / ਬੀ.ਕੇ. ਰੱਤੂ)** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੂਬਾ ਪੱਧਰੀ ਮੀਟਿੰਗ ਅੱਜ ਇੱਥੇ ਪਾਰਟੀ ਦੇ ਟਾਵਰ ਇਨਕਲੇਵ ਸਥਿਤ ਸੂਬਾ ਦਫਤਰ ਵਿਖੇ ਕੀਤੀ ਗਈ। ਬਸਪਾ ਦੇ ਰਾਸ਼ਟਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਮੀਟਿੰਗ ਵਿੱਚ ਬਤੌਰ ਮੁੱਖ ਮਹਿਮਾਨ ਤੇ ਬਸਪਾ ਦੇ ਸੂਬਾ ਕੇਂਦਰੀ ਇੰਚਾਰਜ ਵਿਪੁਲ ਕੁਮਾਰ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ। ਉਨ੍ਹਾਂ ਵੱਲੋਂ ਪਾਰਟੀ ਦੇ ਸੰਗਠਨ ਦੀ ਸਮੀਖਿਆ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ। ਅਵਤਾਰ ਸਿੰਘ ਕਰੀਮਪੁਰੀ ਵੱਲੋਂ ਕੀਤੀ ਗਈ।

ਸੂਬੇ ਦੀ ਪਾਰਟੀ ਲੀਡਰਸ਼ਿਪ ਨੂੰ ਸੰਬੋਧਨ ਕਰਦਿਆਂ ਬਸਪਾ ਰਾਸ਼ਟਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਨੇ ਕਿਹਾ ਕਿ ਮਜ਼ਬੂਤ ਸੰਗਠਨ ਦੇ ਸਿਰ 'ਤੇ ਹੀ ਬਸਪਾ ਸੂਬੇ ਦੀ ਸੱਤਾ ਪ੍ਰਾਪਤ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਵੱਲੋਂ ਵੀ ਸਾਰੇ ਆਗੂਆਂ ਤੇ ਵਰਕਰਾਂ ਨੂੰ ਇਹੀ ਸੰਦੇਸ਼ ਹੈ ਕਿ ਬੂਥ ਪੱਧਰ ਤੱਕ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ, ਤਾਂ ਕਿ ਚੋਣਾਂ ਵਿੱਚ ਜਿੱਤ ਹਾਸਲ ਕਰਕੇ ਸੱਤਾ ਪ੍ਰਾਪਤ ਕੀਤੀ ਜਾ ਸਕੇ। ਇਸ ਮੌਕੇ ਸੂਬਾ ਇੰਚਾਰਜ਼ ਵਿਪੁਲ ਕੁਮਾਰ ਨੇ ਵੀ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਸੰਗਠਨ ਦੀ ਮਜ਼ਬੂਤੀ ਲਈ ਕੰਮ ਕਰਨ ਲਈ ਕਿਹਾ। ਇਸ ਦੌਰਾਨ ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਮ ਲੋਕਾਂ 'ਤੇ ਸਰਕਾਰੀ ਜ਼ਬਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਗਰੂਰ ਵਿੱਚ ਜ਼ਮੀਨ ਵਿੱਚ ਹਿੱਸੇਦਾਰੀ ਲੈਣ ਲਈ ਸੰਘਰਸ਼ ਕਰ ਰਹੇ ਦਲਿਤਾਂ ਮਜ਼ਦੂਰਾਂ ਨੂੰ ਜ਼ੇਲ੍ਹ ਵਿੱਚ ਡੱਕਿਆ ਗਿਆ, ਜਿਨ੍ਹਾਂ ਨੂੰ ਬਸਪਾ ਦੇ ਦਖਲ ਤੋਂ ਬਾਅਦ ਛੱਡਿਆ ਗਿਆ। ਇਸ ਸਰਕਾਰੀ ਜ਼ਬਰ ਦੇ ਵਿਰੋਧ ਵਿੱਚ ਬਸਪਾ ਨੇ 29 ਜੂਨ ਨੂੰ ਜ਼ਿਲ੍ਹਾ ਪੱਧਰੀ ਜ਼ਬਰ ਵਿਰੋਧੀ ਰੈਲੀ ਜ਼ਿਲ੍ਹਾ ਸੰਗਰੂਰ ਵਿੱਚ ਰੱਖੀ ਹੈ, ਜਿਹੜੀ ਕਿ ਬਸਪਾ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਵੱਲੋਂ ਸ਼ੁਰੂ ਕੀਤੇ ਭਾਰਤੀ ਕਿਸਾਨ ਮਜ਼ਦੂਰ ਅੰਦੋਲਨ ਤੇ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਕੀਤੀ ਜਾਵੇਗੀ। ਇਸ ਮੌਕੇ ਬਸਪਾ ਲੀਡਰਸ਼ਿਪ ਨੇ ਸੂਬੇ ਦੀ ਵਿਗੜ ਰਹੀ ਕਾਨੂੰਨ ਵਿਵਸਥਾ ਲਈ ਵੀ ਸਰਕਾਰ ਦੀ ਨਿੰਦਾ ਕੀਤੀ। ਮੀਟਿੰਗ ਦੌਰਾਨ ਬਸਪਾ ਸੂਬਾ ਇੰਚਾਰਜ ਅਜੀਤ ਸਿੰਘ ਭੈਣੀ, ਕੁਲਦੀਪ ਸਿੰਘ ਸਰਦੂਲਗੜ੍ਹ, ਬਲਦੇਵ ਮਹਿਰਾ, ਲਾਲ ਸਿੰਘ ਸੁਲਹਾਣੀ, ਤਰਸੇਮ ਥਾਪਰ, ਚੌਧਰੀ ਗੁਰਨਾਮ ਸਿੰਘ, ਐਡਵੋਕੇਟ ਬਲਵਿੰਦਰ ਕੁਮਾਰ, ਤੀਰਥ ਰਾਜਪੁਰਾ, ਹਰਭਜਨ ਸਿੰਘ ਬਜਹੇੜੀ, ਅਮਰਜੀਤ ਸਿੰਘ ਝਲੂਰ, ਚਮਕੌਰ ਸਿੰਘ ਵੀਰ, ਡਾ। ਮੱਖਣ ਸਿੰਘ, ਠੇਕੇਦਾਰ ਭਗਵਾਨ ਦਾਸ, ਰਾਜਾ ਰਜਿੰਦਰ ਨਨਹੇੜੀਆ, ਕੁਲਵੰਤ ਮਹਿਤੋ, ਬਲਵਿੰਦਰ ਬਿੱਟਾ, ਮ ਪ੍ਰਕਾਸ਼ ਸਰੋਏ, ਤਾਰਾ ਚੰਦ ਭਗਤ, ਸੁਰਜੀਤ ਭੇਲ, ਰਾਕੇਸ਼ ਦਤਾਰਪੁਰੀ, ਮਾਸਟਰ ਹਰਭਜਨ ਸਿੰਘ ਬਲਾਲੋਂ, ਪਰਵੀਨ ਬੰਗਾ, ਗੁਰਬਖਸ਼ ਸਿੰਘ ਚੌਹਾਨ, ਜਗਸੀਰ ਸ਼ੀਰਾ, ਜਗਦੀਸ਼ ਸ਼ੇਰਪੁਰੀ, ਸਲਵਿੰਦਰ ਕੁਮਾਰ ਆਦਿ ਵੀ ਹਾਜ਼ਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮਜ਼ਦੂਰਾਂ 'ਤੇ ਜ਼ਬਰ ਖਿਲਾਫ਼ 2 ਜੂਨ ਦੇ ਜ਼ਿਲ੍ਹਾ ਪੱਧਰੀ ਮੁਜ਼ਾਹਰਿਆਂ ਦੀਆਂ ਤਿਆਰੀਆਂ ਜਾਰੀ





**ਚੰਡੀਗੜ੍ਹ, (ਦਲਜੀਤ ਕੌਰ)** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਸੰਗਰੂਰ ਵਿਖੇ ਜੀਂਦ ਦੇ ਰਾਜੇ ਦੀ 927 ਏਕੜ ਜ਼ਮੀਨ ਚ ਬੇਗ਼ਮਪੁਰਾ ਵਸਾਉਣ ਜਾਣ ਵਾਲੇ ਗ੍ਰਿਫ਼ਤਾਰ ਕੀਤੇ ਮਜ਼ਦੂਰਾਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰਾਉਣ, ਹੱਕਾਂ ਲਈ ਉੱਠਣ ਵਾਲੀ ਆਵਾਜ਼ ਤੋਂ ਪੰਜਾਬ ਨੂੰ ਮੁਕਤ ਕਰਨ ਦਾ ਫ਼ੈਸਲਾ ਰੱਦ ਕਰਾਉਣ ਅਤੇ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਨੂੰ ਵੰਡਾਉਣ ਲਈ 2 ਜੂਨ ਨੂੰ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਕਰਨ ਅਤੇ ਪੰਜਾਬ ਭਰ ਵਿੱਚ ਜ਼ਿਲ੍ਹਾ ਕੇਂਦਰਾਂ ਉੱਤੇ ਕੀਤੇ ਜਾ ਰਹੇ ਧਰਨੇ ਮੁਜ਼ਾਹਰਿਆਂ ਦੀ ਪੰਜਾਬ ਭਰ ਵਿੱਚ ਤਿਆਰੀ ਕੀਤੀ ਜਾ ਰਹੀ ਹੈ। ਇਹਨਾਂ ਤਿਆਰੀਆਂ ਵਜੋਂ ਪੰਜਾਬ ਭਰ ਵਿੱਚ 22 ਥਾਵਾਂ 'ਤੇ ਮੀਟਿੰਗਾਂ, ਰੈਲੀਆਂ ਅਤੇ ਰੋਸ ਮੁਜ਼ਾਹਰੇ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੁਤਲੇ ਸਾੜ ਕੇ ਨਾਅਰੇਬਾਜ਼ੀ ਕੀਤੀ ਗਈ।

ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ,ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਜੀਂਦ ਦੇ ਰਾਜੇ ਦੀ ਸੰਗਰੂਰ ਸਥਿਤ ਬੀੜ ਐਸਵਾਨ ਦੀ 927 ਏਕੜ ਜ਼ਮੀਨ ਉੱਤੇ ਭਗਵੰਤ ਮਾਨ ਸਰਕਾਰ ਦੀ ਸ਼ਹਿ ਉੱਤੇ ਪੇਂਡੂ ਧਨਾਢਾਂ, ਰਜਵਾੜਿਆਂ, ਅਫ਼ਸਰਸ਼ਾਹੀ ਅਤੇ ਸਿਆਸਤਦਾਨਾਂ ਦਾ ਗੱਠਜੋੜ ਅੱਖ ਟਿਕਾਈ ਬੈਠਾ ਹੈ ਜਦਕਿ ਕਾਨੂੰਨ ਮੁਤਾਬਕ ਇਸ ਜ਼ਮੀਨ ਉੱਤੇ ਬੇਜ਼ਮੀਨੇ ਮਜ਼ਦੂਰਾਂ ਤੇ ਬੇਜ਼ਮੀਨੇ ਕਿਸਾਨਾਂ ਦਾ ਹੱਕ ਬਣਦਾ ਹੈ।

ਜਿਸ ਨੂੰ ਪ੍ਰਾਪਤ ਕਰਨ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ 20 ਮਈ ਨੂੰ ਉਪਰੋਕਤ ਜ਼ਮੀਨ ਚ ਬੇਗ਼ਮਪੁਰਾ ਵਸਾਉਣ ਲਈ ਜਾ ਰਹੇ ਬੇਜ਼ਮੀਨੇ ਮਜ਼ਦੂਰ ਮਰਦ ਔਰਤਾਂ, ਬਜ਼ੁਰਗਾਂ ਉੱਤੇ ਪੁਲਿਸ ਦੀਆਂ ਲਗਾਮਾਂ ਖੋਹਲ ਕੇ ਜ਼ਬਰ ਕੀਤਾ ਗਿਆ ਅਤੇ ਉਹਨਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਦਹਿਸ਼ਤ ਦਾ ਮਾਹੌਲ ਸਿਰਜਣ ਦਾ ਯਤਨ ਕੀਤਾ ਗਿਆ ਤਾਂ ਕਿ ਬੇਜ਼ਮੀਨੇ ਕਿਰਤੀ ਲੋਕ ਜ਼ਮੀਨ ਤਰਫ਼ ਮੂੰਹ ਨਾ ਕਰਨ। ਇਸ ਕਾਰਵਾਈ ਨੇ ਭਗਵੰਤ ਸਿੰਘ ਮਾਨ ਦਾ ਆਮ ਆਦਮੀ ਵਿਰੋਧੀ ਚਿਹਰਾ ਬੇਪਰਦ ਕਰ ਦਿੱਤਾ ਹੈ।

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ 2 ਜੂਨ ਨੂੰ ਮੁੱਖ ਮੰਤਰੀ ਦੀ ਸੰਗਰੂਰ ਕੋਠੀ ਵਲ ਮਾਰਚ ਕਰਨ ਅਤੇ ਜ਼ਿਲ੍ਹਾ ਕੇਂਦਰਾਂ ਉੱਤੇ ਕੀਤੇ ਜਾ ਰਹੇ ਮੁਜ਼ਾਹਰਿਆਂ ਨੂੰ ਸਫ਼ਲ ਬਣਾਉਣ ਦੀ ਅਪੀਲ ਵੀ ਕੀਤੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਜ਼ਿਲ੍ਹਾ ਸੰਗਰੂਰ ਦੀਆਂ ਟਾਪਰ ਵਿਦਿਆਰਥਣਾਂ ਨੇ ਬਿਤਾਇਆ ਡਿਪਟੀ ਕਮਿਸ਼ਨਰ ਸੰਗਰੂਰ ਨਾਲ ਪੂਰਾ ਦਿਨ

**ਸੰਗਰੂਰ, (ਦਲਜੀਤ ਕੌਰ)** ਪੰਜਾਬ ਸਰਕਾਰ ਦੀ ਨਿਵੇਕਲੀ ਪਹਿਲਕਦਮੀ 'ਇਕ ਦਿਨ ਡੀ.ਸੀ ਦੇ ਨਾਲ' ਪ੍ਰੋਗਰਾਮ ਤਹਿਤ ਅੱਜ ਜ਼ਿਲ੍ਹਾ ਸੰਗਰੂਰ ਦੇ ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ਵਿਚ ਮੋਹਰੀ ਸਥਾਨ ਹਾਸਿਲ ਕਰਨ ਵਾਲੀਆਂ ਹੋਣਹਾਰ ਵਿਦਿਆਰਥਣਾਂ ਨੇ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨਾਲ ਇਕ ਪ੍ਰੇਰਣਾਦਾਇਕ ਦਿਨ ਬਿਤਾਇਆ। ਇਸ ਅਨੂਠੀ ਪਹਿਲਕਦਮੀ ਦਾ ਉਦੇਸ਼ ਨਾ ਕੇਵਲ ਹੋਣਹਾਰ ਵਿਦਿਆਰਥਣਾਂ ਨੂੰ ਸਨਮਾਨਿਤ ਕਰਨਾ ਸੀ, ਸਗੋਂ ਉਨ੍ਹਾਂ ਨੂੰ ਪ੍ਰਸ਼ਾਸਨਿਕ ਅਨੁਭਵ, ਲੀਡਰਸ਼ਿਪ ਅਤੇ ਜਨਤਕ ਸੇਵਾ ਦੀਆਂ ਜ਼ਮੀਨੀ ਹਕੀਕਤਾਂ ਤੋਂ ਜਾਣੂ ਕਰਵਾਉਣਾ ਵੀ ਸੀ। ਸਵੇਰੇ 7:30 ਵਜੇ ਵਿਦਿਆਰਥਣਾਂ ਡਿਪਟੀ ਕਮਿਸ਼ਨਰ ਰਿਹਾਇਸ਼ 'ਤੇ ਪਹੁੰਚੀਆਂ, ਜਿਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨੇ ਵਿਦਿਆਰਥਣਾਂ ਨਾਲ ਜਾਣ-ਪਛਾਣ ਸੈਸ਼ਨ ਵਿਚ ਹਿੱਸਾ ਲਿਆ ਅਤੇ ਆਪਣੀ ਰੋਜ਼ਾਨਾ ਅਨੁਸ਼ਾਸਿਤ ਜੀਵਨ ਸ਼ੈਲੀ ਬਾਰੇ ਦੱਸਿਆ। ਇਸ ਮੌਕੇ ਉਹਨਾਂ ਆਪਣਾ ਸਰਕਾਰੀ ਘਰ ਖੁਦ ਦਿਖਾਇਆ।

9 ਵਜੇ ਤੋਂ ਬਾਅਦ ਵਿਦਿਆਰਥਣਾਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦਾ ਦੌਰਾ ਕਰਵਾਇਆ ਗਿਆ। ਉਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਦੇ ਕੰਮਕਾਜ, ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ ਅਤੇ ਸਰਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਪ੍ਰਤੱਖ ਤੌਰ 'ਤੇ ਦੇਖਣ ਦਾ ਮੌਕਾ ਮਿਲਿਆ। ਇਸ ਤੋਂ ਇਲਾਵਾ ਵਿਦਿਆਰਥਣਾਂ ਨੂੰ ਮੀਟਿੰਗਾਂ ਵਿਚ ਵੀ ਹਿੱਸਾ ਦਿਵਾਇਆ ਗਿਆ ਜਿਥੇ ਜ਼ਿਲ੍ਹੇ ਦੇ ਵਿਕਾਸ ਮੁੱਦਿਆਂ 'ਤੇ ਚਰਚਾ ਕੀਤੀ ਗਈ।



ਇਸ ਤੋਂ ਬਾਅਦ ਉਨ੍ਹਾਂ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ, ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਅਮਿਤ ਬੈਂਬੀ ਅਤੇ ਸਹਾਇਕ ਕਮਿਸ਼ਨਰ (ਜ) ਸ੍ਰ ਲਵਪ੍ਰੀਤ ਸਿੰਘ ਔਲਖ ਨਾਲ ਦੁਪਹਿਰ ਦਾ ਖਾਣਾ ਖਾਧਾ। ਬਾਅਦ ਵਿਚ ਉਹ ਵਧੀਕ ਡਿਪਟੀ ਕਮਿਸ਼ਨਰ (ਜ) ਦੀ ਅਦਾਲਤ ਵਿੱਚ ਗਏ ਅਤੇ ਅਦਾਲਤੀ ਕੰਮਾਂ ਬਾਰੇ ਜਾਣਕਾਰੀ ਹਾਸਲ ਕੀਤੀ।

ਦਿਨ ਦੇ ਅੰਤ ਵਿਚ ਵਿਦਿਆਰਥਣਾਂ ਅਤੇ ਡਿਪਟੀ ਕਮਿਸ਼ਨਰ ਵਿਚਕਾਰ ਇਕ ਖੁੱਲ੍ਹਾ ਸੰਵਾਦ ਸੈਸ਼ਨ ਹੋਇਆ, ਜਿਸ ਵਿਚ ਵਿਦਿਆਰਥਣਾਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਡਿਪਟੀ ਕਮਿਸ਼ਨਰ ਤੋਂ ਪ੍ਰੇਰਨਾਦਾਇਕ ਵਿਚਾਰ ਸੁਣੇ। ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨੇ ਵਿਦਿਆਰਥਣਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਪ੍ਰਸੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਰੋਸ਼ਨ ਭਵਿੱਖ ਦੀ ਕਾਮਨਾ ਕੀਤੀ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਪ੍ਰੋਗਰਾਮ ਨੇ ਵਿਦਿਆਰਥਣਾਂ ਨੂੰ ਨਾ ਕੇਵਲ ਸਰਕਾਰੀ ਪ੍ਰਸ਼ਾਸਨ ਦੇ ਕੰਮਕਾਜ਼ ਤੋਂ ਜਾਣੂ ਕਰਵਾਇਆ ਸਗੋਂ ਉਨ੍ਹਾਂ ਵਿੱਚ ਲੀਡਰਸ਼ਿਪ, ਅਨੁਸ਼ਾਸਨ ਅਤੇ ਲੋਕ ਸੇਵਾ ਦੀ ਭਾਵਨਾ ਵੀ ਭਰੀ। ਉਨ੍ਹਾਂ ਕਿਹਾ ਕਿ 'ਇਕ ਦਿਨ ਡੀ।ਸੀ ਦੇ ਨਾਲ' ਵਰਗੇ ਉਪਰਾਲੇ ਵਿਦਿਆਰਥੀਆਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਇਕ ਮੀਲ ਪੱਥਰ ਸਾਬਤ ਹੋ ਸਕਦੇ ਹਨ।

ਇਸ ਮੌਕੇ ਮੈਰੀਟੋਰੀਅਸ ਸਕੂਲ ਘਾਬਦਾਂ ਦੀ ਵਿਦਿਆਰਥਣ ਆਕਾਸ਼ਦੀਪ ਕੌਰ 12ਵੀਂ ਜਮਾਤ ਜ਼ਿਲ੍ਹਾ ਸੰਗਰੂਰ ਵਿੱਚੋਂ 2 ਰੈਂਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਭਵਾਨੀਗੜ੍ਹ ਦੀ ਵਿਦਿਆਰਥਣ ਇਮਾਨਤ ਕੌਰ 12 ਵੀਂ ਜਮਾਤ ਜ਼ਿਲ੍ਹਾ ਸੰਗਰੂਰ ਵਿੱਚੋਂ ਤੀਜਾ ਰੈਂਕ ਅਤੇ ਸਰਕਾਰੀ ਹਾਈ ਸਕੂਲ ਮੰਗਵਾਲ ਦੀ ਵਿਦਿਆਰਥਣ ਜਸਦੀਪ ਕੌਰ 10ਵੀ ਜਮਾਤ ਜ਼ਿਲ੍ਹਾ ਸੰਗਰੂਰ ਵਿੱਚੋਂ 3 ਰੈਂਕ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਉਹਨਾਂ ਦੇ ਜੀਵਨ ਦਾ ਇਕ ਵਿਲੱਖਣ ਮੌਕਾ ਸੀ ਜਿਸ ਨੇ ਉਨ੍ਹਾਂ ਨੂੰ ਪ੍ਰਸ਼ਾਸਨਿਕ ਪ੍ਰਕਿਰਿਆ, ਲੀਡਰਸ਼ਿਪ ਅਤੇ ਜਨਤਕ ਸੇਵਾ ਦੀਆਂ ਬਾਰੀਕੀਆਂ ਨੂੰ ਸਮਝਣ ਦਾ ਮੌਕਾ ਦਿੱਤਾ। ਉਨ੍ਹਾਂ ਨੇ ਇਸ ਅਨੁਭਵ ਨੂੰ ਅਭੁੱਲ ਅਤੇ ਪ੍ਰੇਰਨਾਦਾਇਕ ਦੱਸਿਆ ਅਤੇ ਕਿਹਾ ਕਿ ਇਹ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਟੀਚੇ ਨਿਰਧਾਰਤ ਕਰਨ ਵਿਚ ਮਦਦ ਕਰੇਗਾ। ਬੱਚਿਆਂ ਦੇ ਮਾਪਿਆਂ ਨੇ ਵੀ ਇਸਨੂੰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਇਕ ਪ੍ਰੇਰਨਾਦਾਇਕ ਕਦਮ ਕਿਹਾ।

# ਸੰਤ ਬਾਬਾ ਖੁਸ਼ੀ ਰਾਮ ਮਹਾਰਾਜ ਦੀ ਸਲਾਨਾ ਬਰਸੀ ਸੰਤ ਕੁਲਵੰਤ ਰਾਮ ਭਰੋਮਜਾਰਾ ਦੀ ਸਰਪ੍ਰਸਤੀ ਹੇਠ ਮਨਾਈ



**ਫਗਵਾੜਾ (ਬੀ. ਕੇ. ਰੱਤੂ)** ਡੇਰਾ 108 ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ ਤਪੱਸਵੀ ਸੰਤ ਬਾਬਾ ਖੁਸ਼ੀ ਰਾਮ ਮਹਾਰਾਜ ਦੀ ਸਲਾਨਾ ਬਰਸੀ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਸਰਪ੍ਰਸਤੀ ਵਿੱਚ ਮਨਾਈ ਗਈ। ਸ੍ਰੀ ਸਹਿਜਪਾਠ ਦੇ ਭੋਗ ਪੈਣ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ। ਵੱਖ ਵੱਖ ਡੇਰਿਆ ਤੋਂ ਪਹੁੰਚੇ ਸੰਤਾਂ ਨੇ ਸੰਗਤਾਂ ਨੂੰ ਸਾਂਝੇ ਤੌਰ ਤੇ ਉਪਦੇਸ਼ ਦਿੰਦਿਆ ਕਿਹਾ ਕਿ ਸਾਨੂੰ ਸੰਤ ਬਾਬਾ ਖੁਸ਼ੀ ਰਾਮ ਮਹਾਰਾਜ ਦੇ ਦੱਸੇ ਹੋਏ ਮਾਰਗ ਦਰਸ਼ਨ ਤੇ ਚੱਲ ਕੇ ਆਪਣਾ ਜੀਵਨ ਸਫਲ ਬਨਾਉਣਾ ਚਾਹੀਦਾ ਹੈ।

ਸੰਤਾਂ ਵਲੋਂ ਜਿਥੇ ਸਾਰਿਆ ਦਾ ਧੰਨਵਾਦ ਕੀਤਾ ਉਥੇ ਸੰਤ ਮਹਾਪੁਰਸ਼ਾ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਪੜ੍ਹਾਈ ਵਿੱਚੋਂ ਅਵੱਲ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ, ਸੰਤ ਮਹਿੰਦਰ ਪਾਲ ਪੰਡਵਾ, ਸੰਤ ਜਸਵਿੰਦਰ ਸਿੰਘ ਡਾਂਡੀਆ, ਸੰਤ ਸਤਨਾਮ ਦਾਸ ਗੱਜਰ ਮਹਿਦੂਦ, ਸੰਤ ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋਂ ਦੋਆਬਾ, ਸੰਤ ਤਾਰਾ ਚੰਦ ਸੰਧਵਾਂ, ਸੰਤ ਸੀਤਲ ਦਾਸ ਕਾਲੇਵਾਲ ਭਗਤਾਂ, ਸਾਈਂ ਸਾਧੂ ਸ਼ਾਹ ਚਿਸ਼ਤੀ ਕਟਾਰੀਆਂ, ਸੰਤ ਸਰਬਜੀਤ ਸਿੰਘ ਲੜੋਆ, ਸੰਤ ਗੁਰਮੁੱਖ ਨਾਥ ਲਧਾਣਾ, ਸੰਤ ਮੋਨਿਕਾ ਗੜਸ਼ੰਕਰ, ਸੰਤ ਅਵਤਾਰ ਦਾਸ, ਸੰਤ ਆਤਮਾ ਦਾਸ ਅੱਪਰਾ, ਸੰਤ ਗੁਰਮੀਤ ਰਾਮ ਹਾਜੀਪੁਰ, ਸੰਤ ਕਪੂਰ ਦਾਸ ਅਵਾਦਪੁਰਾ, ਸੰਤ ਬੇਲਾ ਦਾਸ ਨਰੂੜ, ਸੰਤ ਸਤਨਾਮ ਸਿੰਘ ਨਰੂੜ, ਵਿਧਾਇਕ ਡਾ। ਸੁਖਵਿੰਦਰ ਕੁਮਾਰ ਸੁੱਖੀ, ਸਾਬਕਾ ਮੰਤਰੀ ਦੇਸ ਰਾਜ ਧੁੱਗਾ, ਜਰਨੈਲ ਨੰਗਲ ਚੇਅਰਮੈਨ ਟਰੱਸਟ ਫਗਵਾੜਾ, ਲੈਕਚਰਾਰ ਲੁਭਾਇਆ ਕਲਸੀ, ਮੈਂਬਰ ਜਿਲ੍ਹਾ ਪ੍ਰੀਸ਼ਦ ਕਮਲਜੀਤ ਬੰਗਾ, ਹਰਭਜਨ ਸਿੰਘ ਭਰੋਲੀ, ਰੋਬਨ ਸੈਂਪਲੇ ਜਲੰਧਰ, ਕੇ. ਕੇ. ਪਾਲ ਵੜਿੰਗ, ਬਲਵੰਤ ਰਾਏ ਵੜਿੰਗ, ਹਰਕੇਸ਼ ਜਲੰਧਰ, ਦੇਸ ਰਾਜ ਚੱਕਗੁਰੂ, ਗਿਆਨੀ ਨਾਜਰ ਸਿੰਘ ਜੱਸੋਮਜਾਰਾ, ਬਿਹਾਰੀ ਲਾਲ ਨੰਗਲ ਭਾਖੜਾ, ਸੋਮ ਨਾਥ ਗੜ੍ਹਸ਼ੰਕਰ, ਬੀਬੀ ਅਮਰਜੀਤ ਕੌਰ ਨਵਾਂਸ਼ਹਿਰ, ਮਦਨ ਲਾਲ ਰੰਧਾਵਾ ਆਦਿ ਹਾਜ਼ਰ ਸਨ।

# ਲਖਬੀਰ ਸਿੰਘ ਲੱਕੀ ਸ਼ਾਹ ਅੰਬੇਡਕਰ ਸੈਨਾ ਦਾ ਜਲੰਧਰ ਤੋਂ ਵਾਈਸ ਪ੍ਰਧਾਨ ਨਿਯੁਕਤ



**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਮਿਸ਼ਨ ਫਿਲੋਸਫੀ ਅਤੇ ਉਹਨਾਂ ਦੀ ਵਿਚਾਰਧਾਰਾ ਨੂੰ ਹੋਰ ਮਜਬੂਤ ਅਤੇ ਅੱਗੇ ਵਧਾਉਣ ਲਈ ਅੰਬੇਡਕਰ ਸੈਨਾ ਆਫ ਇੰਡੀਆ ਵੱਲੋਂ ਸੀਨੀਅਰ ਵਾਈਸ ਪ੍ਰਧਾਨ ਜਲੰਧਰ ਲਖਵੀਰ ਸਿੰਘ ਸਾਈਂ ਲੱਕੀ ਸ਼ਾਹ ਨੂੰ ਪਿੰਡ ਖੋਜਕੀਪੁਰ ਜ਼ਿਲ੍ਹਾ ਜਲੰਧਰ ਵਿਖੇ ਨਾਮਜਦ ਕੀਤਾ ਗਿਆ । ਇਸ ਮੌਕੇ ਉਹਨਾਂ ਨੂੰ ਨਿਯੁਕਤੀ ਪੱਤਰ ਦੇ ਕੇ ਅੰਬੇਡਕਰ ਸੈਨਾ ਆਫ ਇੰਡੀਆ ਰਜਿਸਟਰ ਦੇ ਮੈਂਬਰਾਂ ਨੇ ਅੰਬੇਡਕਰ ਸੈਨਾ ਵਿੱਚ ਆਉਣ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਲਖਬੀਰ ਸਿੰਘ ਲੱਕੀ ਸ਼ਾਹ ਨੇ ਕਿਹਾ ਕਿ ਉਹ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਮਿਸ਼ਨ ਅਤੇ ਵਿਚਾਰਧਾਰਾ ਨੂੰ ਅੰਬੇਡਕਰ ਸੈਨਾ ਰਾਹੀਂ ਜਨ ਜਨ ਤੱਕ ਪਹੁੰਚਾਏਗਾ ਤੇ ਉਹਨਾਂ ਦੀ ਵਿਚਾਰਧਾਰਾ ਪੜ੍ਹੋ ਜੁੜੋ ਸੰਘਰਸ਼ ਕਰੋ ਦੇ ਰਾਹ ਉੱਤੇ ਸਮੁੱਚੇ ਯੂਥ ਵਰਗ ਨੂੰ ਤੋਰੇਗਾ। ਇਸ ਨਯੁਕਤੀ ਮੌਕੇ ਉਹਨਾਂ ਦੇ ਨਾਲ ਅੰਬੇਡਕਰ ਸੈਨਾ ਦੇ ਅਹੁਦੇਦਾਰਾਂ ਤੋਂ ਇਲਾਵਾ ਸੰਤ ਬਲਵੰਤ ਸਿੰਘ ਡੀਂਗਰੀਆਂ, ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਲਾਡੀ ਸੰਧੂ, ਬੌਵੀ ਨਾਜਕਾ ਸਮੇਤ ਕਈ ਹੋਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਮੌਕੇ 'ਤੇ ਦਾਖਲਾ ਪ੍ਰੋਗਰਾਮ 'ਕਾਰਵਾਂ - 2025' ਸ਼ੁਰੂ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ, ਇੱਕ ਨੈਕ ਏ+ ਮਾਨਤਾ ਪ੍ਰਾਪਤ ਬਹੁ-ਅਨੁਸ਼ਾਸਨੀ ਸੰਸਥਾ ਵੱਲੋਂ ਹੋਟਲ ਮਹਾਰਾਜਾ ਰੀਜੈਂਸੀ, ਆਰਤੀ ਚੌਕ, ਫਿਰੋਜ਼ਪੁਰ ਰੋਡ, ਲੁ-ਧਿਆਣਾ ਵਿੱਚ ਆਪਣਾ ਮੌਕੇ 'ਤੇ ਦਾਖਲਾ ਪ੍ਰੋਗਰਾਮ (ਸਪਾਟ



ਐਡਮਿਸ਼ਨ ਡਰਾਈਵ) – 'ਕਾਰਵਾਂ 2025' ਸਫਲਤਾਪੂਰਵਕ ਕਰਵਾਇਆ ਗਿਆ।

ਇਸ ਪ੍ਰੋਗਰਾਮ ਨੂੰ ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ। ਹਰਸ਼ ਸਦਾਵਰਤੀ ਨੇ ਕਾਉਂਸਲਿੰਗ ਅਤੇ ਦਾਖਲਾ ਟੀਮ ਦੇ ਨਾਲ, ਹਾਜ਼ਰੀਨ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ, ਚਾਹਵਾਨ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੇ ਕਰੀਅਰ ਨਾਲ ਸਬੰਧਤ ਸਵਾਲਾਂ ਦੇ ਜਵਾਬ ਦਿੱਤੇ। ਇਸ ਸਮਾਗਮ ਦੀ ਵਿਸ਼ੇਸ਼ਤਾ ਇੱਕ ਸਨਮਾਨ ਸਮਾਰੋਹ ਸੀ, ਜਿੱਥੇ ਵੱਖ-ਵੱਖ ਨਾਮਵਰ ਸੰਸਥਾਵਾਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਸਿੱਖਿਆ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

ਡਾ। ਸਦਾਵਰਤੀ ਨੇ ਕਿਹਾ ਕਿ ਅਧਿਆਪਕ ਅਤੇ ਪ੍ਰਿੰਸੀਪਲ ਸੱਚੇ ਰਾਸ਼ਟਰ ਨਿਰਮਾਤਾ ਹਨ। ਉਨ੍ਹਾਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਦੀ ਨਿਰਸਵਾਰਥ ਸੇਵਾ ਲਈ ਧੰਨਵਾਦ ਪ੍ਰਗਟ ਕਰਨਾਂ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।

ਯੂਨੀਵਰਸਿਟੀ ਨੇ ਲੁਧਿਆਣਾ ਦੇ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਕਾਦਮਿਕ ਉੱਤਮਤਾ ਲਈ 'ਸ਼ਾਈਨਿੰਗ ਸਟਾਰ ਐਵਾਰਡ' ਵੀ ਭੇਟ ਕੀਤੇ। ਵਿਦਿਆਰਥੀਆਂ ਨੂੰ ਮੌਕੇ 'ਤੇ ਦਾਖਲੇ, ਕਰੀਅਰ ਕਾਉਂਸਲਿੰਗ ਅਤੇ ਯੋਗਤਾ ਦੇ ਆਧਾਰ 'ਤੇ ਸਕਾਲਰਸ਼ਿਪ ਦੇ ਮੌਕੇ ਪ੍ਰਦਾਨ ਕੀਤੇ ਗਏ। ਡੀਬੀਯੂ ਦੀ ਡਿਜੀਟਲ ਸਿੱਖਿਆ ਪਹਿਲਕਦਮੀ ਦੇ ਹਿੱਸੇ ਵਜੋਂ ਬਹੁਤ ਸਾਰੇ ਯੋਗ ਵਿਦਿਆਰਥੀਆਂ ਨੂੰ ਮੁਫਤ ਟੈਬਲੇਟ ਵੀ ਪ੍ਰਾਪਤ ਹੋਏ। ਦੇਸ਼ ਭਗਤ ਯੂਨੀਵਰਸਿਟੀ ਇੰਜੀਨੀਅਰਿੰਗ, ਸਿਹਤ ਸੰਭਾਲ, ਏਆਈ, ਸਾਈਬਰ ਸੁਰੱਖਿਆ, ਮੈਨੇਜਮੈਂਟ, ਲਾਅ, ਫਾਰਮੇਸੀ, ਹੋਟਲ ਪ੍ਰਬੰਧਨ, ਪੈਰਾ ਮੈਡੀਕਲ ਵਿਗਿਆਨ, ਨਰਸਿੰਗ, ਡੈਂਟਲ, ਆਯੁਰਵੇਦ ਅਤੇ ਹੋਰ ਬਹੁਤ ਸਾਰੇ ਵਿਸ਼ਿਆਂ ਵਿੱਚ ਮਿਆਰੀ ਸਿੱਖਿਆ ਅਤੇ ਵਿਸ਼ਵਵਿਆਪੀ ਮੌਕੇ ਪ੍ਰਦਾਨ ਕਰਨ ਵਿੱਚ ਮੋਹਰੀ ਹੈ।

# ਸਰਵ ਸਾਂਝਾਂ ਮੰਚ ਵਲੋਂ ਭਾਰਤੀ ਸੈਨਾ ਦੇ ਸਨਮਾਨ ਵਿੱਚ ਤਿਰੰਗਾ ਯਾਤਰਾ ਕੱਢੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਰਵ ਸਾਂਝਾ ਮੰਚ ਵੱਲੋਂ ਪਰਸ਼ੂਰਾਮ ਸੈਨਾ ਦੇ ਸੂਬਾ ਪ੍ਰਧਾਨ ਆਸ਼ੂਤੋਸ਼ ਸ਼ਰਮਾ ਦੀ ਅਗਵਾਈ ਹੇਠ ਆਪ੍ਰੇਸ਼ਨ ਸਿੰਦੂਰ ਅਤੇ ਭਾਰਤੀ ਫੌਜ ਦੀ ਬਹਾਦਰੀ ਦੇ ਸਨਮਾਨ ਵਿੱਚ ਤਿਰੰਗਾ ਯਾਤਰਾ ਕੱਢੀ ਗਈ। ਆਸ਼ੂਤੋਸ਼ ਨੇ ਦੱਸਿਆ ਕਿ ਜਲੂਸ ਵਿੱਚ 180 ਫੁੱਟ ਲੰਬਾ ਤਿਰੰਗਾ ਆਪ੍ਰੇਸ਼ਨ ਸਿੰਦੂਰ ਵਿੱਚ ਫੌਜ ਦੀ ਬਹਾਦਰੀ ਅਤੇ ਬਹਾਦਰੀ ਨੂੰ ਸਮਰਪਿਤ ਸੀ ਅਤੇ ਆਪ੍ਰੇਸ਼ਨ ਸਿੰਦੂਰ ਬਾਰੇ ਮੀਡੀਆ ਬ੍ਰੀਫਿੰਗ ਦੇਣ ਵਾਲਾ ਮੁੱਖ ਵਿਅਕਤੀ ਸਾਡੀ ਫੌਜ ਵਿੱਚ ਹਵਾਈ ਸੈਨਾ ਦਾ ਪਾਇਲਟ ਸੀ। ਵਿੰਗ ਕਮਾਂਡਰ ਵਿ ਮਿਕਾ ਸਿੰਘ ਅਤੇ ਕਰਨਲ ਸੋਫੀਆ ਕੁਰੈਸ਼ੀ ਦੀ ਝਾਕੀ ਦੇਸ਼ ਦੇ ਬਹਾਦਰ ਪੁਰਸ਼ਾਂ ਅਤੇ ਔਰਤਾਂ ਲਈ ਖਿੱਚ ਦਾ ਕੇਂਦਰ ਸੀ. ਯਾਤਰਾ ਦੌਰਾਨ, ਸ਼ਹਿਰ ਭਾਰਤ ਮਾਤਾ ਕੀ ਜੈ, ਵੰਦੇ ਮਾਤਰਮ, ਭਾਰਤੀ ਫੌਜ, ਹਵਾਈ ਫੌਜ, ਜਲ ਸੈਨਾ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਹੋਲੀ ਹਾਰਟ ਜੂਨੀਅਰ ਸਕੂਲ ਅਤੇ ਵਿਦਿਆ ਮੰਦਿਰ ਸਕੂਲ, ਐਸ. ਏ. ਵੀ. ਜੈਨ ਦੇ ਬੋਰਹਿੰਗ ਸਕੂਲ ਦੇ ਸੈਂਕੜੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਤਿਰੰਗਾ ਯਾਤਰਾ ਵਿੱਚ ਆਪਣੇ ਹੱਥਾਂ ਵਿੱਚ ਤਿਰੰਗਾ ਫੜ ਕੇ ਫੌਜ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਹੋਲੀ ਹਾਰਟ ਜੂਨੀਅਰ ਸਕੂਲ ਤੋਂ ਰਿਸ਼ਮਾ ਅਰੋੜਾ ਨੇ ਕਿਹਾ ਕਿ ਸਾਰੇ ਭਾਰਤੀਆਂ ਨੂੰ ਸਾਡੀ ਭਾਰਤੀ ਫੌਜ 'ਤੇ ਮਾਣ ਹੈ ਅਤੇ ਤਿਰੰਗਾ ਯਾਤਰਾ ਦੇਸ਼ ਵਾਸੀਆਂ ਨੂੰ ਫੌਜ ਪ੍ਰਤੀ ਜਾਣੂ ਕਰਵਾਉਂਦੀ ਹੈ। ਇਸ ਤੋਂ ਇਲਾਵਾ, ਅੱਜ ਦੀ ਯਾਤਰਾ ਨੇ ਸਕੂਲੀ ਬੱਚਿਆਂ 'ਤੇ ਬਹੁਤ ਪ੍ਰਭਾਵ ਪਾਇਆ ਹੈ। ਇਸਨੇ ਵਿੰਗ ਕਮਾਂਡਰ ਵਿ ਮਿਕਾ ਸਿੰਘ ਅਤੇ ਕਰਨਲ ਸੋਫੀਆ ਬਣਨ ਦੀ ਇੱਛਾ ਜਗਾਈ। ਪਰਸ਼ੂਰਾਮ ਸੈਨਾ ਦੇ ਸੂਬਾ ਪ੍ਰਧਾਨ ਆਸ਼ੂਤੋਸ਼ ਸ਼ਰਮਾ ਨੇ ਕਿਹਾ ਕਿ ਤਿਰੰਗਾ ਯਾਤਰਾ ਵਿੱਚ ਹੁਸ਼ਿਆਰਪੁਰ ਸ਼ਹਿਰ ਦੇ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਸਮੇਤ ਵੱਖ-ਵੱਖ ਸਕੂਲਾਂ ਦੇ ਨੌਜਵਾਨ ਮੁੰਡੇ-ਕੁੜੀਆਂ ਨੇ ਹਿੱਸਾ ਲਿਆ। ਇਸ ਜਲੂਸ ਵਿੱਚ 180 ਫੁੱਟ ਲੰਬਾ ਤਿਰੰਗਾ ਸੀ ਜੋ ਸਾਡੀ ਭਾਰਤੀ ਫੌਜ ਦੀ ਬਹਾਦਰੀ ਨੂੰ ਸਮਰਪਿਤ ਹੋਵੇਗਾ। ਇਹ ਯਾਤਰਾ ਕੇਸ਼ੋ ਮੰਦਿਰ ਤੋਂ ਸ਼ੁਰੂ ਹੋ ਕੇ ਕਮੇਟੀ ਬਾਜ਼ਾਰ, ਗੋਰਾ ਗੇਟ, ਘੰਟਾ ਘਰ, ਰੇਲਵੇ ਰੋਡ, ਸਿੰਘ ਸਭਾ ਗੁਰਦੁਆਰਾ, ਸੈਸ਼ਨ ਚੌਕ, ਗ੍ਰੀਨਵਿਊ ਪਾਰਕ ਨੇੜੇ



ਪਰਸ਼ੂਰਾਮ ਚੌਕ ਤੋਂ ਹੁੰਦੀ ਹੋਈ ਸ਼ਹੀਦ ਸਮਾਰਕ 'ਤੇ ਆਰਾਮ ਕੀਤਾ। ਇਸ ਯਾਤਰਾ ਦਾ ਮੁੱਖ ਉਦੇਸ਼ ਆਪ੍ਰੇਸ਼ਨ ਸਿੰਦੂਰ ਵਿੱਚ ਫੌਜ ਦੀ ਬਹਾਦਰੀ ਨੂੰ ਲੋਕਾਂ ਵਿੱਚ ਫੈਲਾਉਣਾ ਅਤੇ ਨੌਜਵਾਨਾਂ ਨੂੰ ਫੌਜ ਦੀ ਬਹਾਦਰੀ ਤੋਂ ਜਾਣੂ ਕਰਵਾਉਣਾ ਸੀ। ਪਹਿਲਗਾਮ ਵਿੱਚ ਹੋਏ ਹਮਲੇ ਵਿੱਚ, ਅੱਤਵਾਦੀਆਂ ਨੇ ਸਾਡੀਆਂ ਭੈਣਾਂ ਅਤੇ ਧੀਆਂ ਦੇ ਸਿੰਦੂਰ ਨਸ਼ਟ ਕਰ ਦਿੱਤੇ ਸਨ। ਸਾਡੇ ਬਹਾਦਰ ਸੈਨਿਕਾਂ ਨੇ ਆਪ੍ਰੇਸ਼ਨ ਸਿੰਦੂਰ ਰਾਹੀਂ ਇਸਦਾ ਬਦਲਾ ਲਿਆ। ਅਮਿਤ ਸ਼ਰਮਾ ਨੇ ਦੱਸਿਆ ਕਿ ਝਾਂਕੀ ਵਿੱਚ ਮ੍ਰਿਦੂ ਸ਼ਰਮਾ, ਕਰਨਲ ਸੋਫੀਆ ਕੁਰੈਸ਼ੀ ਅਤੇ ਮਨਰੂਹਬਾਨ ਵਿੰਗ ਕਮਾਂਡਰ ਵਿ ਮਿਕਾ ਸਿੰਘ ਦੀ ਭੂਮਿਕਾ ਨਿਭਾਈ ਗਈ ਸੀ ਅਤੇ ਭਾਰਤ ਮਾਤਾ ਦੀ ਭੂਮਿਕਾ ਆਸਟ੍ਰੇਲੀਆਈ ਨਾਗਰਿਕ ਆਰਾਧਿਆ ਨੇ ਨਿਭਾਈ ਸੀ। ਰਾਜਿੰਦਰ ਰਾਣਾ ਨੇ ਕਿਹਾ ਕਿ ਸਿਰਫ਼ ਤਿੰਨ ਦਿਨਾਂ ਵਿੱਚ ਦੁਸ਼ਮਣ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਗਿਆ। ਦੇਸ਼ ਦਾ ਹਰ ਨਾਗਰਿਕ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਤੋਂ ਉਤਸ਼ਾਹਿਤ ਹੈ। ਸਾਨੂੰ ਆਪਣੇ ਬਹਾਦਰ ਸੈਨਿਕਾਂ 'ਤੇ ਮਾਣ ਹੈ।

# ਐਮ ਪੀ ਡਾ. ਰਾਜ ਕੁਮਾਰ ਚੱਬੇਵਾਲ ਨੇ ਤੂਫ਼ਾਨ ਅਤੇ ਮੀਂਹ ਕਾਰਨ ਪ੍ਰਭਾਵਿਤ ਹੋਈ ਬਿਜਲੀ ਸਪਲਾਈ ਜਲਦੀ ਠੀਕ ਕਰਨ ਦੇ ਨਿਰਦੇਸ਼ ਦਿੱਤੇ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)–** ਪਿਛਲੇ ਦੋ-ਤਿੰਨ ਦਿਨਾਂ ਤੋਂ ਪੰਜਾਬ ਵਿੱਚ ਤੇਜ਼ ਤੂਫ਼ਾਨ ਅਤੇ ਮੋਹਲੇਧਾਰ ਬਾਰਿਸ਼ ਨੇ ਆਮ ਜਨਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਕੁਦਰਤੀ ਆਫ਼ਤ ਕਾਰਨ ਕਈ ਥਾਵਾਂ 'ਤੇ ਦਰੱਖਤ ਡਿੱਗ ਪਏ ਹਨ ਅਤੇ ਬਿਜਲੀ ਦੇ ਤਾਰੇ ਟੁੱਟਣ ਨਾਲ ਬਿਜਲੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਸੰਕਟ ਵਾਲੀ ਸਥਿਤੀ ਵਿੱਚ ਲੋਕਾਂ ਨੂੰ ਰਾਹਤ ਦੇਣ ਲਈ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਖੁਦ ਮੋਰਚਾ ਸੰਭਾਲਿਆ ਹੈ। ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਬਿਜਲੀ ਵਿਭਾਗ ਪੀ ਐਸ ਪੀ ਸੀ ਐਲ (ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ) ਦੇ ਉੱਚ ਅਧਿਕਾਰੀਆਂ ਨਾਲ ਸੰਪਰਕ ਕਰਕੇ ਬਿਜਲੀ ਸਪਲਾਈ ਬਹਾਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਲੋਕਾਂ ਨੂੰ ਗਰਮੀ ਅਤੇ ਹਨੇਰੇ ਵਿੱਚ ਰਹਿਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਇਸ ਵਿਸ਼ੇ 'ਤੇ, ਉਨ੍ਹਾਂ ਨੇ ਪੀਐਸਪੀਸੀਐਲ-ਕਮ-ਮੈਨੇਜਿੰਗ ਡਾਇਰੈਕਟਰ ਅਜੈ ਕੁਮਾਰ ਸਿਨਹਾ (ਆਈ. ਈ.ਐਚ. ਐਸ. ਨਾਲ ਵੀ ਸਿੱਧੀ ਗੱਲਬਾਤ ਕੀਤੀ ਸੀ) ਦੇ ਚੇਅਰਮੈਨ ਹਨ ਅਤੇ ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਜੈ ਕੁਮਾਰ ਸਿਨਹਾ ਨੇ ਭਰੋਸਾ ਦਿੱਤਾ ਹੈ ਕਿ ਉਹ ਅੱਜ ਮੀਟਿੰਗ ਬੁਲਾ ਕੇ ਸਮੱਸਿਆ ਦਾ ਹੱਲ ਲੱਭਣਗੇ। ਸੰਸਦ ਮੈਂਬਰ ਨੇ ਸੀਨੀਅਰ ਇੰਜੀਨੀਅਰ ਜਸਵਿੰਦਰ ਸਿੰਘ ਵਿਰਦੀ ਨਾਲ ਵੀ ਗੱਲ ਕੀਤੀ ਹੈ ਅਤੇ ਪ੍ਰਭਾਵਿਤ ਇਲਾਕਿਆਂ ਵਿੱਚ ਬਿਜਲੀ ਸਪਲਾਈ ਨੂੰ ਪਹਿਲ ਦੇ ਆਧਾਰ 'ਤੇ ਬਹਾਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਵਿਭਾਗ ਵਿੱਚ ਨਿਯੁਕਤ ਠੇਕਾ ਸਟਾਫ ਪਿਛਲੇ ਦੋ-ਤਿੰਨ ਦਿਨਾਂ ਤੋਂ ਹੜਤਾਲ 'ਤੇ ਹੈ, ਜਿਸ ਕਾਰਨ ਬਿਜਲੀ ਦੀ ਮੁਰੰਮਤ ਅਤੇ ਬਹਾਲੀ ਵਿੱਚ ਦੇਰੀ ਹੋ ਰਹੀ ਹੈ। ਸੰਸਦ ਮੈਂਬਰ ਚੱਬੇਵਾਲ ਨੇ ਕਿਹਾ ਕਿ ਅਜਿਹੀ ਸਥਿਤੀ ਵਿੱਚ ਬਿਜਲੀ ਸਪਲਾਈ ਨੂੰ ਸੁਚਾਰੂ ਬਣਾਉਣ ਅਤੇ ਕਿਸੇ ਵੀ ਸਥਿਤੀ ਵਿੱਚ ਜਨਤਾ ਨੂੰ ਰਾਹਤ ਪ੍ਰਦਾਨ ਕਰਨ ਲਈ ਬਾਹਰੀ ਸਟਾਫ ਦੀ ਮਦਦ ਲਈ ਜਾਣੀ ਚਾਹੀਦੀ ਹੈ। ਉੱਥੇ ਐਕਸੀਅਨ ਸੰਦੀਪ ਸ਼ਰਮਾ ਨੇ ਦੱਸਿਆ ਕਿ ਵਿਭਾਗ ਦੇ ਯਤਨਾਂ ਨਾਲ ਲਗਭਗ 80 ਪ੍ਰਤੀਸ਼ਤ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੇ ਇਲਾਕਿਆਂ ਨੂੰ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ ਅਤੇ ਬਿਜਲੀ ਸਪਲਾਈ ਆਮ ਵਾਂਗ ਕਰ ਦਿੱਤੀ ਜਾਵੇਗੀ।



ਦਰੱਖਤ ਡਿੱਗਣ ਅਤੇ ਤਾਰਾਂ ਟੁੱਟਣ ਦੀਆਂ ਘਟਨਾਵਾਂ ਕਾਰਨ ਕਈ ਇਲਾਕਿਆਂ ਵਿੱਚ ਖੰਭੇ ਲਗਾਉਣ ਅਤੇ ਟ੍ਰਾਂਸਫਾਰਮਰ ਬਦਲਣ ਦੀ ਲੋੜ ਪਈ ਹੈ, ਜਿਸ 'ਤੇ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਜਨਤਾ ਨੂੰ ਸੰਜਮ ਬਣਾਈ ਰੱਖਣ ਦੀ ਅਪੀਲ ਕੀਤੀ ਹੈ ਅਤੇ ਭਰੋਸਾ ਦਿੱਤਾ ਹੈ ਕਿ ਉਹ ਖੁਦ ਬਿਜਲੀ ਸਪਲਾਈ ਪ੍ਰਣਾਲੀ ਦੀ ਨਿਗਰਾਨੀ ਕਰ ਰਹੇ ਹਨ।

ਉਨ੍ਹਾਂ ਨੇ ਪੀਐਸਪੀਸੀਐਲ ਅਧਿਕਾਰੀਆਂ ਨੂੰ ਸਥਿਤੀ 'ਤੇ ਸਖ਼ਤ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਹਨ ਅਤੇ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਾ. ਚੱਬੇਵਾਲ ਨੇ ਅੰਤ ਵਿੱਚ ਕਿਹਾ ਕਿ ਜਨਤਕ ਸਮੱਸਿਆਵਾਂ ਨੂੰ ਹੱਲ ਕਰਨਾ ਉਨ੍ਹਾਂ ਦੀ ਤਰਜੀਹ ਹੈ ਅਤੇ ਪ੍ਰਸ਼ਾਸਕੀ ਲਾਗੂਕਰਨ ਦੇ ਨਾਲ ਮਿਲ ਕੇ ਉਹ ਜਲਦੀ ਹੀ ਪੂਰੀ ਸਥਿਤੀ ਨੂੰ ਆਮ ਬਣਾ ਦੇਣਗੇ।



# ਨਿਊਜ਼ੀਲੈਂਡ ਬੈਂਕ ਨੋਟਾਂ 'ਚ ਵਿਸ਼ੇਸ਼ ਸੁਗੰਧ ਹੁੰਦੀ ਹੈ ਅਤੇ ਕੁੱਤੇ ਸੁੰਘਣ ਸ਼ਕਤੀ ਨਾਲ ਫੜਦੇ ਹਨ ਨਕਲੀ ਨੋਟ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਵਿਕਾਸਸ਼ੀਲ ਦੇਸ਼ਾਂ ਦੇ ਵਿਚ ਕੁੱਤਿਆਂ ਦੀ ਮਹੱਤਤਾ ਭਾਵੇਂ ਉਸ ਪੱਧਰ ਦੀ ਨਾ ਹੋਵੇ ਜਿਸ ਪੱਧਰ ਦੀ ਵਿਕਸਤ ਦੇਸ਼ਾਂ ਦੇ ਵਿਚ ਪਾਈ ਜਾਂਦੀ ਹੈ। ਅੱਛੀ ਨਸਲ ਦੇ ਕੁੱਤੇ ਜਿੱਥੇ ਘਰਾਂ ਦਾ ਸ਼ਿੰਗਾਰ ਬਣਦੇ ਹਨ ਉਤੇ ਮਨੁੱਖਾ ਜਾਤੀ ਦੇ ਬਹੁਤ ਸਾਰੇ ਕੰਮਾਂ ਵਿਚ ਵੀ ਸਹਾਈ ਹੁੰਦੇ ਹਨ। ਕੁਝ ਲੋਕਾਂ ਨੂੰ ਕੁੱਤੇ ਬਿੱਲੀਆਂ ਰੱਖਣ ਦੇ ਨਾਲ ਸੁੱਖ ਮਿਲਦਾ ਹੈ ਅਤੇ ਉਹ ਸ਼ਾਂਤੀ ਭਰਿਆ ਜੀਵਨ ਬਤੀਤ ਕਰਦੇ ਹਨ। ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਵਧੀਆ ਨਸਲ ਦੇ ਕੁੱਤਿਆਂ ਨੂੰ ਸਿਖਲਾਈ ਦੇ ਕੇ ਉਹ ਕੰਮ ਲੈ ਲੈਂਦੀਆਂ ਹਨ ਜਿਨ੍ਹਾਂ ਨੂੰ ਮਨੁੱਖ ਦੇ ਲਈ ਕਰਨਾ ਔਖਾ ਹੁੰਦਾ ਹੈ।

ਨਿਊਜ਼ੀਲੈਂਡ ਪੁਲਿਸ ਦੇ ਕੋਲ ਅਜਿਹੇ ਕੁੱਤੇ ਹਨ ਜੋ ਕਿ ਨਕਲੀ ਨਕਦੀ ਦਾ ਵੀ ਪਤਾ ਲਗਾ ਲੈਂਦੇ ਹਨ। ਇਨ੍ਹਾਂ ਵਿਸ਼ੇਸ਼ ਨਸਲ ਦੇ ਕੁੱਤਿਆਂ ਨੂੰ ਸੁਗੰਧ ਦੇ ਨਾਲ ਅਜਿਹਾ ਸਿਖਾਇਆ ਜਾਂਦਾ ਹੈ ਕਿ ਉਹ ਨਕਲੀ ਅਤੇ ਅਸਲੀ ਨਕਦੀ ਦੀ ਪਹਿਚਾਣ ਵੀ ਕਰ ਲੈਂਦੇ ਹਨ। ਇਹ ਕੁੱਤੇ ਹਵਾਈ ਅੱਡਿਆਂ, ਬੰਦਰਗਾਹਾਂ, ਜਹਾਜ਼ਾਂ ਅਤੇ ਗੋਦਾਮਾਂ ਵਿਚ ਕੰਮ ਕਰਦੇ ਵੇਖੇ ਜਾ ਸਕਦੇ ਹਨ। ਹੁਣ ਇਹ ਕੁੱਤੇ ਵੱਡੀ ਮਾਤਰਾ ਵਿੱਚ ਅਣ-ਐਲਾਨੀ ਨਕਦੀ ਲੱਭਣ ਵਿੱਚ ਮਦਦ ਕਰ ਸਕਦੇ ਹਨ ਜੋ ਦੇਸ਼ ਨੂੰ ਮਨੀ ਲਾਂਡਰਿੰਗ ਅਤੇ ਅੱਤਵਾਦ ਫੰਡਿੰਗ ਵਰਗੀਆਂ ਸੰਭਾਵੀ ਅਪਰਾਧਿਕ ਗਤੀਵਿਧੀਆਂ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ। ਇਹ ਨਿਊਜ਼ੀਲੈਂਡ ਦੇ ਐਂਟੀ-ਮਨੀ ਲਾਂਡਰਿੰਗ ਅਤੇ ਕਾਊਂਟਰਿੰਗ ਫਾਈਨੈਂਸਿੰਗ ਆਫ ਟੈਰੋਰਿਜ਼ਮ ਐਕਟ ਦੇ ਤਹਿਤ ਕੀਤਾ ਜਾਂਦਾ ਹੈ। ਨਕਦੀ ਦੇ ਨਾਲ-ਨਾਲ, ਕੁੱਤਿਆਂ ਨੂੰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦਾ ਪਤਾ ਲਗਾਉਣ ਲਈ ਸਿਖਲਾਈ ਦਿੱਤੀ ਜਾਂਦੀ ਹੈ। ਜਦੋਂ ਲੁਕੇ ਹੋਏ ਪੈਸੇ ਲੱਭਣ ਦੀ ਗੱਲ ਆਉਂਦੀ ਹੈ, ਤਾਂ ਇਹ ਸਭ ਇਕ ਸੁਗੰਧ ਦੇ ਨਾਲ ਹੋ ਜਾਂਦਾ ਹੈ। ਭਾਵੇਂ ਨਿਊਜ਼ੀਲੈਂਡ ਦੇ ਬੈਂਕ ਨੋਟ ਇੱਕ ਕਿਸਮ ਦੇ ਸਖ਼ਤ ਪਲਾਸਟਿਕ ਦੇ ਬਣੇ ਹੁੰਦੇ ਹਨ ਜਿਸਨੂੰ ਪੋਲੀਮਰ ਕਿਹਾ ਜਾਂਦਾ ਹੈ, ਪਰ ਉਹਨਾਂ ਵਿੱਚ ਇੱਕ ਵੱਖਰੀ ਸੁਗੰਧ ਹੁੰਦੀ ਹੈ ਜਿਸਨੂੰ ਕੁੱਤਿਆਂ ਨੂੰ ਤੁਰੰਤ ਪਛਾਣਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਕੁੱਤਿਆਂ ਨੂੰ ਨਕਦੀ ਦੀ ਖੁਸ਼ਬੂ ਸਿੱਖਣ ਵਿੱਚ ਮਦਦ ਕਰਨ ਲਈ ਰਿਜ਼ਰਵ ਬੈਂਕ ਵੱਲੋਂ ਨਿਊਜ਼ੀਲੈਂਡ ਪੁਲਿਸ ਅਤੇ ਕਸਟਮਜ਼ ਨੂੰ ਕੁਝ ਅਸਲੀ ਬੈਂਕ ਨੋਟ ਅਤੇ ਪੁਰਾਣੇ ਕੱਟੇ ਹੋਏ ਬੈਂਕ ਨੋਟਾਂ ਦੇ ਬੈਗ ਉਧਾਰ ਦਿੱਤੇ ਜਾਂਦੇ ਹਨ। ਟੁਕੜੇ-ਟੁਕੜੇ ਹੋਏ ਨੋਟਾਂ ਅਤੇ ਸਾਬਿਤ ਨੋਟਾਂ ਦੀ ਸੁਗੰਧੀ ਨਕਦੀ ਦਾ ਪਤਾ ਲਗਾਉਣ ਵਾਲੇ ਕੁੱਤਿਆਂ ਨੂੰ ਇੱਕੋ ਜਿਹੀ ਆਉਂਦੀ ਹੈ। ਇਸ ਤਰ੍ਹਾਂ ਦੀ ਟ੍ਰੇਨਿੰਗ ਦੇ ਨਾਲ ਨਕਲੀ ਅਤੇ ਅਸਲੀ ਨਕਦੀ ਫੜ ਲਈ ਜਾਂਦੀ ਹੈ ਭਾਂਵੇਂ ਉਹ ਲੁਕੋ ਕੇ ਰੱਖੇ ਹੋਣ।



ਰਿਜ਼ਰਵ ਬੈਂਕ ਇਸ ਉਤੇ 2013 ਤੋਂ ਇਸ ਮੁੱਦੇ 'ਤੇ ਨਿਊਜ਼ੀਲੈਂਡ ਪੁਲਿਸ ਅਤੇ ਨਿਊਜ਼ੀਲੈਂਡ ਕਸਟਮਜ਼ ਨਾਲ ਕੰਮ ਕਰ ਰਿਹਾ ਹੈ। ਕਾਨੂੰਨ ਨੂੰ ਲਾਗੂ ਕਰਨ ਵਿੱਚ ਮਦਦ ਕਰਨ ਦੇ ਨਾਲ-ਨਾਲ, ਨਿਊਜ਼ੀਲੈਂਡ ਪੁਲਿਸ ਨਾਲ ਰਿਜ਼ਰਵ ਬੈਂਕ ਦਾ ਕੰਮ ਵਿੱਤੀ ਪ੍ਰਣਾਲੀ ਵਿੱਚ ਵਿਸ਼ਵਾਸ ਅਤੇ ਵਿਸ਼ਵਾਸ ਬਣਾਉਣ ਵਿੱਚ ਕੇਂਦਰੀ ਬੈਂਕ ਦੇ ਪੈਸੇ ਵਜੋਂ ਨਕਦੀ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦਾ ਹੈ।

ਨਿਊਜ਼ੀਲੈਂਡ ਦੇ ਬੈਂਕਨੋਟਾਂ ਦੀ ਵਿਸ਼ੇਸ਼ਤਾ: ਇਹ ਪੋਲਿਮਰ ਤੋਂ ਬਣੀਆਂ ਹੁੰਦੀਆਂ ਹਨ, ਜਿਸ ਨਾਲ ਇਹ ਟਿਕਾਊ ਅਤੇ ਜਲ-ਰੋਧਕ ਹੁੰਦੇ ਹਨ। ਨਿਊਜ਼ੀਲੈਂਡ ਵਿੱਚ ਪੰਜ ਮੁੱਖ ਬੈਂਕਨੋਟ ਚਲਣ ਵਿੱਚ ਹਨ: ਡਾਲਰ 5,10, 20, 50, ਅਤੇ 100। ਹਰ ਨੋਟ ਉੱਤੇ ਇਤਿਹਾਸਕ ਅਤੇ ਪ੍ਰਸਿੱਧ ਵਿਅਕਤੀ, ਪਸ਼ੂ-ਪੰਛੀ, ਅਤੇ ਸਭਿਆਚਾਰਕ ਚਿੰਨ੍ਹ ਦਰਸਾਏ ਜਾਂਦੇ ਹਨ। ਉਦਾਹਰਨ ਵਜੋਂ ਡਾਲਰ 5 ਨੋਟ ਉੱਤੇ ਸਰ ਐਡਮੰਡ ਹਿਲੇਰੀ ਜਿਸ ਨੇ ਸਭ ਤੋਂ ਪਹਿਲਾਂ ਮਾਊਂਟ ਐਵਰੈਸਟ ਨੂੰ ਸਰ ਕੀਤਾ ਅਤੇ ਹੋਇਹੋ (ਪੀਲੀ-ਅੱਖ ਵਾਲਾ ਪੇਂਗੁਇਨ) ਹਨ। ਫੋਟੋ ਦੇ ਸਾਹਮਣੇ ਨਿਊਜ਼ੀਲੈਂਡ ਦੀ ਸਭ ਤੋਂ ਉਚੀ ਚੋਟੀ ਮਾਊਂਟ ਕੁੱਕ ਦੀ ਫੋਟੋ ਹੈ। ਡਾਲਰ 10 ਦੇ ਨੋਟ ਉੱਤੇ ਕੇਟ ਸ਼ੈਪਰਡ (ਉਹ ਮਹਿਲਾ ਜਿਸ ਨੇ ਇਥੇ ਸਭ ਤੋਂ ਪਹਿਲਾਂ ਔਰਤਾਂ ਲਈ ਵੋਟ ਅਧਿਕਾਰ ਲਈ ਕੰਮ ਕੀਤਾ )ਅਤੇ ਵਹ (ਨੀਲਾ ਬਤਖ) ਹੈ। ਡਾਲਰ 20 ਨੋਟ ਉੱਤੇ ਮਹਾਰਾਣੀ ਐਲਿਜ਼ਾਬੇਥ-2 ਅਤੇ ਕਾਰੇਆਰੇਆ (ਨਿਊਜ਼ੀਲੈਂਡ ਬਾਜ਼) ਹੈ। ਡਾਲਰ 50 ਦੇ ਨੋਟ ਉੱਤੇ ਸਰ ਅਪੀਰਾਨਾ ਨਗਾਤਾ (ਨਿਊਜ਼ੀਲੈਂਡ ਦੇ ਪ੍ਰਸਿੱਧ ਮਾ ਰੀ ਨੇਤਾ ਅਤੇ ਨਿਊਜ਼ੀਲੈਂਡ ਯੂਨੀਵਰਸਿਟੀ ਤੋਂ ਪਹਿਲੇ ਮਾ ਰੀ ਗ੍ਰੈਜੂਏਟ ਬਣੇ, ਜਿਨ੍ਹਾਂ ਨੇ ਕਲਾ ਅਤੇ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ) ਅਤੇ ਕੋਕਾਕੋ (ਨੀਲਾ-ਚਮਤਦੇ ਗਲੇ ਵਾਲ ਕਾਂ)। ਡਾਲਰ 100 ਦੇ ਨੋਟ ਉੱਤੇ ਅਰਨੈਸਟ ਲਾਰਡ ਰਦਰਫੋਰਡ (ਉਸਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਰਮਾਣੂ ਦੇ ਪਿਤਾ ਵਜੋਂ ਮਾਨਤਾ ਪ੍ਰਾਪਤ ਹੈ ਅਤੇ ਉਸਨੇ ਪਰਮਾਣੂ ਵਿਗਿਆਨ ਦੀ ਮੁੱਢਲੀ ਸਮਝ ਨੂੰ 3 ਵਾਰ ਬਦਲਿਆ, ਉਸਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਪਰਮਾਣੂ ਦੇ ਪਿਤਾ ਵਜੋਂ ਮਾਨਤਾ ਪ੍ਰਾਪਤ ਹੈ ਅਤੇ ਉਸਨੇ ਪਰਮਾਣੂ ਵਿਗਿਆਨ ਦੀ ਮੁੱਢਲੀ ਸਮਝ ਨੂੰ 3 ਵਾਰ ਬਦਲਿਆ)।ਅਤੇ ਮੋਹੁਆ (ਪੀਲੇ-ਸਿਰ ਵਾਲਾ ਪੰਛੀ)।

ਇਹ ਨੋਟ ਸੁਰੱਖਿਆ ਵਿਸ਼ੇਸ਼ਤਾਵਾਂ ਨਾਲ ਭਰੇ ਹੋਏ ਹਨ, ਜਿਵੇਂ ਕਿ ਹੋਲੋਗ੍ਰਾਮ, ਪਾਰਦਰਸ਼ੀ ਵਿੰਡੋ, ਅਤੇ ਉੱਚ-ਗੁਣਵੱਤਾ ਵਾਲੀ ਛਪਾਈ, ਜੋ ਨਕਲੀ ਨੋਟਾਂ ਨੂੰ ਰੋਕਣ ਵਿੱਚ ਮਦਦ ਕਰਦੀਆਂ ਹਨ। ਇਹ ਬੈਂਕਨੋਟ ਨਿਊਜ਼ੀਲੈਂਡ ਦੀ ਅਨੂਠੀ ਸੰਸਕ੍ਰਿਤੀ ਅਤੇ ਇਤਿਹਾਸ ਨੂੰ ਦਰਸਾਉਂਦੇ ਹਨ, ਜੋ ਕਿ ਇਸ ਦੇ ਵਿਸ਼ਵਾਸਯੋਗ ਅਤੇ ਆਧੁਨਿਕ ਹੋਣ ਦਾ ਪ੍ਰਤੀਕ ਹਨ।

# ਤਥਾਗਤ ਬੁੱਧ ਨੇ ਦੁਨੀਆ ਨੂੰ ਸ਼ਾਂਤੀ ਤੇ ਅਹਿੰਸਾ ਦਾ ਮਾਰਗ ਦਿਖਾਇਆ – ਭੰਤੇ ਪ੍ਰਗਿਆ ਬੋਧੀ / ਭੰਤੇ ਚੰਦਰ ਕੀਰਤੀ



**ਫਗਵਾੜਾ–** ਸੰਘ ਮਿਤਰਾ ਬੁੱਧ ਵਿਹਾਰ ਫਗਵਾੜਾ ਵਿਖੇ ਬੁੱਧ ਪੂਰਨਿਮਾ ਨੂੰ ਸਮਰਪਿਤ ਸਲਾਨਾ ਸਮਾਗਮ ਹਰ ਸਾਲ ਦੀ ਤਰ੍ਹਾਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਸਮਾਗਮ ਦੌਰਾਨ ਭੰਤੇ ਦਰਸ਼ਨਦੀਪ, ਭੰਤੇ ਪ੍ਰਗਿਆ ਬੋਧੀ ਤਕਸ਼ਿਲਾ ਬੁੱਧ ਵਿਹਾਰ ਲੁਧਿਆਣਾ ਅਤੇ ਭੰਤੇ ਚੰਦਰ ਕੀਰਤੀ ਅਸ਼ੋਕਾ ਬੁੱਧ ਵਿਹਾਰ ਤਰਖਾਣ ਮਜਾਰਾ ਪ੍ਰਮੁੱਖ ਬੁਲਾਰਿਆਂ ਵਜੋਂ ਸ਼ਾਮਿਲ ਹੋਏ। ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ ਨੇ ਸ਼ਿਰਕਤ ਕੀਤੀ।

ਭੰਤੇ ਸਾਹਿਬਾਨ ਨੇ ਆਪਣੇ ਪ੍ਰਵਚਨਾਂ ਰਾਹੀਂ ਦੱਸਿਆ ਕਿ ਤਥਾਗਤ ਗੌਤਮ ਬੁੱਧ ਨੇ ਮਨੁੱਖਤਾ ਨੂੰ ਤ੍ਰੀਸ਼ਰਨ, ਪੰਚਸ਼ੀਲ, ਚਾਰ ਆਰੀਆ ਸੱਚ, ਅਤੇ ਅਸ਼ਟਾਂਗਿਕ ਮਾਰਗ ਦੇ ਸਿਧਾਂਤ ਦਿੱਤੇ ਹਨ। ਉਹਨਾਂ ਕਿਹਾ ਕਿ ਤਥਾਗਤ ਬੁੱਧ ਜੀ ਨੇ ਦੁਨੀਆ ਨੂੰ ਸ਼ਾਂਤੀ ਅਤੇ ਅਹਿੰਸਾ ਦਾ ਮਾਰਗ ਦਿਖਾਇਆ ਹੈ। ਸਾਨੂੰ ਉਹਨਾਂ ਦੇ ਉਪਦੇਸ਼ਾਂ 'ਤੇ ਚਲਦਿਆਂ ਜੀਵਨ ਸਫਲ ਕਰਨਾ ਚਾਹੀਦਾ ਹੈ। ਇਸ ਦੌਰਾਨ ਧੰਮਾਚਾਰੀ ਅਚਲ ਕੀਰਤੀ ਜਲੰਧਰ, ਸੋਹਨ ਸਹਿਜਲ, ਨਿਤਨ ਥਾਬਲਕੇ, ਸਾਬਕਾ ਕੌਂਸਲਰ ਰਮੇਸ਼ ਕੌਲ ਅਤੇ ਹੋਰਨਾਂ ਨੇ ਵੀ ਆਪਣੇ ਵਢਮੁੱਲੇ ਵਿਚਾਰ ਪੇਸ਼ ਕੀਤੇ। ਸਟੇਜ ਦੀ ਸੇਵਾ ਡਾ। ਹਰਭਜਨ ਲਾਲ ਨੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ। ਅਖੀਰ 'ਚ ਪ੍ਰਬੰਧਕਾਂ ਵਲੋਂ ਸਮੂਹ ਪਤਵੰਤਿਆਂ ਅਤੇ ਹਰਬੰਸ ਲਾਲ ਵਿਰਦੀ ਯੂ.ਕੇ. ਦਾ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਐਡਵੋਕੇਟ ਐਸ.ਐਲ. ਵਿਰਦੀ, ਕਮੇਟੀ ਪ੍ਰਧਾਨ ਲੱਜਾ ਰਾਮ, ਸਾਬਕਾ ਕੌਂਸਲਰ ਪੂਰਨਿਮਾ, ਬੰਸੋ ਦੇਵੀ, ਨੈਨਦੀਪ, ਮਨੀ ਅੰਬੇਡਕਰੀ, ਬਲਵਿੰਦਰ ਬੋਧ, ਧਰਮਵੀਰ ਬੋਧ, ਚੇਤ ਰਾਮ, ਮਹਿੰਦਰ ਰਾਮ, ਬੋਧ ਰਾਜ ਕਟਾਣਾ, ਪਿਆਰਾ ਲਾਲ ਚੱਕ ਹਕੀਮ ਸਮੇਤ ਵੱਡੀ ਗਿਣਤੀ 'ਚ ਧੰਮ ਉਪਾਸਕ ਹਾਜਰ ਸਨ।

# ਇੰਜੀ. ਮੱਟੂ ਪੰਜਾਬੀ ਫਿਲਮ ਐਂਡ ਮਿਊਜ਼ਿਕ ਐਵਾਰਡ ਨਾਲ ਸਨਮਾਨਿਤ





**ਭਵਾਨੀਗੜ੍ਹ–** ਪੰਜਾਬੀ ਸਾਹਿਤ ਦੀ ਚਰਚਿਤ ਸ਼ਖ਼ਸੀਅਤ ਅਤੇ ਗੀਤਕਾਰੀ ਦੇ ਖੇਤਰ ਵਿੱਚ ਸੱਭਿਆਚਾਰਕ ਅਤੇ ਪਰਿਵਾਰਕ ਗੀਤਾਂ ਨਾਲ ਆਪਣੀ ਨਿਵੇਕਲੀ ਪ੍ਰਤਿਭਾ ਕਾਇਮ ਕਰਨ ਵਾਲੇ ਪੇਸ਼ੇ ਵਜੋਂ ਸਿਵਲ ਇੰਜੀਨੀਅਰ ਸਤਨਾਮ ਸਿੰਘ ਮੱਟੂ ਨੂੰ ਗੀਤਕਾਰ ਵਜੋਂ ਮੋਤੀਆਜ਼ ਪੰਜਾਬੀ ਫਿਲਮ ਅਤੇ ਮਿਊਜ਼ਿਕ ਐਵਾਰਡ ਮਿਲਣ ਨਾਲ ਕੱਦ ਹੋਰ ਉੱਚਾ ਹੋ ਗਿਆ ਹੈ।

ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਇੰਜੀ ਸਤਨਾਮ ਸਿੰਘ ਮੱਟੂ ਨੇ ਦੱਸਿਆ ਕਿ ਵਾਇਸ ਇੰਟਰਟੇਨਮੈਂਟ ਅਤੇ ਮੋਤੀਆ ਵੱਲੋਂ ਸਾਂਝੇ ਤੌਰ ਤੇ ਫਿਲਮੀ ਡਾਇਰੈਕਟਰ ਅਤੇ ਪ੍ਰੋਡਿਊਸਰ ਅਜੇ ਸਹੋਤਾ ਦੀ ਅਗਵਾਈ ਵਿੱਚ ਹੋਏ ਇਸ ਪ੍ਰੋਗਰਾਮ ਵਿੱਚ ਗਾਇਕੀ ਅਤੇ ਫ਼ਿਲਮੀ ਖੇਤਰ ਦੀਆਂ ਮਹਾਨ ਹਸਤੀਆਂ ਤੋਂ ਇਲਾਵਾ ਅਦਾਕਾਰਾ ਸੁਨੀਤਾ ਧੀਰ, ਪੰਜਾਬੀ ਗਾਇਕੀ ਦੀ ਥੰਮ ਜੋੜੀ ਹਾਕਮ ਬਖਤੜੀਵਾਲਾ ਅਤੇ ਦਲਜੀਤ ਕੌਰ, ਸ਼੍ਰੋਮਣੀ ਸ਼ਾਇਰ ਦਰਸ਼ਨ ਬੁੱਟਰ ਦੀ ਹਾਜ਼ਰੀ ਵਿੱਚ ਇਹ ਸਨਮਾਨ ਮਿਲਣਾ ਮੇਰੇ ਲਈ, ਮੇਰੇ ਪਰਿਵਾਰ ਅਤੇ ਇਲਾਕੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਮਾਂ ਦੁਆਵਾਂ, ਪਿਤਾ ਦੀ ਹੱਲਾਸ਼ੇਰੀ ਅਤੇ ਪਰਿਵਾਰ ਦਾ ਸਹਿਯੋਗ ਇਨਸਾਨ ਨੂੰ ਮੰਜ਼ਿਲ ਦੀਆਂ ਦਹਿਲੀਜ਼ਾਂ ਸ੍ਰ ਕਰਨ ਵੱਲ੍ਹ ਤੋਰਦਾ ਹੈ।ਬੀਤੇ ਦੇ ਤਿੰਨ ਦਹਾਕਿਆਂ ਚ ਰਾਤਾਂ ਨੂੰ ਦਿਨ ਸਮਝ ਕੇ ਦ੍ਰਿੜ ਇਰਾਦੇ ਨਾਲ ਕੀਤੀ ਮੁਸ਼ੱਕਤ ਦਾ ਇਸ ਸਨਮਾਨ ਦੇ ਰੂਪ ਫਲ ਮਿਲਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਕੀਤੀ ਮਿਹਨਤ ਨੂੰ ਇੱਕ ਦਿਨ ਮੰਜ਼ਿਲ ਰੂਪੀ ਫਲ ਜ਼ਰੂਰ ਲੱਗਦਾ ਹੈ, ਮਿਹਨਤ ਕਦੇ ਵਿਅਰਥ ਨਹੀਂ ਜਾਂਦੀ,ਇਸਦਾ ਮੁਸਤੈਦੀ ਨਾਲ ਪੱਲਾ ਫੜਕੇ ਰੱਖਣ ਦੀ ਜ਼ਰੂਰਤ ਹੁੰਦੀ ਹੈ।ਇਸ ਸਮੇਂ ਹੋਰਨਾਂ ਤੋਂ ਇਲਾਵਾ ਗਾਇਕ ਜੋੜੀ ਹਾਕਮ ਬਖਤੜੀਵਾਲਾ ਅਤੇ ਦਲਜੀਤ ਕੌਰ, ਸ਼੍ਰੋਮਣੀ ਸਾਹਿਤਕਾਰ ਦਰਸ਼ਨ ਬੁੱਟਰ, ਗੀਤਕਾਰ ਭੰਗੂ ਫਲੇੜੇ ਵਾਲਾ, ਅਦਾਕਾਰ ਅੰਮ੍ਰਿਤਪਾਲ ਸਿੰਘ ਬਿੱਲਾ, ਰਾਜਾ ਕੰਗ, ਰਾਜਵਿੰਦਰ ਸਮਰਾਲਾ,ਜੱਗੀ ਟੌਹੜਾ, ਗੁਰਪ੍ਰੀਤ ਬਿੱਲੀ ਕੇਨੈਡਾ, ਸਰਦਾਰ ਅਲੀ,ਸੰਗਦਿਲ 47,ਗਾਇਕ ਹਰਜੀਤ ਹਰਮਨ, ਅਦਾਕਾਰ ਪ੍ਰਕਾਸ਼ ਗਾਧੂ ਵੀ ਇਸ ਸਮਾਗਮ ਵਿੱਚ ਉਚੇਚੇ ਹਾਜ਼ਰ ਸਨ।

# ਲੋਕ ਗਾਇਕ ਕੇ ਐਸ ਸੰਧੂ ਵੀ ਭਿਆਨਕ ਸੜਕ ਹਾਦਸੇ ਨੇ ਸਾਡੇ ਤੋਂ ਖੋਹ ਲਿਆ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਜ਼ਿਲ੍ਹਾ ਹੁਸ਼ਿਆਰਪੁਰ ਦੇ ਵੱਖ-ਵੱਖ ਧਾਰਮਿਕ ਸੱਭਿਆਚਾਰਕ ਅਤੇ ਸੂਫੀਆਨਾ ਮੇਲਿਆਂ ਵਿੱਚ ਆਪਣੀ ਹਾਜ਼ਰੀ ਯਕੀਨੀ ਤੌਰ ਤੇ ਲਗਵਾਉਣ ਵਾਲੇ ਚੱਬੇਵਾਲ ਖੇਤਰ ਦੇ ਉੱਘੇ ਲੋਕ ਗਾਇਕ ਕੇ ਐਸ ਸੰਧੂ ਇਕ ਭਿਆਨਕ ਸੜਕ ਹਾਦਸੇ ਵਿੱਚ ਬੇਵਕਤੀ ਮੌਤ ਨੇ ਸਾਡੇ ਕੋਲੋਂ ਖੋਹ ਲਿਆ। ਇਸ ਗਾਇਕ ਕਲਾਕਾਰ ਦੇ ਅਚਾਨਕ ਇਸ ਸੰਸਾਰ ਤੋਂ ਤੁਰ ਜਾਣ ਤੇ ਕਲਾਕਰ ਜਗਤ ਵਿੱਚ ਸ਼ੋਕ ਦੀ ਲਹਿਰ ਹੈ ਅਤੇ ਸਮੁੱਚੇ ਗਾਇਕ ਭਾਈਚਾਰੇ ਨੇ ਇਸ ਗਾਇਕ ਕਲਾਕਾਰ ਦੀ ਬੇਵਕਤੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਿੱਛੇ ਰਹਿੰਦੇ ਪਰਿਵਾਰ ਨੂੰ ਸਤਿਗੁਰ ਦਾ ਭਾਣਾ ਮੰਨਣ ਤੇ ਇਸ ਦੁੱਖ ਦੀ ਘੜੀ ਵਿੱਚ ਬੱਲ ਬਖਸ਼ਣ ਦੀ ਅਰਦਾਸ ਕੀਤੀ ਹੈ । ਗਾਇਕ ਕੇ ਐਸ ਸੰਧੂ ਜਿੱਥੇ ਗਾਇਕੀ ਦੀ ਸੇਵਾ ਨਿਭਾਉਂਦੇ ਆ ਰਹੇ ਸਨ ਉੱਥੇ ਹੀ ਉਹ ਇੱਕ ਸਾਬਕਾ ਫੌਜੀ ਵੀ ਸਨ । ਜਿਨ੍ਹਾਂ ਨੇ ਦੇਸ਼ ਦੀਆਂ ਸਰਹੱਦਾਂ ਤੇ ਪਹਿਰਾ ਦੇ ਕੇ ਆਪਣੇ ਦੇਸ਼ ਦੇ ਹੱਕਾਂ ਹਿੱਤਾਂ ਦੀ ਰੱਖਿਆ ਕੀਤੀ। ਹਰ ਸਟੇਜ ਤੇ ਉਹਨਾਂ ਦੀ ਹਾਜ਼ਰੀ ਯਕੀਨੀ ਹੁੰਦੀ। ਸਰੋਤਿਆਂ ਦਾ ਪਿਆਰ ਉਹਨਾਂ ਦੇ ਇਲਾਕੇ ਵਿੱਚ ਸਦਾ ਵਡਮੁੱਲਾ ਰਿਹਾ। ਨਿੱਜੀ ਤੌਰ ਤੇ ਕੇ ਐਸ ਸੰਧੂ ਮੇਰੀਆਂ ਅਨੇਕਾਂ ਸਟੇਜਾਂ ਤੇ ਆਪਣੀ ਗਾਇਕੀ ਦਾ ਪ੍ਰਦਰਸ਼ਨ ਕਰਦਾ ਰਿਹਾ ਅਤੇ ਸਰੋਤਿਆਂ ਦੀ ਵਾਹ ਵਾਹ ਖੱਟਦਾ ਰਿਹਾ।



ਉਨਾਂ ਦੀ ਬੇਵਕਤੀ ਮੌਤ ਨੇ ਸੰਗੀਤ ਖੇਤਰ ਦੀਆਂ ਸ਼ਖਸ਼ੀਅਤਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਲੋਕ ਗਾਇਕ ਕੁਲਵਿੰਦਰ ਕਿੰਦਾ, ਐਂਕਰ ਦਿਨੇਸ਼ ਦਲਵਿੰਦਰ ਦਿਆਲਪੁਰੀ, ਰਾਮ ਕਠਾਰੀਆ ਸਮੇਤ ਕਈ ਹੋਰ ਗਾਇਕਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਿਕਰਯੋਗ ਹੈ ਕਿ ਉਹ ਆਪਣੇ ਪਿੱਛੇ ਪਿਛਲੇ ਲੰਬੇ ਸਮੇਂ ਤੋਂ ਬਿਮਾਰ ਚੱਲ ਰਹੀ ਉਹ ਆਪਣੀ ਧਰਮ ਪਤਨੀ ਅਤੇ ਇੱਕ ਬੇਟਾ ਛੱਡ ਗਿਆ।

# ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ: ਬਰਿੰਦਰ ਕੁਮਾਰ ਗੋਇਲ

**ਲਹਿਰਾ, (ਦਲਜੀਤ ਕੌਰ)–** ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਸੁਰਜਣਭੈਣੀ, ਭੂੰਦੜਭੈਣੀ ਅਤੇ ਹਮੀਰਗੜ੍ਹ ਵਿਖੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦੀ ਅਗਵਾਈ ਵਿੱਚ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਦੌਰਾਨ ਨਸ਼ਿਆਂ ਦੇ ਖਾਤਮੇ ਦਾ ਅਹਿਦ ਕੀਤਾ ਗਿਆ।




ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕ ਆਪ ਮੁਹਾਰੇ ਅੱਗੇ ਆ ਕੇ ਇਸ ਯਾਤਰਾ ਦਾ ਹਿੱਸਾ ਬਣ ਰਹੇ ਹਨ ਅਤੇ ਪੰਜਾਬ ਵਿੱਚੋਂ ਨਸ਼ੇ ਦੀਆਂ ਜੜ੍ਹਾਂ ਪੁੱਟਣ ਲਈ ਦਿਨ ਰਾਤ ਇੱਕ ਕਰ ਕੇ ਕੰਮ ਵੀ ਕਰਨ ਲੱਗ ਪਏ ਹਨ, ਹੁਣ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਵਿੱਚੋਂ ਨਸ਼ਿਆਂ ਦਾ ਖਾਤਮਾ ਮੁਕੰਮਲ ਤੌਰ ਉੱਤੇ ਹੋ ਜਾਵੇਗਾ।

ਸ਼੍ਰੀ ਗੋਇਲ ਨੇ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਨੂੰ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਅਤੇ ਪਿੰਡ ਵਾਸੀਆਂ ਨੂੰ ਨਿਰੰਤਰ ਨਸ਼ੇ ਖਿਲਾਫ ਲੜੀ ਜਾ ਰਹੀ ਜੰਗ ਵਿੱਚ ਇਕਜੁੱਟ ਹੋ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਤ ਕੀਤਾ ਜਾਵੇ।

ਸ਼੍ਰੀ ਗੋਇਲ ਨੇ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਹਨਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ। ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਮੁਫਤ ਅਤੇ ਢੁਕਵਾਂ ਇਲਾਜ ਕਰਵਾਇਆ ਜਾਵੇ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਦੀ ਨੌਜਵਾਨੀ ਹੁਣ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਰਹੀ ਹੈ ਅਤੇ ਪੰਜਾਬ ਮੁੜ ਤੋਂ ਸਿਹਤਮੰਦ ਪੰਜਾਬ ਬਣਨ ਵੱਲ ਵਧ ਰਿਹਾ ਹੈ। ਉਹਨਾਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਹੁਣ ਕਿਸੇ ਦੀ ਵੀ ਸਿਆਸੀ ਸ਼ੈਅ ਨਹੀਂ ਹੈ। ਸਰਕਾਰ ਨੇ ਪੁਲਿਸ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਹਦਾਇਤ ਹੈ ਕਿ ਨਸ਼ਿਆਂ ਦਾ ਵਪਾਰੀ ਭਾਵੇਂ ਕਿਸੇ ਵੀ ਪਰਿਵਾਰ ਨਾਲ ਸਬੰਧ ਰੱਖਦਾ ਹੋਵੇ, ਉਸ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਇਸ ਮੌਕੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ, ਪੰਚ ਸਰਪੰਚ ਅਤੇ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

# ਗੁਰੂ ਰਵਿਦਾਸ ਟਾਈਗਰ ਫੋਰਸ ਨੇ ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੇ ਸ਼ਹੀਦੀ ਦਿਵਸ 'ਤੇ ਲਗਾਇਆ ਵਿਸ਼ਾਲ ਖ਼ੂਨਦਾਨ ਕੈਂਪ

**ਫਗਵਾੜਾ (ਬੀ.ਕੇ. ਰੱਤੂ)** ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਨਿੱਘੀ ਯਾਦ ਵਿੱਚ ਉਨ੍ਹਾਂ ਦੇ ਸ਼ਹੀਦੀ ਦਿਵਸ ਤੇ ਗੁਰੂ ਰਵਿਦਾਸ ਟਾਈਗਰ ਫੋਰਸ ਰਜਿ ਪੰਜਾਬ ਦੇ ਚੇਅਰਮੈਨ ਯਸ਼ ਬਰਨਾ ਦੀ ਦੇਖ ਰੇਖ ਵਿੱਚ ਇਤਿਹਾਸਕ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਰ ਜੀ। ਟੀ। ਰੋਡ ਚੱਕ ਹਕੀਮ ਦੇ ਵੱਡੇ ਹਾਲ ਵਿਚ ਸੰਤ ਰਾਮਾਨੰਦ ਜੀ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰਦਿਆਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿੱਚ ਮਾਹਰ ਡਾਕਟਰ ਟੀਮ ਹਾਜਰ ਸੀ। ਫੋਰਸ ਵਲੋਂ ਪ੍ਰੰਬਧਕ ਕਮੇਟੀ ਤੇ ਸਹਿਯੋਗੀਆਂ ਦੇ ਸਹਿਯੋਗ ਸਦਕਾ ਖੂਨਦਾਨ ਕੈਂਪ ਦੌਰਾਨ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਦੁੱਧ, ਜੂਸ, ਫਰੂਟ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ, ਚੇਅਰਮੈਨ ਯਸ਼ ਬਰਨਾ ਨੇ ਦੱਸਿਆ ਕਿ ਸਵੈ ਇੱਛਾ ਨਾਲ ਖੂਨਦਾਨ ਕਰਨ ਵਾਲੇ ਨੌਜਵਾਨਾਂ ਵਿੱਚ ਕਾਫ਼ੀ ਉਤਸ਼ਾਹ ਸੀ। ਲੋੜ ਪੈਣ ਤੇ ਇਹ ਦਾਨ ਕੀਤਾ ਖੂਨ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਵਿੱਚ ਸਹਾਈ ਸਿੱਧ ਹੁੰਦਾ ਹੈ। ਅਮਰ ਸ਼ਹੀਦ ਸੰਤ ਰਾਮਾਨੰਦ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਆਈਆਂ ਵੱਡੀ ਗਿਣਤੀ ਵਿੱਚ ਸੰਗਤਾਂ ਤੋਂ ਇਲਾਵਾ ਸਾਬਕਾ ਕੇਂਦਰੀ ਰਾਜ ਮੰਤਰੀ ਸ਼੍ਰੀ ਸੋਮ ਪ੍ਰਕਾਸ਼ ਕੈਂਥ, ਐਮ ਐਲ ਏ ਬਲਵਿੰਦਰ ਸਿੰਘ ਧਾਲੀਵਾਲ, ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ, ਇਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਰਨੈਲ ਨੰਗਲ, ਜਿਲ੍ਹਾ ਪ੍ਰੀਸ਼ਦ ਮੈਂਬਰ ਕਮਲਜੀਤ ਬੰਗਾ, ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ ਵੱਲੋ ਖ਼ੂਨਦਾਨ ਕਰਨ ਵਾਲੇ ਦਾਨੀ ਸੱਜਣਾ ਨੂੰ ਫੋਰਸ ਦੇ ਅਹੁਦੇਦਾਰਾਂ ਦੇ ਨਾਲ ਹੋ ਕੇ ਸਨਮਾਨਿਤ ਕੀਤਾ ਅਤੇ ਗੁਰੂ ਰਵਿਦਾਸ ਟਾਈਗਰ ਫੋਰਸ ਰਜਿ ਪੰਜਾਬ ਦੇ ਚੇਅਰਮੈਨ ਯਸ਼ ਬਰਨਾ ਅਤੇ ਸਮੂਹ ਪ੍ਰਬੰਧਕ ਵਲੋਂ ਲਗਾਏ ਗਏ ਵਿਸ਼ਾਲ ਖ਼ੂਨਦਾਨ ਕੈਂਪ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਥਾਈਲੈਂਡ ਤੋਂ ਬਾਡੀ ਬਿਲਡਿੰਗ ਚੈਂਪੀਅਨ ਸ਼ਿਪ ਵਿੱਚ ਭਾਰਤ ਦੇ ਲਈ ਗੋਲਡ ਮੈਡਲ ਜਿੱਤ ਕੇ ਆਏ ਗੁਰੂ ਰਵਿਦਾਸ ਟਾਇਗਰ ਫੋਰਸ ਦੇ ਜਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਅਵਤਾਰ ਲਾਲ ਭੁਟੋ ਦਾ ਵਿਸ਼ੇਸ਼ ਸਨਮਾਨਿਤ ਕੀਤਾ ਗਿਆ । ਕੈਂਪ ਦੌਰਾਨ ਸੰਤਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਚੈਅਰਮੈਨ ਯਸ਼ ਬਰਨਾ ਨੇ ਕਿਹਾ ਕਿ ਕਿਹਾ ਕੇ ਸੰਤ ਰਾਮਾਨੰਦ ਜੀ ਨੇ ਆਪਣੀ ਜਿੰਦਗੀ ਸਮਾਜ ਦੇ ਲੇਖੇ ਲਗਾ ਦਿੱਤੀ ਅਤੇ ਉਹਨਾਂ ਵੱਲੋ ਕੀਤੇ ਸਮਾਜ ਭਲਾਈ ਕਰਜ਼ਾ ਨੂੰ ਸਮਾਜ ਹਮੇਸ਼ਾ ਯਾਦ ਰੱਖੇਗਾ । ਫੋਰਸ ਵੱਲੋ ਖ਼ੂਨਦਾਨ ਕਰਨ ਵਾਲਿਆਂ ਅਤੇ ਵਿਸ਼ੇਸ਼ ਤੌਰ ਪਹੁੰਚੇ ਪਤਵੰਤੇ ਸੱਜਣਾ ਨੂੰ ਸਨਮਾਨਿਤ ਕੀਤਾ ਗਿਆ।



ਸ਼੍ਰੀ ਗੁਰੂ ਰਵਿਦਾਸ ਭਵਨ ਟੀ ਵੀ -ਪੀ ਐਨ ਇਟਲੀ ਦੀ ਪ੍ਰਬੰਧਕ ਕਮੇਟੀ ਦਾ ਫੋਰਸ ਵੱਲੋ ਧੰਨਵਾਦ ਕੀਤਾ ਗਿਆ। ਇਸ ਮੌਕੇ ਫੋਰਸ ਦੇ ਰਾਸ਼ਟਰੀ ਪ੍ਰਧਾਨ ਮੋਹਨ ਲਾਲ ਭਟੋਆ, ਵਾਇਸ ਚੇਅਰਮੈਨ ਮਨਦੀਪ ਜੱਸਲ, ਵਿਪਨ ਗੋਰਾ ਹਰਦਾਸਪੁਰ, ਅਵਤਾਰ ਕਜਲਾ, ਸੰਤੋਖ ਖੰਗੂੜਾ, ਬਲਵੀਰ ਅਬਾਦੀ, ਨਰਿੰਦਰ ਬਿੱਲਾ ਸਾਬਕਾ ਸਰਪੰਚ, ਰਵਿੰਦਰ ਮਿੰਟੂ, ਸਮਾਜ ਸੇਵੀ ਹਰਨੇਕ ਸਿੰਘ, ਪ੍ਰਸਿੱਧ ਗਾਇਕ ਬੂਟਾ ਮੁਹੰਮਦ, ਸਤਵੀਰ ਸੰਧੂ, ਰਵੀ ਚੁੰਬਰ, ਬਿੱਟੂ ਸਹੋਤਾ, ਪੰਮਾ ਨਾਰੂਨੰਗਲ, ਜਗਮੋਹਨ ਰਸੂਲਪੁਰ, ਦੇਸ਼ ਰਾਜ ਧੀਰ, ਬੱਬੀ ਆਦਮਪੁਰ, ਸਤੀਸ਼ ਬੰਟੀ, ਲਵਲੀ ਅਬਾਦੀ, ਸਮਾਜ ਸੇਵਕ ਹੈਰੀ ਫਗਵਾੜਾ, ਪੀਟਰ ਪਲਾਹੀ, ਭੁਵਨੇਸ਼ ਰੱਤੂ, ਸੁੱਖ ਵਿਰਦੀ, ਕੁਲਦੀਪ ਮਾਹੀ, ਪ੍ਰਸਿੱਧ ਗੀਤਕਾਰ ਓਮੀ ਕਾਲੇ ਸੰਘਿਆ ਵਾਲਾ, ਅਵਿਨਾਸ਼ ਰੱਤੂ, ਮਦਨ ਕੋਰੋਟਾਣੀਆਂ ਅਤੇ ਜੀਤ ਰਾਮ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਕੀਤੇ ਉਪਰਾਲਿਆਂ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਮਾਰ ਰਹੇ ਨੇ ਮੱਲਾਂ: ਬਰਿੰਦਰ ਕੁਮਾਰ ਗੋਇਲ

**ਲਹਿਰਾ, (ਦਲਜੀਤ ਕੌਰ)** ਪੰਜਾਬ ਦੇ ਮੁੱਖ ਮੰਤਰੀ, ਸ। ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨਾਲ ਕੀਤੇ ਗਏ ਹਰ ਇੱਕ ਵਾਅਦੇ ਨੂੰ ਪੂਰਾ ਕੀਤਾ ਜਾ ਰਿਹਾ ਹੈ, ਜਿਸ ਦੀ ਪ੍ਰਤੱਖ ਮਿਸਾਲ ਸਿੱਖਿਆ ਦੇ ਖੇਤਰ ਵਿੱਚ ਆਈ ਵੱਡੀ ਕ੍ਰਾਂਤੀ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਸਰਕਾਰੀ ਹਾਈ ਸਕੂਲ ਭਾਈ ਕੀ ਪਿਸ਼ੌਰ, ਸਰਕਾਰੀ ਹਾਈ ਸਕੂਲ ਤੇ ਸਰਕਾਰੀ ਪ੍ਰਾਇਮਰੀ ਸਕੂਲ, ਭੁਟਾਲ ਖੁਰਦ ਅਤੇ ਸਰਕਾਰੀ ਹਾਈ ਸਕੂਲ, ਰਾਮਪੁਰਾ ਜਵਾਹਰਵਾਲਾ ਵਿਖੇ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ ਕਰਨ ਮੌਕੇ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਜੇਕਰ ਬੱਚਿਆਂ ਨੂੰ ਪੜ੍ਹਾਈ ਲਈ ਸਹੀ ਮਾਹੌਲ ਨਹੀਂ ਮਿਲਦਾ ਤਾਂ ਦੇਸ਼ ਤਰੱਕੀ ਕਿਵੇਂ ਕਰੇਗਾ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੇ ਦਿਨ ਰਾਤ ਇੱਕ ਕਰ ਕੇ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਕੰਮ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਬਣਨ ਤੋਂ ਪਹਿਲਾਂ ਸਕੂਲਾਂ



ਵਿਚ ਬੁਨਿਆਦੀ ਢਾਂਚਾ ਤਕ ਨਹੀਂ ਸੀ। ਮੌਜੂਦਾ ਪੰਜਾਬ ਸਰਕਾਰ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਅਧਿਆਪਕ ਭਰਤੀ ਕੀਤੇ। ਹੁਣ ਕੋਈ ਸਕੂਲ ਅਜਿਹਾ ਨਹੀਂ ਹੈ, ਜਿੱਥੇ ਅਧਿਆਪਕ ਜਾਂ ਸਕੂਲ ਦੀ ਚਾਰਦੀਵਾਰੀ ਨਹੀਂ ਹੈ।

ਕੈਬਨਿਟ ਮੰਤਰੀ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਉੱਚ ਦਰਜੇ ਦੀ ਹੈ ਤੇ ਫੀਸ ਕੋਈ ਨਹੀਂ ਹੈ। ਵਰਦੀ ਮੁਫਤ ਦਿੱਤੀ ਜਾਂਦੀ ਹੈ, ਦੁਪਹਿਰ ਦਾ ਖਾਣਾ ਦਿੱਤਾ ਜਾਂਦਾ, ਕਿਤਾਬਾਂ ਦਿੱਤੀਆਂ ਜਾਂਦੀਆਂ ਹਨ। ਇਸ ਲਈ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਣ। ਕੈਬਨਿਟ ਮੰਤਰੀ ਨੇ ਕਿਹਾ ਸਕੂਲਾਂ ਵਿੱਚ ਸਮਾਰਟ ਕਮਰੇ ਬਣੇ ਹਨ, ਇੰਟਰਐਕਟਿਵ ਪੈਨਲ ਲੱਗੇ ਹਨ, ਜਿਹੜੀ ਵੀ ਅਤਿ ਆਧੁਨਿਕ ਤਕਨੀਕ ਹੈ, ਉਹ ਦਿੱਤੀ ਜਾ ਰਹੀ ਹੈ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਬਿਹਤਰੀ ਲਈ ਦਿਨ ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ, ਜਿਸ ਤਹਿਤ ਹਰ ਖੇਤ ਤਕ ਨਹਿਰੀ ਪਾਣੀ ਪੁੱਜਦਾ ਕੀਤਾ ਜਾ ਰਿਹਾ ਹੈ। ਨਹਿਰੀ ਪਾਈਪ ਲਾਈਨ ਦਾ 10 ਫ਼ੀਸਦ ਖਰਚਾ ਵੀ ਪੰਜਾਬ ਸਰਕਾਰ ਨੇ ਕਿਸਾਨਾਂ ਸਿਰ ਨਹੀਂ ਪੈਣ ਦਿੱਤਾ। ਕਿਸਾਨਾਂ ਦੀ ਫਸਲ ਮੰਡੀਆਂ ਵਿੱਚੋਂ ਨਾਲੋ ਨਾਲ ਚੁੱਕ ਕੇ ਤੈਅ ਸਮੇਂ ਵਿੱਚ ਅਦਾਇਗੀ ਕੀਤੀ ਜਾਣੀ ਯਕੀਨੀ ਬਣਾਈ ਗਈ ਹੈ।

ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਹਰੇਕ ਸੁਵਿਧਾ ਉਪਲਬਧ ਕਰਵਾਈ ਜਾ ਰਹੀ ਹੈ, ਜਿਸ ਤੋਂ ਸਾਨੂੰ ਪੂਰੀ ਆਸ ਬੱਝਦੀ ਹੈ ਕਿ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਆਉਣ ਵਾਲੇ ਸਮੇਂ ਵਿੱਚ ਵੀ ਅਹਿਮ ਪ੍ਰਾਪਤੀਆਂ ਦਰਜ ਕਰ ਕੇ ਵੱਡੀਆਂ ਮੱਲਾਂ ਮਾਰਨਗੇ।

ਪੰਜਾਬ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਕੈਬਨਿਟ ਮੰਤਰੀ, ਵਿਧਾਇਕ ਅਤੇ ਵੱਖੋ-ਵੱਖ ਅਹੁਦੇਦਾਰ ਸਿੱਧੇ ਤੌਰ 'ਤੇ ਰਾਬਤਾ ਕਰ ਕੇ ਉਹਨਾਂ ਦੀਆਂ ਜ਼ਰੂਰਤਾਂ ਨੂੰ ਤਰਜੀਹ ਦੇ ਆਧਾਰ ਉੱਤੇ ਪੂਰਾ ਕਰਨਾ ਯਕੀਨੀ ਬਣਾ ਰਹੇ ਹਨ।

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਅਗਵਾਈ ਦੇ ਹੇਠ ਹੁਣ ਤੱਕ ਸੂਬੇ ਦੇ 56 ਹਜ਼ਾਰ ਤੋਂ ਵਧੇਰੇ ਹੁਨਰਮੰਦ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ, ਜੋ ਕਿ ਇੱਕ ਵੱਡੀ ਪ੍ਰਾਪਤੀ ਹੈ। ਉਹਨਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀ ਆਪਣੀ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਸਲਾਨਾ ਪ੍ਰੀਖਿਆਵਾਂ ਵਿੱਚ ਮੋਹਰੀ ਸਥਾਨ ਹਾਸਿਲ ਕਰਨ ਦੇ ਨਾਲ ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵੀ ਵਧੀਆ ਪੁਜੀਸ਼ਨਾਂ ਹਾਸਿਲ ਕਰਨਗੇ ਅਤੇ ਵੱਡੀਆਂ ਮੱਲਾਂ ਮਾਰ ਕੇ ਆਪਣੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚੁੱਕਣਗੇ।

ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮਨਜੀਤ ਕੌਰ, ਪੀ ਏ ਰਾਕੇਸ਼ ਕੁਮਾਰ, ਸਰਬਜੀਤ ਸਿੰਘ ਭੁਟਾਲ ਖੁਰਦ, ਦੀਪਾ ਸਿੰਘ ਸਤਿਗੁਰੂ ਸਿੰਘ ਡਾ ਬੰਗਾਂ, ਲੱਕੀ ਜੋਸੀ ਬੀਰਪਾਲ ਸਿੰਘ ਦਲਵਾਰਾ ਸਿੰਘ ਹੈਪੀ ਹਰਦੀਪ ਸਿੰਘ ਸਰਪੰਚ ਜਗਜੀਵਨ ਸਿੰਘ ਸਰਪੰਚ, ਸੇਵਕ ਸਿੰਘ ਪ੍ਰਧਾਨ ਟਰੱਕ ਯੂਨੀਅਨ ਲਹਿਰਾ, ਰਤਨ ਸ਼ਰਮਾ ਹਰਵਿੰਦਰ ਸਿੰਘ ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ, ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਵੱਡੀ ਗਿਣਤੀ ਵਿਦਿਆਰਥੀ ਤੇ ਪਿੰਡ ਵਾਸੀ ਮੌਜੂਦ ਸਨ।

# ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ ਵਿਖੇ ਕਰਵਾਈ ਸਲਾਨਾ ਸਪੋਰਟਸ ਮੀਟ

**ਫਗਵਾੜਾ (ਬੀ. ਕੇ. ਰੱਤੂ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਵਿਦਿਅਕ ਅਦਾਰੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ ਵਿਖੇ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਦੀ ਰਹਿਨੁਮਾਈ ਅਤੇ ਕੋ-ਆਰਡੀਨੇਟਰ ਪ੍ਰੋ. ਅਮਰਪਾਲ ਕੌਰ, ਪ੍ਰੋ. ਰਮਨਦੀਪ ਵਿਭਾਗ ਸਰੀਰਕ ਸਿੱਖਿਆ ਦੀ ਅਗਵਾਈ ਹੇਠ ਸਲਾਨਾ ਸਪੋਰਟਸ ਮੀਟ ਕਰਵਾਈ ਗਈ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਰੀਲੇਅ ਰੇਸ, ਤਿੰਨ ਲੱਤੀ ਦੌੜ, ਚਾਟੀ ਦੌੜ, ਬੋਰੀ ਰੇਸ, ਰੱਸੀ ਟੱਪਣਾ, ਬੈਠਕਾ ਕੱਢਣੀਆਂ, ਰੱਸਾ- ਕਸ਼ੀ, ਲੈਮਨ ਸਪੂਨ ਦੌੜ ,100 ਮੀਟਰ ਦੌੜ, ਸਲੋਅ ਸਾਈਕਲਿੰਗ, ਫਾਸਟ ਸਾਈਕਲਿੰਗ, ਡੰਡ ਮਾਰਨੇ, ਗੋਲਾ ਸੁੱਟਣਾ, ਜੈਵਲਿਨ ਆਦਿ ਵੱਖ-ਵੱਖ ਖੇਡਾਂ ਵਿੱਚ ਵੱਧ ਚੜ੍ਹ ਕੇ ਭਾਗ ਲਿਆ। ਸਪੋਰਟਸ ਮੀਟ ਦੀ ਸ਼ੁਰੂਆਤ ਕਾਲਜ ਸ਼ਬਦ ਅਤੇ ਕਬੂਤਰ ਉਡਾ ਕੇ ਕੀਤੀ ਗਈ।ਸਪੋਰਟਸ ਮੀਟ ਵਿੱਚ ਕਾਲਜ ਦੇ ਲੜਕੀਆਂ ਅਤੇ ਲੜਕਿਆਂ ਦੀਆਂ ਵੱਖ-ਵੱਖ ਖੇਡਾਂ ਕਰਵਾਈਆਂ ਗਈਆਂ। ਜੇਤੂ ਵਿਦਿਆਰਥੀਆਂ ਨੂੰ ਸੋਨੇ, ਚਾਂਦੀ ਅਤੇ ਕਾਂਸੀ ਦੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਬੈਸਟ ਐਥਲੀਟ ਲੜਕੇ ਦੀ ਟਰਾਫੀ ਤਰੁਨ ਸਿੱਧੂ ਅਤੇ ਬੈਸਟ ਐਥਲੀਟ ਲੜਕੀ ਦੀ ਟਰਾਫੀ ਜਸਵੀਨ ਨੂੰ ਮਿਲੀ। ਲੜਕੇ ਅਤੇ ਲੜਕੀਆਂ ਦੀ ਰੱਸਾਕਸ਼ੀ ਵਿੱਚ ਆਈਆਂ ਟੀਮਾਂ ਨੂੰ ਸ਼ਾਨਦਾਰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ।




ਇਸ ਮੌਕੇ ਪ੍ਰਿੰਸੀਪਲ ਡਾ। ਗੁਰਨਾਮ ਸਿੰਘ ਰਸੂਲਪੁਰ ਜੀ ਦੇ ਦੁਆਰਾ ਕਿਹਾ ਗਿਆ ਕਿ ਖੇਡਾਂ ਮਨੁੱਖ ਦੇ ਜੀਵਨ ਲਈ ਬਹੁਤ ਜ਼ਰੂਰੀ ਹਨ ਜਿਸ ਨਾਲ ਮਨੁੱਖੀ ਸਰੀਰ ਨੂੰ ਤੰਦਰੁਸਤ ਅਤੇ ਆਤਮਾ ਨੂੰ ਸ਼ੁੱਧ ਰੱਖਿਆ ਜਾ ਸਕਦਾ ਹੈ।ਇਸ ਮੌਕੇ ਪ੍ਰੋ।ਅਮਰਪਾਲ ਕੌਰ ਦੇ ਦੁਆਰਾ ਆਏ ਹੋਏ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੀਆਂ ਖੇਡਾਂ ਕਰਨ ਦੇ ਨਾਲ ਮਨੋਰੰਜਨ ਤਾਂ ਹੁੰਦਾ ਹੀ ਹੈ ਨਾਲ ਹੀ ਵਿਦਿਆਰਥੀਆਂ ਦਾ ਖੇਡਾਂ ਪ੍ਰਤੀ ਪਿਆਰ ਵੀ ਵਧਾਇਆ ਜਾ ਸਕਦਾ ਹੈ। ਸਟੇਜ ਸੈਕਟਰੀ ਦੀ ਭੂਮਿਕਾ ਪ੍ਰੋ. ਕਮਲਜੀਤ ਕੌਰ ਅਤੇ ਪ੍ਰੋ. ਦਮਨਜੀਤ ਕੌਰ ਦੇ ਦੁਆਰਾ ਨਿਭਾਈ ਗਈ ਇਸ ਮੌਕੇ ਸਮੂਹ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਭੁੱਖਮਰੀ ਨਾ.ਲ ਤੜ.ਫਦੇ .ਫਲਸਤੀਨੀਆਂ ਲਈ ਦੇਸ਼ ਭਗਤ ਕਮੇਟੀ ਨੇ ਉਠਾਈ ਆਵਾਜ਼

**ਜਲੰਧਰ (ਸਤਨਾਮ ਸਿੰਘ ਸਹੂੰਗੜਾ)-** ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਗਦਰ ਪਾਰਟੀ ਦੇ ਇਤਿਹਾਸਕ ਵਿਰਸੇ ਦੇ ਵਰਕੇ ਫਰੋਲਦਿਆਂ ਬਹੁਤ ਹੀ ਸੰਵੇਦਨਾ ਨਾਲ ਇਹ ਮਹਿਸੂਸ ਕੀਤਾ ਕਿ ਗ਼ਦਰੀ ਦੇਸ਼ ਭਗਤਾਂ ਦੇ ਮੂ.ਲ ਉਦੇਸ਼ਾਂ ਵਿੱਚ ਇਹ ਪ੍ਰਮੁੱਖ ਨੁਕਤਾ ਸੀ ਕਿ ਗ਼ਦਰੀਆਂ ਦੇ ਵਾਰਸਾਂ ਨੂੰ ਦੁਨੀਆਂ ਅੰਦਰ ਕਿਤੇ ਵੀ ਮਾਨਵੀ ਜਾਤੀ ਉਪ ਭੀੜ ਪਵੇ, ਕਿਤੇ ਵੀ ਲੋਕਾਂ ਨੂੰ ਦਬਾਇਆ ਜਾਵੇ ਤਾਂ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ ਦੀ ਲੋੜ ਹੈ।

ਉਹਨਾ ਕਿਹਾ ਕਿ ਇਹ ਬਹੁਤ ਹੀ ਅਫ਼ਸੋਸਨਾਕ ਰੁਝਾਨ ਹੈ ਕਿ ਦੁਨੀਆ ਖਾਮੋਸ਼ੀ ਦੀ ਚਾਦਰ ਲੈ ਕੇ ਸੌਂ ਜਾਣ ਦੀ ਕਿਵੇਂ ਆਦੀ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਇਨਾ ਕਾਲੀਆਂ ਰਾਤਾਂ ਵਿੱਚ ਟਿਮ ਟਿਮਾਉਂਦੇ ਜੁਗਨੂੰ ਵੀ ਆਪਣੇ ਨੈਤਿਕ ਫਰਜ਼ਾਂ ਦੀ ਪੂਰਤੀ ਕਰ ਰਹੇ ਨੇ ਪਰ ਇਹ ਪਹਿਲੇ ਕਿਸੇ ਸਮੇਂ ਨਾਲੋਂ ਵੀ ਕਿਤੇ ਵਧੇਰੇ ਖਤਰਨਾਕ ਅਤੇ ਸੰਵੇਦਨਹੀਣਤਾ ਦਾ ਪ੍ਰਗਟਾਵਾ ਹੋ ਰਿਹਾ ਹੈ ਕਿ ਦੁਨੀਆ ਦੀਆਂ ਅੱਖਾਂ ਦੇ ਸਾਹਮਣੇ ਪੂਰੀ ਦੀ ਪੂਰੀ ਗਾਜਾ ਪੱਟੀ ਅੰਦਰ ਮੁਕੰਮਲ ਨਸਲਕੁਸ਼ੀ ਅਤੇ ਗਾਜ਼ਾ ਨੂੰ ਖੰਡਰ ਬਣਾ ਕੇ ਅਮਰੀਕੀ ਹੁਕਮਰਾਨਾ ਦੀ ਸ਼ਹਿ ਤੇ ਇਜਰਾਈਲ ਦੇ ਹਾਕਮ ਹਰ ਤਰ੍ਹਾਂ ਦੀ ਜੰਗ ਦਾ ਕਿਤੇ ਵਧੇਰੇ ਕਰੂਣਾਮਈ ਰੂਪ ਲੋਕਾਂ ਉੱਪਰ ਲੱਦ ਰਹੇ ਹਨ। ਭੁੱਖ ਮਰੀ ਦੀ ਜੰਗ, ਬਾਰੂਦੀ ਵਰਖਾ ਦੀ ਜੰਗ ਚੋਣਵਾਂ ਨਿਸ਼ਾਨਾ ਬਣਾ ਕੇ ਹਸਪਤਾਲਾਂ, ਸਕੂਲਾਂ ਅਤੇ ਸ਼ਰਨਾਰਥੀ ਕੈਂਪਾਂ ਨੂੰ ਬਾਰੂਦੀ ਮਾਰ ਹੇਠ ਲਿਆਂਦਾ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਖਾਸ ਕਰਕੇ ਨਵ ਜੰਮੇ ਅਤੇ ਸਕੂਲਾਂ ਵਿੱਚ ਪੜ੍ਹਦੇ ਬੱਚੇ ਬੁਰੀ ਤਰ੍ਹਾਂ ਮੌਤ ਦੀ ਗੋਦ ਵਿੱਚ ਸੁਲਾਏ ਜਾ ਰਹੇ ਹਨ।

ਕਮੇਟੀ ਆਗੂਆਂ ਨੇ ਕਿਹਾ ਕਿ ਬਹੁਤ ਹੀ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਕੌਮਾਂਤਰੀ ਪੱਧਰ ਦੀਆਂ ਮਾਨਵ ਦਰਦੀ ਕਹਾਉਣ ਦਾ ਦਮ ਭਰਦੀਆਂ ਸੰਸਥਾਵਾਂ ਦੇ ਅੱਖਾਂ ਸਾਹਮਣੇ ਦਿਨ ਦੀਵੀ ਇਹ ਭੁੱਖਮਰੀ ਨਾ.ਲ ਵਿਲਕ ਵਿਲਕ ਕੇ ਬੱਚੇ ਮਰ ਰਹੇ ਹਨ ਉਪਰੋਂ ਕਹਿਰ ਦੇ ਝੱਖੜ ਝੂਲ ਰਹੇ ਹਨ।

ਕਮੇਟੀ ਨੇ ਸਾਹਮਣੇ ਆ ਰਹੀਆਂ ਹਕੀਕਤਾਂ ਦੇ ਹਵਾਲੇ ਨਾ.ਲ ਕਿਹਾ ਹੈ ਕਿ ਗਾਜ਼ਾ ਦੀ ਮੁਕੰਮਲ ਨਾਕਾਬੰਦੀ ਕਰਕੇ ਪਾਣੀ, ਖਾਧ, ਖੁਰਾਕ



ਅਤੇ ਦਵਾਈਆਂ ਉੱਪਰ ਮੁਕੰਮਲ ਰੋਕਾਂ ਮੜ੍ਹਕੇ ਲੱਖਾਂ ਹੀ ਬੱਚਿਆਂ ਨੂੰ ਤੜਫਦੇ ਹੋਏ ਮੌਤ ਦੇ ਪੰਜਿਆਂ ਵਿਚ ਧੱਕਿਆ ਜਾ ਰਿਹਾ ਹੈ।

ਉਹਨਾਂ ਕਿਹਾ ਕਿ 48 ਘੰਟੇ ਦੇ ਅੰਦਰ ਅੰਦਰ ਕੋਈ 14 ਲੱਖ ਤੋਂ ਵੱਧ ਬੱਚੇ ਭੁੱਖ ਕਾਰਨ ਫ਼ਲਸਤੀਨ ਦੀ ਮਿੱਟੀ 'ਚ ਸਦਾ ਦੀ ਨੀਂਦ ਸੌਂ ਜਾਣਗੇ ਇਸ ਲਈ ਦੁਨੀਆਂ ਦੀ ਆਵਾਜ਼ ਉੱਠਣਾ ਲਾਜ਼ਮੀ ਹੈ।

ਇਸ ਦਰਦਨਾਕ ਦ੍ਰਿਸ਼ ਅੱਗੇ ਅਮਰੀਕੀ ਇਜਰਾਇਲੀ ਹਾਕਮਾਂ ਦੇ ਕੰਨ ਤੇ ਜੂਨ ਤੱਕ ਨਹੀਂ ਸਰਕ ਰਹੀ। ਇਹ ਹਕੀਕਤ ਹੈ ਕਿ ਫ਼ਲਸਤੀਨ ਦੇ ਅੰਦਰੋਂ ਇਜਰਾਇਲ ਦੇ ਸਾਰੇ ਬੰਦੀ ਰਿਹਾ ਕਰ ਦਿੱਤੇ ਹਨ ਅਤੇ ਉਹ ਫ਼ਲਸਤੀਨ ਦੀ ਤਹਿਜ਼ੀਬ ਤੋਂ ਅਸ਼ਕੇ ਜਾ ਰਹੇ ਹਨ ਪਰ ਇਹਦੇ ਬਾਵਜੂਦ ਵੀ ਗੋਲਾ ਬੰਦੀ ਉੱਪਰ ਕੋਈ ਰੋਕ ਨਹੀਂ ਲਾਈ ਗਈ।

ਕਮੇਟੀ ਦਾ ਕਹਿਣਾ ਹੈ ਗਾਜ਼ਾ ਫ਼ਲਸਤੀਨ ਦਾ ਨੇੜਿਓਂ ਜਾਇਜ਼ਾ ਲੈਣ ਆਏ ਕਈ ਮੁਲਕਾਂ ਦੇ ਨੁਮਾਇੰਦਿਆਂ ਨੂੰ ਵੀ ਗਾਜ਼ਾ ਤੋਂ ਭੱਜਣ ਲਈ ਮਜਬੂਰ ਕਰਨ ਵਾਸਤੇ ਇੰਡੀਅਨ ਵਰਕਰਜ ਫੌਰ ਪੀਸ ਐਂਡ ਡਿਵੈਲਪਮੈਂਟ ਦੇ ਸਰਪਰਸਤ ਡਾਕਟਰ ਐਸ ਐਸ ਸੂਦਨ, ਪ੍ਰਧਾਨ ਡਾ. ਅਰੁਣ ਮਿੱਤਰਾ ਅਤੇ ਜਨਰਲ ਸਕੱਤਰ ਡਾਕਟਰ ਸੁਕੀਲ ਰਹਿਮਾਨ ਤੋਂ ਪ੍ਰਾਪਤ ਜਾਣਕਾਰੀ ਦੇ ਹਵਾਲੇ ਨਾਲ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀ ਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਗਾਜ਼ਾ ਦੇ ਬਹੁਤ ਹੀ ਗੈਰ ਮਾਨਵੀ ਅਤੇ ਪੀੜਾਦਾਇਕ ਹਾਲਾਤ ਸਾਹਮਣੇ ਆ ਰਹੇ ਹਨ ਜਿਨ੍ਹਾਂ ਦੇ ਮੱਦੇ ਨਜ਼ਰ ਦੇਸ਼ ਭਗਤ ਕਮੇਟੀ ਨੇ ਦੁਨੀਆ ਭਰ ਦੀਆਂ ਸਭਨਾਂ ਮਾਨਵਵਾਦੀ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਜੋਰਦਾਰ ਆਵਾਜ਼ ਉਠਾ ਕੇ ਮੰਗ ਕਰਨ ਕੇ ਫ਼ਲਸਤੀਨ ਦੇ ਅੰਦਰੋਂ ਇਜਰਾਇਲ ਦੀਆਂ ਫੌਜਾਂ ਤੁਰੰਤ ਬਾਹਰ ਜਾਣ, ਫਲਸਤੀਨ ਨੂੰ ਫ਼ਲਸਤੀਨੀਆਂ ਦੇ ਹਵਾਲੇ ਕੀਤਾ ਜਾਏ, ਨਾਕਾਬੰਦੀ ਖਤਮ ਕੀਤੀਆ ਜਾਏ, ਸੈਨਿਕ ਬਲ ਤੁਰੰਤ ਵਾਪਸ ਬੁਲਾਏ ਜਾਣ, ਫਲਸਤੀਨੀਆਂ ਤੇ ਲਾਈਆਂ ਸਭੇ ਰੋਕਾਂ ਖਤਮ ਕੀਤੀਆਂ ਜਾਣ ਅਤੇ ਸਭ ਤੋਂ ਪਹਿਲਾਂ ਭੁੱਖ ਮਰੀ ਦੇ ਜਬਾੜਿਆ ਵਿੱਚ ਆਏ ਫ਼ਲਸਤੀਨੀ ਲੋਕਾਂ ਲਈ ਖਾਧ, ਖੁਰਾਕ, ਦਵਾਈਆਂ, ਪਾਣੀ ਆਦਿ ਬਿਨਾਂ ਰੋਕ ਟੋਕ ਪਹੁੰਚਣ ਦੀ ਜਾਮਨੀ ਕੀਤੀ ਜਾਵੇ, ਹਸਪਤਾਲਾਂ ਦਾ ਭਰੋਸੇਯੋਗ ਪ੍ਰਬੰਧ ਕੀਤਾ ਜਾਵੇ, ਦੁਨੀਆ ਭਰ ਚੋਂ ਗਾਜ਼ਾ ਵਾਸੀਆਂ ਦੇ ਇਲਾਜ ਅਤੇ ਜੀਵਨ ਸੁਰੱਖਿਆ ਲਈ ਸਹਾਇਤਾ ਟੀਮਾਂ ਨੂੰ ਸਾਜ਼ੋ ਸਾਮਾਨ ਲੈ ਕੇ ਜਾਣ ਦੀ ਖੁੱਲ੍ਹ ਦਿੱਤੀ ਜਾਏ।

# ਪੰਜਾਬ ਆਪਣੀ ਲੁੱਟ ਹੋਣ ਦੇ ਬਦਲੇ ਕਿਸੇ ਤਰ੍ਹਾਂ ਦੀ ਅਦਾਇਗੀ ਨਹੀਂ ਕਰੇਗਾ: ਮੁੱਖ ਮੰਤਰੀ ਭਗਵੰਤ ਮਾਨ

**ਸੰਗਰੂਰ, (ਦਲਜੀਤ ਕੌਰ)** ਪੰਜਾਬ ਨੂੰ ਉਜਾੜਨ ਦੇ ਰਾਹ ਪਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਕੋਝੀਆਂ ਸਾਜ਼ਿਸ਼ਾਂ ਦੀ ਸਖ਼ਤ ਆਲੋਚਨਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭਾਖੜਾ ਡੈਮ 'ਤੇ ਸੀ।ਆਈ।ਐਸ।ਐਫ। ਤਾਇਨਾਤ ਕਰਨ ਬਾਰੇ ਕੇਂਦਰ ਸਰਕਾਰ ਦੇ ਫੈਸਲੇ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ ਅਤੇ ਕੇਂਦਰੀ ਬਲਾਂ ਦੀ ਤਾਇਨਾਤੀ ਦੇ ਖਰਚੇ ਵਜੋਂ ਸੂਬਾ ਧੇਲਾ ਵੀ ਨਹੀਂ ਦੇਵੇਗਾ।

ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਕ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਨਾ ਤਾਂ ਸਾਡੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਬੂੰਦ ਵਾਧੂ ਪਾਣੀ ਹੈ ਅਤੇ ਨਾ ਹੀ ਧੱਕੇ ਨਾਲ ਤਾਇਨਾਤ ਕੀਤੀ ਜਾ ਰਹੀ ਸੀ।ਆਈ।ਐਸ।ਐਫ। ਲਈ ਕੇਂਦਰ ਗ੍ਰਹਿ ਮੰਤਰਾਲੇ ਨੂੰ ਦੇਣ ਲਈ ਕੋਈ ਪੈਸਾ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਰਕਮ ਕਦੇ ਵੀ ਅਦਾ ਨਹੀਂ ਕਰੇਗੀ ਕਿਉਂਕਿ ਕੇਂਦਰ ਸਰਕਾਰ ਡੈਮ 'ਤੇ ਕੇਂਦਰੀ ਬਲਾਂ ਨੂੰ ਤਾਇਨਾਤ ਕਰਕੇ ਸੂਬੇ ਦੇ ਪਾਣੀ ਨੂੰ ਚੋਰੀ ਕਰਨ ਦਾ ਨੀਅਤ ਨਾਲ ਇਹ ਘਟੀਆ ਚਾਲ ਖੇਡ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਅਨਾਜ ਅਤੇ ਹੋਰ ਵਸਤਾਂ ਲਈ ਤਾਂ ਪੰਜਾਬ ਦੀ ਲੋੜ ਹੈ ਪਰ ਦੂਜੇ ਪਾਸੇ ਉਹ ਇਸ ਘਿਨਾਉਣੀ ਕਾਰਵਾਈ ਰਾਹੀਂ ਸੂਬੇ ਦੇ ਪਾਣੀਆਂ ਨੂੰ ਖੋਹਣ ਦੀ ਕੋਸ਼ਿਸ਼ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੂੰ ਦੇਸ਼ ਪ੍ਰਤੀ ਉਸ ਦੇ ਵੱਡੇ ਯੋਗਦਾਨ ਲਈ ਕੋਈ ਵਿਸ਼ੇਸ਼ ਪੈਕੇਜ ਦੇਣ ਦੀ ਬਜਾਏ ਭਾਜਪਾ ਸੂਬੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਆਉਂਦੇ ਸ਼ਨੀਵਾਰ ਨੂੰ ਹੋਣ ਵਾਲੀ ਨੀਤੀ ਆਯੋਗ ਦੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਦੇ ਸਾਹਮਣੇ ਇਸ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਉਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਅਜਿਹੀਆਂ ਘਟੀਆ ਚਾਲਾਂ ਦਾ ਸਹਾਰਾ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸੂਬੇ ਦੇ ਸਖ਼ਤ ਵਿਰੁੱਧ ਹੈ ਕਿਉਂਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਕਦੇ ਵੋਟ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਭਾਵੇਂ ਪੰਜਾਬ ਭਾਰਤੀ ਫੌਜ ਵਿੱਚ ਦੇਸ਼ ਸੇਵਾ ਕਰਨ ਦੇ ਨਾਲ-ਨਾਲ ਕੌਮੀ ਅਨਾਜ ਪੂਲ ਵਿੱਚ ਵੱਡਾ ਯੋਗਦਾਨ ਪਾਉਣ ਵਿੱਚ ਦੇਸ਼ ਦੀ ਅਗਵਾਈ ਕਰਦਾ ਹੈ ਪਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਹਮੇਸ਼ਾ ਸੂਬੇ ਨੂੰ ਨਜ਼ਰਅੰਦਾਜ਼ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮੋਦੀ ਸਰਕਾਰ ਪੰਜਾਬ ਵਿਰੋਧੀ ਸੋਚ ਦੀ ਧਾਰਨੀ ਹੋ ਚੁੱਕੀ ਹੈ, ਜਿਸ ਕਾਰਨ ਉਹ ਸੂਬੇ ਨੂੰ ਬਰਬਾਦ ਕਰਨ 'ਤੇ ਤੁਲੀ ਹੋਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦਾ ਵੱਸ ਚੱਲੇ ਤਾਂ ਉਹ ਰਾਸ਼ਟਰੀ ਗੀਤ ਵਿੱਚੋਂ ਪੰਜਾਬ ਦਾ ਨਾਮ ਵੀ ਹਟਾ ਦੇਣਗੇ। ਉਨ੍ਹਾਂ ਕਿਹਾ ਕਿ ਭਾਜਪਾਈ ਬਣੇ ਪੰਜਾਬ ਦੇ 'ਕਾਂਗਰਸੀ ਆਗੂਆਂ' ਨੂੰ ਇਸ ਮੁੱਦੇ 'ਤੇ ਚੁੱਪ ਨਹੀਂ ਰਹਿਣਾ ਚਾਹੀਦਾ ਅਤੇ ਭਗਵਾਂ ਪਾਰਟੀ ਦੀ ਇਸ ਪੰਜਾਬ ਵਿਰੋਧੀ ਸੋਚ 'ਤੇ ਉਨ੍ਹਾਂ ਨੂੰ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਸੰਘੀ ਢਾਂਚੇ ਜਾਂ ਸੰਵਿਧਾਨ ਦਾ ਸਤਿਕਾਰ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਬਦਕਿਸਮਤੀ ਦੀ ਗੱਲ ਹੈ ਕਿ ਕੇਂਦਰ ਨੇ ਹਰੇਕ ਸੰਵਿਧਾਨਕ ਸੰਸਥਾ ਨੂੰ ਕਮਜ਼ੋਰ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਮਹੂਰੀ ਤੌਰ 'ਤੇ ਚੁਣੀਆਂ ਗਈਆਂ ਸਰਕਾਰਾਂ ਦੇ ਕੰਮਕਾਜ ਨੂੰ ਰੋਕਣ ਲਈ ਰਾਜਪਾਲਾਂ ਨੂੰ ਵਰਤਿਆ ਜਾ ਰਿਹਾ ਹੈ, ਜੋ ਕਿ ਲੋਕਤੰਤਰ ਲਈ ਗੰਭੀਰ ਖ਼ਤਰਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਗਵਾਂ ਪਾਰਟੀ ਦੇ ਅਜਿਹੇ ਦਮਨਕਾਰੀ ਅਤੇ ਤਾਨਾਸ਼ਾਹੀ ਕਦਮਾਂ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ ਤਾਂ ਜੋ ਸੂਬੇ ਦੇ ਹਿੱਤਾਂ ਦੀ ਹਰ ਤਰ੍ਹਾਂ ਨਾਲ ਰਾਖੀ ਕੀਤੀ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਕੇਂਦਰ ਦੇ ਹੱਥਾਂ ਦੀ ਕਠਪੁਤਲੀ ਹੈ, ਜੋ ਸੂਬੇ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡਦਾ ਅਤੇ ਗ੍ਰਹਿ ਮੰਤਰਾਲੇ ਦਾ ਨਵਾਂ ਪ੍ਰਬੰਧ ਵੀ ਏਸੇ ਸਾਜ਼ਿਸ਼ ਦਾ ਹੀ ਹਿੱਸਾ ਹੈ। ਉਨ੍ਹਾਂ ਨੇ ਵਿਸਥਾਰ ਵਿੱਚ ਦੱਸਿਆ ਕਿ ਭਾਖੜਾ ਡੈਮ 'ਤੇ ਸੀ.ਆਈ.ਐਸ.ਐਫ. ਦੇ 296 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ ਜਿਸ 'ਤੇ ਸੂਬੇ ਨੂੰ 8158 ਕਰੋੜ ਰੁਪਏ ਦਾ ਖਰਚਾ ਦੇਣਾ ਪਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਪੰਜਾਬ ਪੁਲਿਸ ਪਹਿਲਾਂ ਹੀ ਡੈਮ ਦੀ ਸੁਰੱਖਿਆ ਨੂੰ ਮੁਫਤ ਵਿੱਚ ਯਕੀਨੀ ਬਣਾ ਰਹੀ ਹੈ ਤਾਂ ਅਸੀਂ ਇਹ ਪੈਸਾ ਬੀ।ਬੀ।ਐਮ।ਬੀ। ਨੂੰ ਕਿਉਂ ਦੇਈਏ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਦੀ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਕਿਉਂਕਿ ਇਹ ਕਦਮ ਬੀ.ਬੀ.ਐਮ.ਬੀ. ਅਤੇ ਭਾਜਪਾ ਵੱਲੋਂ ਸੀ.ਆਈ.ਐਸ.ਐਫ. ਤਾਇਨਾਤ ਕਰਕੇ ਸੂਬੇ ਦੇ ਪਾਣੀਆਂ 'ਤੇ ਡਾਕਾ ਮਾਰਨ ਦਾ ਨਾਪਾਕ ਮਨਸੂਬਾ ਹੈ। ਉਨ੍ਹਾਂ ਕਿਹਾ ਕਿ ਖੁਦ ਨੂੰ ਪਾਣੀਆਂ ਦੇ ਰਾਖੇ ਦੱਸਣ ਵਾਲੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਮਨਪ੍ਰੀਤ ਸਿੰਘ ਬਾਦਲ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵਰਗੇ ਭਾਜਪਾਈ ਬਣੇ 'ਕਾਂਗਰਸੀ ਆਗੂਆਂ' ਨੂੰ ਇਸ ਬਾਰੇ ਆਪਣਾ ਰੁਖ਼ ਸਪੱਸ਼ਟ ਕਰਨਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਫ ਸ਼ਬਦਾਂ ਵਿੱਚ ਕਿਹਾ ਕਿ ਇਹ ਭਾਜਪਾ ਅਤੇ ਬੀ.ਬੀ.ਐਮ.ਬੀ. ਵੱਲੋਂ ਪਾਣੀਆਂ ਉੱਤੇ ਪੰਜਾਬ ਦੇ ਹਿੱਸੇ ਨੂੰ ਘਟਾਉਣ ਦੀ ਸੌੜੀ ਚਾਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸੂਬੇ ਦੀ ਕਰਜ਼ਾ ਹੱਦ ਘਟਾ ਦਿੱਤੀ ਹੈ, ਆਰ।ਡੀ।ਐਫ। ਦੇ ਫੰਡ ਰੋਕੇ ਹੋਏ ਹਨ ਅਤੇ ਹੁਣ ਇਕ ਹੋਰ ਪੰਜਾਬ ਵਿਰੋਧੀ ਕਦਮ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੀ।ਆਈ।ਐਸ।ਐਫ। ਦੀ ਤਾਇਨਾਤੀ ਤਰਕਹੀਣ ਅਤੇ ਮਨਮਾਨੀ ਵਾਲਾ ਕਦਮ ਹੈ ਕਿਉਂਕਿ ਇਸ ਨਾਲ ਸਰਕਾਰੀ ਖਜ਼ਾਨੇ 'ਤੇ ਵਾਧੂ ਬੋਝ ਪਵੇਗਾ। ਪੰਜਾਬ ਦੇ ਫੰਡਾਂ ਨੂੰ ਰੋਕਣ ਲਈ ਕੇਂਦਰ 'ਤੇ ਵਰ੍ਹਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਗੈਰ-ਭਾਜਪਾ ਵਾਲੇ ਸੂਬਿਆਂ ਨਾਲ ਪੱਖਪਾਤ ਅਤੇ ਵਿਤਕਰਾ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਰਲ, ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਪੰਜਾਬ ਵਰਗੇ ਸੂਬਿਆਂ ਨੂੰ ਆਪਣੇ ਹੱਕੀ ਫੰਡ ਪ੍ਰਾਪਤ ਕਰਨ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਲਈ ਮਜਬੂਰ ਹੋਣਾ ਪਿਆ ਹੈ।

ਬੀ.ਬੀ.ਐਮ.ਬੀ. ਨੂੰ ਚਿੱਟਾ ਹਾਥੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਮੌਜੂਦਾ ਰੂਪ ਵਿੱਚ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਅਸਵੀਕਾਰਨਯੋਗ ਹੈ। ਉਨ੍ਹਾਂ ਕਿਹਾ ਕਿ ਪੰਜਾਬ ਹੁਣ ਇਸ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੀ.ਬੀ.ਐਮ.ਬੀ. ਨੇ ਭਾਜਪਾ ਦੇ ਦਬਾਅ ਹੇਠ ਕਾਹਲੀ ਨਾਲ ਮੀਟਿੰਗਾਂ ਬੁਲਾ ਕੇ ਆਪਣੇ ਹੀ ਸੰਵਿਧਾਨ ਦੀ ਉਲੰਘਣਾ ਕੀਤੀ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬੇ ਦੇ ਲੋਕ ਭਾਜਪਾ ਸਰਕਾਰ ਅਤੇ ਬੀ.ਬੀ.ਐਮ.ਬੀ. ਵੱਲੋਂ ਸੂਬੇ ਦੇ ਪਾਣੀਆਂ 'ਤੇ ਡਾਕਾ ਮਾਰਨ ਦੀ ਸ਼ਾਜਿਸ਼ ਵਿਰੁੱਧ ਉੱਠ ਖੜ੍ਹੇ ਹੋਏ ਹਨ, ਜਿਸ ਕਾਰਨ ਪਾਣੀ ਦੀ ਚੋਰੀ ਰੋਕੀ ਗਈ ਹੈ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਮੌਜੂਦਾ ਗੰਭੀਰ ਹਾਲਾਤਾਂ ਵਿੱਚ ਜਦੋਂ ਪਾਣੀ ਦਾ ਪੱਧਰ ਤੇਜ਼ੀ ਨਾਲ ਘੱਟ ਰਿਹਾ ਹੈ ਅਤੇ ਪਾਣੀ ਦੇ ਸਰੋਤ ਸੁੱਕ ਰਹੇ ਹਨ, ਇਸ ਲਈ ਪਾਣੀ ਦੇ ਹਰ ਸਮਝੌਤੇ ਦੀ ਹਰੇਕ 25 ਸਾਲਾਂ ਬਾਅਦ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰਿਆਣਾ ਦੇ ਕੋਟੇ ਮੁਤਾਬਕ ਪਾਣੀ ਦੀ ਅਲਾਟਮੈਂਟ ਕੱਲ੍ਹ ਤੋਂ ਸ਼ੁਰੂ ਕਰ ਦਿੱਤਾ ਗਈ ਹੈ ਪਰ ਅਲਾਟਮੈਂਟ ਤੋਂ ਵੱਧ ਪਾਣੀ ਦੀ ਇੱਕ ਵੀ ਬੂੰਦ ਨਹੀਂ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪੰਜਾਬ ਇਕ ਸਰਹੱਦੀ ਸੂਬਾ ਹੋਣ ਕਰਕੇ ਅੱਤਵਾਦ ਅਤੇ ਨਸ਼ਿਆਂ ਵਿਰੁੱਧ ਲੜਾਈ ਲੜ ਰਿਹਾ ਹੈ ਪਰ ਬਦਕਿਸਮਤੀ ਨਾਲ ਸਾਨੂੰ ਇਸ ਲਈ ਭਾਰੀ ਫੀਸ ਅਦਾ ਕਰਨ ਲਈ ਕਿਹਾ ਜਾਂਦਾ ਹੈ। ਇਸ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਦੀਨਾਨਗਰ (ਪਠਾਨਕੋਟ) ਵਿੱਚ ਹੋਏ ਅੱਤਵਾਦੀ ਹਮਲੇ ਉਪਰੰਤ ਭਾਰਤ ਸਰਕਾਰ ਨੇ ਹਮਲੇ ਦੌਰਾਨ ਅਰਧ ਸੈਨਿਕ ਬਲ ਭੇਜਣ ਲਈ ਸੂਬੇ ਤੋਂ 7।5 ਕਰੋੜ ਰੁਪਏ ਦੀ ਮੰਗ ਕੀਤੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਅਤੇ ਤਰਕਹੀਣ ਹੈ ਕਿਉਂਕਿ ਜਿਸ ਸੂਬੇ ਦੇ ਸਭ ਤੋਂ ਵੱਧ ਜਵਾਨ ਹਥਿਆਰਬੰਦ ਸੈਨਾਵਾਂ ਵਿੱਚ ਦੇਸ਼ ਦੀ ਸੇਵਾ ਕਰਦੇ ਹੋਏ ਸ਼ਹੀਦ ਹੁੰਦੇ ਹਨ, ਉਸ ਨੂੰ ਇਹ ਫੀਸਾਂ ਅਦਾ ਕਰਨੀਆਂ ਪੈਂਦੀਆਂ ਹਨ।

# ਵਿਕਾਸ ਕਾਰਜਾਂ ਦਾ ਕੈਬਨਿਟ ਮੰਤਰੀ ਲਾਲ ਚੰਦ ਨੇ ਕੀਤਾ ਉਦਘਾਟਨ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਇੱਕ ਵਾਰ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਵੱਖ ਵੱਖ ਚਾਰ ਸਕੂਲਾਂ ਅੰਦਰ ਸਿੱਖਿਆ ਕ੍ਰਾਂਤੀ ਅਧੀਨ ਪ੍ਰੋਗਰਾਮ ਆਯੋਜਿਤ ਕੀਤੇ ਗਏ ਅਤੇ ਲੱਖਾਂ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਣ ਕਰਕੇ ਇਹ ਪ੍ਰੋਜੈਕਟ ਲੋਕਾਂ ਨੂੰ ਸਮਰਪਿਤ ਕੀਤੇ ਗਏ ਹਨ, ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਅੰਦਰ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਅੰਦਰ ਇੱਕ ਭਾਰੀ ਬਦਲਾਅ ਲਿਆਂਦਾ ਹੈ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ ਅਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਹਰ ਤਰ੍ਹਾਂ ਦੇ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ । ਇਹ ਪਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਅੰਦਰ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਣ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸੰਦੀਪ ਕੁਮਾਰ ਬਲਾਕ ਪ੍ਰਧਾਨ, ਅਮਨਦੀਪ ਕੁਮਾਰ ਡਿਪਟੀ ਡੀ.ਈ. ਸੈਕੰਡਰੀ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੋਹਣ ਲਾਲ ਬਲਾਕ ਪ੍ਰਧਾਨ, ਬਲਕਾਰ ਅੱਤਰੀ ਮੀਡਿਆ ਕੋਆਰਡੀਨੇਟਰ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਵੀ ਹਾਜਰ ਸਨ।

ਜਿਕਰਯੋਗ ਹੈ ਕਿ ਅੱਜ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਸਰਕਾਰੀ ਪ੍ਰਾਇਮਰੀ ਸਕੂਲ ਸਮਰਾਲਾ 8.5 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ 9.55 ਲੱਖ ਰੁਪਏ ਦੀ ਲਾਗਤ ਨਾਲ ਕਮਰੇ ਦਾ ਨਿਰਮਾਣ, ਸਰਕਾਰੀ ਪ੍ਰਾਇਮਰੀ ਸਕੂਲ ਕਿਲਾ ਵਿਖੇ 3.16 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ 7.51 ਲੱਖ ਰੁਪਏ ਦੀ ਲਾਗਤ ਨਾਲ ਕਮਰੇ ਦਾ ਨਿਰਮਾਣ, ਸਰਕਾਰੀ ਹਾਈ ਸਕੂਲ ਡੇਹਰੀਵਾਲ ਵਿਖੇ 9.55 ਲੱਖ ਰੁਪਏ ਨਾਲ ਕਮਰੇ ਦਾ ਨਿਰਮਾਣ, 22.23 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੀ ਰਿਪੇਅਰ ਅਤੇ 2 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੀ ਚਾਰਦੀਵਾਰੀ ਦਾ ਨਿਰਮਾਣ ਕੀਤਾ ਗਿਆ। ਇਸ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਕੋਠੀ ਪੰਡਿਤਾਂ ਵਿਖੇ 9.55 ਲੱਖ ਰੁਪਏ ਦੀ ਲਾਗਤ ਨਾਲ ਕਮਰੇ ਦਾ ਨਿਰਮਾਣ, 2.55 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੀ ਰਿਪੇਅਰ ਅਤੇ ਸਰਕਾਰੀ ਮਿਡਲ ਸਕੂਲ ਕੋਠੀ ਪੰਤਿਤਾਂ ਵਿਖੇ 9.55 ਲੱਖ ਰੁਪਏ ਦੀ ਲਾਗਤ ਨਾਲ ਕਮਰੇ ਦਾ ਨਿਰਮਾਣ ਕੀਤਾ ਗਿਆ। ਇਸ ਤਰ੍ਹਾਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਵੱਲੋਂ 84.15 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਵਿਕਾਸ ਕਾਰਜਾਂ ਦਾ ਉਦਘਾਟਣ ਕੀਤਾ ਗਿਆ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਵਿੱਚ ਪੂਰੇ ਪੰਜਾਬ ਅੰਦਰ ਸਿੱਖਿਆ ਕ੍ਰਾਂਤੀ ਅਧੀਨ ਵੱਖ ਵੱਖ ਸਕੂਲਾਂ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਨੂੰ ਲੋਕਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਅੱਜ ਵੀ ਵਿਧਾਨ ਸਭ ਹਲਕਾ ਭੋਆ ਦੇ ਪਿੰਡ ਸਮਰਾਲਾ, ਕਿਲਾ, ਡੇਹਰੀਵਾਲ ਅਤੇ ਕੋਠੀ ਪੰਡਿਤਾਂ ਦੇ ਸਕੂਲਾਂ ਵਿੱਚ ਕੀਤੇ ਗਏ ਕਰੀਬ 84.15 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਪ੍ਰੋਜੈਕਟਾਂ ਦਾ ਉਦਘਾਟਣ ਕਰਨ ਮਗਰੋਂ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਅੰਦਰ ਬਹੁਤ ਵੱਡੇ ਕਾਰਜ ਕੀਤੇ ਜਾ ਰਹੇ ਹਨ ਅਤੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ ਅਤੇ ਹੁਣ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਪੜਾਉਂਣ ਦੇ ਲਈ ਅਜਿਹੇ ਸਾਧਨ ਉਪਲੱਬਦ ਕਰਵਾ ਦਿੱਤੇ ਹਨ ਜੋ ਪ੍ਰਾਈਵੇਟ ਸਕੂਲਾਂ ਵਿੱਚ ਵੀ ਨਹੀਂ ਹਨ। ਉਨ੍ਹਾਂ ਕਿਹਾ ਕਿ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਸਰਕਾਰ ਵੱਲੋਂ ਕੀਤੇ ਉਪਰਾਲਿਆ ਸਦਕਾ ਹੀ ਅੱਜ ਸਰਕਾਰੀ ਸਕੂਲਾਂ ਵਿੱਚ ਪੜਾਉਂਣ ਵਾਲੇ ਅਧਿਆਪਕਾਂ ਨੂੰ ਵਿਦੇਸਾਂ ਅੰਦਰ ਭੇਜਿਆ ਜਾ ਰਿਹਾ ਹੈ ਤਾਂ ਜੋ ਉਹ ਅਧਿਆਪਕ ਉੱਥੋਂ ਦੇ ਦੇਸਾਂ ਦੀ ਸਿੱਖਿਆ ਪ੍ਰਣਾਲੀ ਬਾਰੇ ਗਿਆਨ ਹਾਂਸਲ ਕਰਕੇ ਇੱਧਰ ਆ ਕੇ ਪੰਜਾਬ ਦੇ ਸਰਕਾਰੀ ਸਕੂਲਾਂ ਅੰਦਰ ਵੀ ਲਾਗੂ ਕਰਨ ਤਾਂ ਜੋ ਪੰਜਾਬ ਸਿੱਖਿਆ ਪ੍ਰਣਾਲੀ ਅੰਦਰ ਭਾਰੀ ਬਦਲਾਅ ਲਿਆਂਦੇ ਜਾ ਸਕਣ।

# ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਦੂਜਾ ਗੇੜ

**ਲੁਧਿਆਣਾ** – ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਚੱਲ ਰਹੇ 15ਵੇਂ ਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਗੇੜ ਦੇ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ, ਡਾਕਟਰ ਕੁਲਦੀਪ ਸਿੰਘ ਮੋਗਾ, ਨੀਟਾ ਕਲੱਬ ਰਾਮਪੁਰ ਅਤੇ ਅਮਰਗੜ੍ਹ ਨੇ ਆਪੋ ਆਪਣੇ ਮੈਚ ਜਿੱਤ ਕੇ ਆਪਣੇ ਜੇਤ ਕਦਮ ਅੱਗੇ ਵਧਾਏ।



ਅੱਜ ਰਾਤ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਗਏ ਦੂਸਰੇ ਗੇੜ ਦੇ ਅੱਠ ਮੈਚਾਂ ਵਿੱਚ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਬਹੁਤ ਹੀ ਰੋਮਾਂਚਕ ਅਤੇ ਸੰਘਰਸ਼ਪੂਰਨ ਮੁਕਾਬਲੇ ਵਿੱਚ ਕਿਲਾ ਰਾਏਪੁਰ ਨਾਲ 4-4 ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ ਵਿੱਚ 6-5 ਨਾਲ ਹਰਾਇਆ। ਜਰਖੜ ਟੀਮ ਦਾ ਗੋਲਕੀਪਰ ਅੰਤਰ ਰਾਸ਼ਟਰੀ ਸਟਾਰ ਹਰਜੋਤ ਸਿੰਘ ਜੋਤੀ " ਡਾਬਰ ਹੀਰੋ ਆਫ ਦਾ ਮੈਚ" ਬਣਿਆ,ਜਦਕਿ ਸੀਨੀਅਰ ਵਰਗ ਦੇ ਦੂਸਰੇ ਮੈਚ ਵਿੱਚ ਵਰਤਮਾਨ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੇ ਗਿੱਲ ਕਲੱਬ ਘਵੱਦੀ ਨੂੰ 8-6 ਨਾਲ ਹਰਾਇਆ ਮੋਗਾ ਦਾ ਜਸਦੀਪ ਸਿੰਘ ਡਾਬਰ ਹੀਰੋ ਆਫ਼ ਦਾ ਮੈਚ ਬਣਿਆ ਜਦ ਕਿ ਅਮਰਗੜ੍ਹ ਨੇ ਯੰਗ ਕਲੱਬ ਉਟਾਲਾ ਨੂੰ 7-3 ਨਾਲ ਹਰਾਇਆ ਅਮਰਗੜ੍ਹ ਦਾ ਮਨਦੀਪ ਸਿੰਘ ਡਾਬਰ ਹੀਰੋ ਆਫ਼ ਦਾ ਮੈਚ ਬਣਿਆ। ਨੀਟਾ ਕਲੱਬ ਰਾਮਪੁਰ ਨੇ ਬਾਬਾ ਮਹੰਤ ਕਿਰਪਾਲ ਦਾਸ ਕਲੱਬ ਨੂੰ 8-3 ਗੋਲਾਂ ਨਾਲ ਹਰਾਇਆ। ਰਾਮਪੁਰ ਦਾ ਗੋਲਕੀਪਰ ਵਿਕਾਸ ਕੁਮਾਰ ਡਾਬਰ ਹੀਰੋ ਆਫ਼ ਦਾ ਮੈਚ ਬਣਿਆ। ਜੂਨੀਅਰ ਵਰਗ ਵਿੱਚ ਘਵੱਦੀ ਸਕੂਲ ਨੇ ਰਾਉਂਡ ਕਲਾਸ ਅਕੈਡਮੀ ਤਹਿੰਗ ਨੂੰ 3-2 ਗੋਲਾਂ ਨਾਲ ਹਰਾਇਆ। ਘਵੱਦੀ ਦਾ ਹਰਸਿਮਰਨ ਸਿੰਘ ਡਾਬਰ ਹੀਰੋ ਆਫ ਦਾ ਮੈਚ ਬਣਿਆ। ਦੂਸਰੇ ਮੈਚ ਵਿੱਚ ਕਿਲਾ ਰਾਏਪੁਰ ਨੇ ਚਚਰਾੜੀ ਸੈਂਟਰ ਨੂੰ 4-3 ਗੋਲਾ ਨਾਲ ਹਰਾਇਆ । ਕਿਲਾ ਰਾਏਪੁਰ ਦਾ ਪ੍ਰਿੰਸ "ਹੀਰੋ ਆਫ ਦਾ ਮੈਚ " ਬਣਿਆ। ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਨੇ ਐਚਟੀਸੀ ਸੈਂਟਰ ਰਾਮਪੁਰ ਨੂੰ 8-4 ਗੋਲਾਂ ਨਾਲ ਹਰਾਇਆ । ਜਰਖੜ ਅਕੈਡਮੀ ਦਾ ਅੰਕੁਸ਼ ਕੁਮਾਰ ਡਾਬਰ ਹੀਰੋ ਆਫ ਦਾ ਮੈਚ ਬਣਿਆ ਜਦਕਿ ਜੂਨੀਅਰ ਵਰਗ ਦੇ ਆਖਰੀ ਲੀਗ ਮੈਚ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ ਨੇ ਰਾਣਾ ਅਕੈਡਮੀ ਹਸਿਆਰਪੁਰ ਨੂੰ 8-6 ਨਾਲ ਹਰਾਇਆ । ਰਾਮਪੁਰ ਦਾ ਪਰਮਿੰਦਰ ਸਿੰਘ ਹੀਰੋ ਆਫ ਦਾ ਮੈਚ ਬਣਿਆ।

ਅੱਜ ਦੇ ਮੈਚਾਂ ਦੌਰਾਨ ਗੁਰਦੀਪ ਸਿੰਘ ਗਰੇਵਾਲ ਜਿਲਾ ਖੇਡ ਅਫਸਰ ਮਲੇਰਕੋਟਲਾ, ਪ੍ਰਿੰਸੀਪਲ ਬਲਵੰਤ ਸਿੰਘ ਚੱਕਰ, ਸਾਬਕਾ ਅੰਤਰ-ਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਸੈਣੀ ਵਰਿੰਦਰ ਅੱਤਰੀ ਸਾਬਕਾ ਉਪ ਮੰਡਲ ਅਫਸਰ ਨੇ ਮੁਖ ਮਹਿਮਾਨ ਵਜੋਂ ਵੱਖ ਵੱਖ ਮੈਚਾਂ ਵਿੱਚ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ।ਇਸ ਮੌਕੇ ਕੁਲਦੀਪ ਸਿੰਘ ਘਵੱਦੀ, ਮਨਜਿੰਦਰ ਸਿੰਘ ਇਆਲੀ, ਸਾਹਿਬਜੀਤ ਸਿੰਘ ਸਾਬੀ ਜਰਖੜ, ਗੁਰਸਤਿੰਦਰ ਸਿੰਘ ਪ੍ਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਅਜੀਤ ਸਿੰਘ ਲਾਦੀਆਂ , ਗੁਰਵਿੰਦਰ ਸਿੰਘ ਕਿਲਾ ਰਾਏਪੁਰ, ਤੇਜਿੰਦਰ ਸਿੰਘ ਜਰਖੜ, ਅਜੀਤਪਾਲ ਸਿੰਘ ਨਾਰੰਗਵਾਲ, ਦਲਵੀਰ ਸਿੰਘ ਜਰਖੜ, ਬਾਬਾ ਰੁਲਦਾ ਸਿੰਘ, ਕੋਚ ਗੁਰਤੇਜ ਸਿੰਘ ਬੋੜਹਾਈ ਅਤੇ ਹੋਰ ਇਲਾਕੇ ਦੀਆਂ ਨਾਮੀ ਸ਼ਖਸੀਅਤਾਂ ਹਾਜ਼ਰ ਸਨ। ਗੁਰਸਤਿੰਦਰ ਸਿੰਘ ਪ੍ਰਗਟ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਆਖਰੀ ਲੀਗ ਗੇੜ ਦੇ ਮੈਚ 31 ਮਈ ਅਤੇ 1 ਜੂਨ ਨੂੰ ਖੇਡੇ ਜਾਣਗੇ।

# ਸਮਰ ਕੈਂਪ ਵਿੱਚ ਬੱਚੇ ਆਪਣੀ ਭਾਸ਼ਾ ਦੇ ਨਾਲ-ਨਾਲ ਤੇਲਗੂ ਵੀ ਸਿੱਖ ਰਹੇ ਹਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜੋਵਾਲ ਵਿਖੇ ਪ੍ਰਿੰਸੀਪਲ ਅਸ਼ੋਕ ਕੁਮਾਰ ਦੀ ਦੇਖ-ਰੇਖ ਹੇਠ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ ਮੈਡਮ ਲਲਿਤਾ ਅਰੋੜਾ ਦੀ ਅਗਵਾਈ ਹੇਠ ਸੱਤ ਦਿਨਾਂ ਭਾਰਤੀ ਭਾਸ਼ਾ ਸਮਰ ਕੈਂਪ ਸ਼ੁਰੂ ਹੋਇਆ। ਇਸ ਦੌਰਾਨ ਬੱਚਿਆਂ ਨੂੰ ਤੇਲਗੂ ਭਾਸ਼ਾ ਬਾਰੇ ਜਾਣਕਾਰੀ ਦੇਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਜਿਸ ਤਰ੍ਹਾਂ ਅਸੀਂ ਆਪਣੀ ਭਾਸ਼ਾ ਨੂੰ ਲਗਾਤਾਰ ਪੜ੍ਹਦੇ ਅਤੇ ਬੋਲਦੇ ਹਾਂ। ਇਸੇ ਤਰ੍ਹਾਂ ਸਾਨੂੰ ਦੇਸ਼ ਦੇ ਹੋਰ ਹਿੱਸਿਆਂ ਵਿੱਚ ਪ੍ਰਚਲਿਤ ਭਾਸ਼ਾਵਾਂ ਦਾ ਗਿਆਨ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤੇਲਗੂ ਦੱਖਣੀ ਭਾਰਤ ਵਿੱਚ ਬੋਲੀ ਜਾਣ ਵਾਲੀ ਇੱਕ ਪ੍ਰਮੁੱਖ ਭਾਸ਼ਾ ਹੈ। ਉਨ੍ਹਾਂ ਬੱਚਿਆਂ ਨੂੰ ਤੇਲਗੂ ਭਾਸ਼ਾ ਵਿੱਚ ਕਿਸੇ ਨੂੰ ਮਿਲਣ 'ਤੇ ਨਮਸਕਾਰ ਕਰਨ ਅਤੇ ਦੂਜਿਆਂ ਨੂੰ ਉਨ੍ਹਾਂ ਦੀ ਭਲਾਈ ਬਾਰੇ ਪੁੱਛਣ ਬਾਰੇ ਜਾਣਕਾਰੀ ਦਿੱਤੀ ਅਤੇ ਤੇਲਗੂ ਭਾਸ਼ਾ ਵਿੱਚ ਗਿਣਤੀ ਲਈ ਵਰਤੇ ਜਾਣ ਵਾਲੇ ਸ਼ਬਦਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਕਿਤੇ ਬਾਹਰ ਜਾਂਦੇ ਹਾਂ, ਜੇਕਰ ਸਾਨੂੰ ਉਸ ਇਲਾਕੇ ਦੀ ਭਾਸ਼ਾ ਦਾ ਗਿਆਨ ਹੁੰਦਾ ਹੈ ਤਾਂ ਸਾਨੂੰ ਲੋਕਾਂ ਨੂੰ ਮਿਲਣਾ ਅਤੇ ਉਨ੍ਹਾਂ ਦੇ ਸੱਭਿਆਚਾਰ ਨੂੰ ਸਮਝਣਾ ਆਸਾਨ ਹੋ ਜਾਂਦਾ ਹੈ। ਭਾਰਤ ਵਿੱਚ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਹ ਸਾਡੀ ਸੰਸਕ੍ਰਿਤੀ ਅਤੇ ਸੱਭਿਅਤਾ ਦੀ ਇੱਕ ਵਿਸ਼ੇਸ਼ਤਾ ਹੈ। ਵੱਖ-ਵੱਖ ਭਾਸ਼ਾਵਾਂ ਹੋਣ ਦੇ ਬਾਵਜੂਦ, ਅਸੀਂ ਅਜੇ ਵੀ ਇੱਕ ਸੂਤਰ ਵਿੱਚ ਘਿਰੇ ਹੋਏ ਹਾਂ। ਇਹ ਦੇਸ਼ ਦੀ ਏਕਤਾ ਨੂੰ ਵੀ ਮਜ਼ਬੂਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਪੂਰੀ ਲਗਨ ਨਾਲ ਇਸ ਭਾਸ਼ਾ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਪਵੇਗੀ ਤਾਂ ਹੀ ਅਸੀਂ ਇਸ ਸਮਰ ਕੈਂਪ ਦਾ ਲਾਭ ਉਠਾ ਸਕਦੇ ਹਾਂ। ਇਸ ਮੌਕੇ ਮੈਡਮ ਕੁਲਵਿੰਦਰ ਕੌਰ, ਸੁਕ੍ਰਿਤੀ ਕਸ਼ਯਪ, ਕਿਸ਼ੋਰ ਲਾਲ ਅਤੇ ਅਮਨੀਤ ਕੌਰ ਨੇ ਬੱਚਿਆਂ ਨੂੰ ਤੇਲਗੂ ਭਾਸ਼ਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬੱਚੇ ਤੇਲਗੂ ਭਾਸ਼ਾ ਸਿੱਖਣ ਵਿੱਚ ਦਿਲਚਸਪੀ ਦਿਖਾ ਰਹੇ ਹਨ।



# ਬੇਗਮਪੁਰਾ ਵਸਾਉਣ ਲਈ ਤੁਰੇ ਸੈਂਕੜੇ ਮਜਦੂਰਾਂ ਦੀਆਂ ਗ੍ਰਿਫਤਾਰੀਆਂ ਦੀ ਡੀ.ਟੀ.ਐੱਫ. ਵੱਲੋਂ ਨਿਖੇਧੀ

**ਸੰਗਰੂਰ, (ਦਲਜੀਤ ਕੌਰ)** ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ।ਟੀ।ਐੱਫ।) ਪੰਜਾਬ ਦੀ ਸੂਬਾ ਕਮੇਟੀ ਨੇ ਸੰਗਰੂਰ ਸ਼ਹਿਰ ਦੇ ਨੇੜੇ ਜੀਂਦ ਰਿਆਸਤ ਦੀ 927 ਏਕੜ ਜ਼ਮੀਨ ਉੱਤੇ ਬੇਗਮਪੁਰਾ ਵਸਾਉਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪੁੱਜ ਰਹੇ ਸੰਘਰਸ਼ਸ਼ੀਲ ਬੇਜ਼ਮੀਨੇ ਮਜ਼ਦੂਰਾਂ ਵੱਲੋਂ ਕੀਤੇ ਜਾਣ ਵਾਲੇ ਜਮਹੂਰੀ ਪ੍ਰਦਰਸ਼ਨ ਨੂੰ ਛੇ ਜ਼ਿਲ੍ਹਿਆਂ ਦੀ ਪੁਲਿਸ ਦੇ ਜ਼ੋਰ ਰੋਕਣ, ਸੈਂਕੜਿਆਂ ਦੀ ਗਿਣਤੀ ਵਿੱਚ ਕਾਰਕੁਨਾਂ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਕਰਕੇ ਜੇਲ੍ਹ ਭੇਜਣ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ ਅਤੇ ਸਾਰੇ ਗ੍ਰਿਫਤਾਰ ਮਜ਼ਦੂਰਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।

ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਸੂਬਾ ਮੀਤ ਪ੍ਰਧਾਨ ਰਘਵੀਰ ਭਵਾਨੀਗੜ੍ਹ ਨੇ ਦੱਸਿਆ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਪੰਜਾਬ ਵਿੱਚ 17।5 ਏਕੜ (ਕਿੱਲੇ) ਤੋਂ ਵਧੇਰੇ ਮਲਕੀਅਤ ਵਾਲੀ ਜ਼ਮੀਨ ਨੂੰ ਲੈਂਡ ਸੀਲਿੰਗ ਐਕਟ ਅਧੀਨ ਜ਼ਮੀਨ ਵਿਹੂਣੇ ਲੋਕਾਂ ਵਿੱਚ ਵੰਡਿਆ ਜਾਣਾ ਬਣਦਾ ਹੈ।

ਇਸ ਮੰਗ ਨੂੰ ਲੈ ਕੇ ਸਮਾਜ ਦੇ ਸਭ ਤੋਂ ਵੱਧ ਪੀੜਤ ਲੋਕਾਂ ਵਿੱਚ ਸ਼ਾਮਲ ਬੇਜ਼ਮੀਨੇ ਮਜ਼ਦੂਰ ਵਰਗ ਵੱਲੋਂ ਬੀੜ ਐਸਵਾਨ ਦੀ ਬੇਚਿਰਾਗ ਪਿੰਡ ਵਿਖੇ 927 ਏਕੜ ਜ਼ਮੀਨ ਜੋ ਕਿ ਕਦੇ ਜੀਂਦ ਦੇ ਰਾਜੇ ਦੀ ਰਿਆਸਤ ਦਾ ਹਿੱਸਾ ਸੀ, ਨੂੰ ਬੇਜ਼ਮੀਨਿਆਂ ਵਿੱਚ ਵੰਡਣ ਲਈ ਬੀਤੇ ਲੰਮੇਂ ਸਮੇਂ ਤੋਂ ਮੁਹਿੰਮ ਛੇੜੀ ਹੋਈ ਹੈ। ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਇਹ ਸਵੀਕਾਰ ਨਹੀਂ ਹੈ ਕਿ ਬੇਜ਼ਮੀਨੇ ਮਜ਼ਦੂਰ ਆਪਣੇ ਸੰਵਿਧਾਨਕ ਹੱਕ ਦੀ ਮੰਗ ਕਰਨ, ਇਸ ਲਈ ਪੰਜਾਬ ਸਰਕਾਰ ਇਨ੍ਹਾਂ ਲੋਕਾਂ ਦੇ ਇਸ ਜ਼ਮਹੂਰੀ ਸੰਘਰਸ਼ ਨੂੰ ਪੁਲਿਸ ਜ਼ਬਰ ਰਾਹੀ ਕੁਚਲਣ ਰਾਹ ਤੁਰੀ ਹੋਈ ਹੈ। ਇਸੇ ਤਹਿਤ ਹੀ ਲਗਭਗ 100 ਔਰਤਾਂ ਸਮੇਤ 300 ਤੋਂ ਵਧੇਰੇ ਮਜ਼ਦੂਰਾਂ ਨੂੰ ਗ੍ਰਿਫਤਾਰ ਕਰਕੇ ਮਾਲਵੇ ਦੇ ਵੱਖ-ਵੱਖ ਸ਼ਹਿਰਾਂ ਦੀਆਂ ਜੇਲ੍ਹਾਂ ਵਿੱਚ ਭੇਜਿਆ ਗਿਆ ਹੈ।

ਡੀ.ਟੀ.ਐੱਫ. ਸੰਗਰੂਰ ਦੇ ਜਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਜਿਲ੍ਹਾ ਸਕੱਤਰ ਅਮਨ ਵਿਸ਼ਿਸ਼ਟ ਅਤੇ ਵਿੱਤ ਸਕੱਤਰ ਕਮਲਜੀਤ ਸਿੰਘ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਪਾਰਟੀ ਦੀ ਹਾਰ ਮਗਰੋਂ ਪੰਜਾਬ ਸਰਕਾਰ ਬੁਰੀ ਤਰ੍ਹਾਂ ਬੌਖਲਾ ਗਈ ਹੈ ਅਤੇ 20 ਮਈ ਨੂੰ ਬੇਗਮਪੁਰਾ ਵਸਾਉਣ ਲਈ ਬੀੜ ਐਸਵਾਨ (ਸੰਗਰੂਰ) ਜਾ ਰਹੇ ਜੱਥਿਆਂ ਨੂੰ ਪੁਲਿਸ ਵੱਲੋਂ ਰੋਕਾਂ ਖੜ੍ਹੀਆਂ ਕਰਕੇ ਰੋਕਣ, ਧੱਕਾਮੁੱਕੀ ਕਰਨ, ਔਰਤਾਂ ਸਮੇਤ ਸੈਂਕੜਿਆਂ ਦੀ ਗਿਣਤੀ ਵਿੱਚ ਗ੍ਰਿਫਤਾਰੀਆਂ ਨੇ ਦੱਸ ਦਿੱਤਾ ਹੈ ਕਿ ਆਪ ਸਰਕਾਰ ਕਿਸਾਨਾਂ ਮਗਰੋਂ ਹੁਣ ਜ਼ਮੀਨੋ ਵਿਹੂਣੇ ਲੋਕਾਂ ਦੇ ਸੰਘਰਸ਼ ਨੂੰ ਵੀ ਜ਼ਬਰ ਦੇ ਜ਼ੋਰ ਕੁਚਲਣ ਦੇ ਰਾਹ ਪੈ ਗਈ ਹੈ।

ਆਗੂਆਂ ਨੇ ਅੱਗੇ ਕਿਹਾ ਕਿ ਸਦੀਆਂ ਤੋਂ ਦਬਾਏ ਹੋਏ ਤੇ ਲਤਾੜੇ ਅਤੇ ਬੇਜ਼ਮੀਨੇ ਲੋਕਾਂ ਦੀ ਆਵਾਜ ਚੁੱਕਣ ਕਰਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਦਬਾਉਣਾ ਪੰਜਾਬ ਸਰਕਾਰ ਦੇ ਦਲਿਤ, ਮਜ਼ਦੂਰ ਵਿਰੋਧੀ ਚਿਹਰੇ ਨੂੰ ਬੇਪਰਦ ਕਰਦਾ ਹੈ, ਜਿਸਦਾ ਭੁਗਤਾਨ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਕਰਨਾ ਪਵੇਗਾ।

# ਜਮਹੂਰੀ ਅਧਿਕਾਰ ਸਭਾ ਵੱਲੋਂ ਬੀੜ ਐਸਵਾਨ ਜਾ ਰਹੇ ਗ੍ਰਿਫ਼ਤਾਰ ਕੀਤੇ ਮਜ਼ਦੂਰ ਮਰਦ ਔਰਤਾਂ ਨੂੰ ਰਿਹਾਅ ਕਰਨ ਅਤੇ ਗਿਣਤੀ ਦੀ ਜਾਣਕਾਰੀ ਜਨਤਕ ਦੀ ਮੰਗ



**ਚੰਡੀਗੜ੍ਹ/ਸੰਗਰੂਰ, (ਦਲਜੀਤ ਕੌਰ)** ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ 927 ਏਕੜ ਜ਼ਮੀਨ ਉਪਰ ਬੇਗਮਪੁਰਾ ਵਸਾਉਣਾ ਅਤੇ 17 ਏਕੜ ਲੈਂਡ ਸੀਲਿੰਗ ਐਕਟ ਤਹਿਤ ਵਾਧੂ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਵਿੱਚ ਵੰਡਣ ਲਈ ਕੀਤੇ ਸੰਘਰਸ਼ ਦੌਰਾਨ ਗਿਰਫ਼ਤਾਰ ਕੀਤੇ ਮਜ਼ਦੂਰਾਂ, ਔਰਤਾਂ ਅਤੇ ਮਰਦਾਂ ਦੀ ਤੁਰੰਤ ਰਿਹਾਈ ਅਤੇ ਗੱਲ ਬਾਤ ਰਾਹੀਂ ਮਸਲੇ ਦਾ ਹੱਲ ਕਰਨ ਦੀ ਮੰਗ ਕੀਤੀ ਹੈ ਸਭਾ ਦੇ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ ਜਰਨਲ ਸਕੱਤਰ ਪ੍ਰਿਤਪਾਲ ਸਿੰਘ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਬੇਚਿਰਾਗ ਪਿੰਡ ਬੀੜ ਐਸਵਾਨ ਸੰਗਰੂਰ ਵਿਖੇ 927 ਏਕੜ ਜ਼ਮੀਨ ਚ ਬੇਗ਼ਮਪੁਰਾ ਵਸਾਉਣ ਨੂੰ ਰੋਕਣ ਲਈ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਬੁਖਲਾਹਟ ਵਿੱਚ ਆ ਕੇ ਬੇਜ਼ਮੀਨੇ ਦਲਿਤ ਮਜ਼ਦੂਰਾਂ ਉੱਪਰ ਚਲਾਏ ਦਮਨ ਚੱਕਰ ਵਿੱਚ ਸੈਂਕੜੇ ਮਜ਼ਦੂਰ ਮਰਦ ਔਰਤਾਂ ਨੂੰ ਗ੍ਰਿਫ਼ਤਾਰ ਕਰਕੇ ਦਲਿਤਾਂ ਨਾਲ ਧ੍ਰੋਹ ਕਮਾਇਆ ਗਿਆ ਹੈ। ਸੰਗਰੂਰ ਪ੍ਰਸ਼ਾਸਨ ਨੇ ਬੀੜ ਐਸਵਾਨ ਜ਼ਮੀਨ ਵੱਲ ਵੱਧ ਰਹੇ ਸੈਂਕੜੇ ਮਜ਼ਦੂਰਾਂ ਨੂੰ ਵੱਖ ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕੀਤਾ। ਕੁੱਝ ਲੋਕਾਂ ਨੂੰ ਦੇਰ ਰਾਤ ਰਿਹਾਅ ਕਰ ਦਿੱਤਾ ਗਿਆ ਲੇਕਿਨ 400 ਤੋਂ ਵੱਧ ਮਜ਼ਦੂਰ ਮਰਦ ਔਰਤਾਂ ਨੂੰ ਸੰਗਰੂਰ ਪ੍ਰਸ਼ਾਸਨ ਨੇ ਗ੍ਰਿਫ਼ਤਾਰ ਕਰਨ ਉਪਰੰਤ ਸੰਗਰੂਰ ਜੇਲ੍ਹ 'ਚ 70, ਮਲੇਰਕੋਟਲਾ 'ਚ 35, ਪਟਿਆਲਾ 'ਚ 66 ਅਤੇ ਨਾਭਾ ਜੇਲ੍ਹ 'ਚ 85 ਮਜ਼ਦੂਰਾਂ ਨੂੰ ਕੈਦ ਕਰਨ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਇਹ ਵੀ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਬਠਿੰਡਾ ਜੇਲ੍ਹ ਵਿੱਚ 100 ਦੇ ਕ਼ਰੀਬ ਮਜ਼ਦੂਰ ਔਰਤਾਂ ਨੂੰ ਨਜ਼ਰਬੰਦ ਕੀਤਾ ਗਿਆ ਹੈ ਪ੍ਰੰਤੂ ਬਾਕੀ ਮਜ਼ਦੂਰ ਮਰਦ ਔਰਤਾਂ ਨੂੰ ਕਿਸ ਜੇਲ੍ਹ ਜਾਂ ਆਰਜੀ ਜੇਲ੍ਹ ਵਿੱਚ ਪ੍ਰਸ਼ਾਸਨ ਨੇ ਨਜ਼ਰਬੰਦ ਕੀਤਾ। ਪ੍ਰਸ਼ਾਸਨ ਉਹ ਦੱਸਣ ਲਈ ਤਿਆਰ ਨਹੀਂ।

ਸਭਾ ਨੇ ਮੰਗ ਕੀਤੀ ਹੈ ਕਿ ਨੇ ਸੂਬਾ ਸਰਕਾਰ ਅਤੇ ਸੰਗਰੂਰ ਪ੍ਰਸ਼ਾਸਨ ਬੇਗ਼ਮਪੁਰਾ ਵਸਾਉਣ ਤੋਂ ਰੋਕਣ ਲਈ ਗ੍ਰਿਫ਼ਤਾਰ ਮਜ਼ਦੂਰ ਮਰਦ ਔਰਤਾਂ ਦੀ ਸਮੇਤ ਗਿਣਤੀ ਜਨਤਕ ਕਰੇ ਕਿ ਉਹਨਾਂ ਨੂੰ ਕਿਸ ਕਿਸ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਹੋਇਆ ਹੈ ਤਾਂ ਕਿ ਫ਼ਿਕਰਮੰਦ ਪਰਿਵਾਰਾਂ ਨੂੰ ਉਹਨਾਂ ਦੇ ਆਪਣਿਆਂ ਦੀ ਸਹੀ ਸਲਾਮਤ ਹੋਣ ਦੀ ਜਾਣਕਾਰੀ ਮਿਲ ਸਕੇ। ਅਤੇ ਗ੍ਰਿਫ਼ਤਾਰ ਕੀਤੇ ਮਜ਼ਦੂਰਾਂ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ ਹੈ।

# ਲੋਕ ਚੇਤਨਾ ਮੰਚ, ਲਹਿਰਾਗਾਗਾ ਦੇ ਅਹੁਦੇਦਾਰਾਂ ਦੀ ਚੋਣ ਹੋਈ



**ਲਹਿਰਾਗਾਗਾ, (ਦਲਜੀਤ ਕੌਰ)** ਲੋਕ ਚੇਤਨਾ ਮੰਚ, ਲਹਿਰਾਗਾਗਾ ਦੀ ਇੱਕ ਅਹਿਮ ਮੀਟਿੰਗ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦੇ ਹੋਏ ਮੰਚ ਦੇ ਪ੍ਰੈੱਸ ਸਕੱਤਰ ਰਣਜੀਤ ਲਹਿਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਮੰਚ ਦੇ ਜਥੇਬੰਦਕ ਮਸਲੇ ਵਿਚਾਰੇ ਗਏ ਅਤੇ ਮੰਚ ਦੇ ਅਹੁਦੇਦਾਰਾਂ ਦੀ ਨਵੇਂ ਸਿਰਿਉਂ ਚੋਣ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਕਿਹਾ ਕਿ ਮੰਚ ਇੱਕ ਜ਼ਮਹੂਰੀ ਸੰਸਥਾ ਹੈ ਜਿਹੜੀ ਆਪਸੀ ਸਹਿਮਤੀ ਅਤੇ ਸਹਿਯੋਗ ਨਾਲ ਪਿਛਲੇ ਲੰਮੇ ਸਮੇਂ ਤੋਂ ਇਲਾਕੇ ਵਿੱਚ ਆਪਣੀ ਅਹਿਮ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਕਿਹਾ ਕਿ ਮੰਚ ਨੇ ਦਿੱਲੀ ਦੇ ਇਤਿਹਾਸਕ ਕਿਸਾਨ ਅੰਦੋਲਨ ਸਮੇਤ ਪੰਜਾਬ ਦੇ ਵੱਖ ਵੱਖ ਤਬਕਿਆਂ ਦੇ ਸੰਘਰਸ਼ਾਂ ਵਿੱਚ ਭਰਵੀਂ ਸ਼ਮੂਲੀਅਤ ਕਰਕੇ ਪੰਜਾਬ ਭਰ ਵਿੱਚ ਆਪਣਾ ਨਾਮ ਬਣਾਇਆ ਹੈ। ਮੰਚ ਵਿੱਚ ਹਰ ਇੱਕ ਨੂੰ ਸਾਥੀ ਆਪਣੇ ਵਿਚਾਰ ਤੱਥਾਂ ਤੇ ਬਾਦਲੀਲ ਰੱਖਣੇ ਚਾਹੀਦੇ ਹਨ ਤਾਂ ਕਿ ਜਥੇਬੰਦੀ ਮਜ਼ਬੂਤੀ ਨਾਲ ਅੱਗੇ ਵਧ ਸਕੇ। ਭਰਵੇਂ ਵਿਚਾਰ ਵਟਾਂਦਰੇ ਉਪਰੰਤ ਮੰਚ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਮੰਚ ਦੇ ਸੀਨੀਅਰ ਆਗੂ ਜਗਦੀਸ਼ ਪਾਪੜਾ ਨੇ ਪੈਨਲ ਪੇਸ਼ ਕੀਤਾ ਕੀਤਾ ਜਿਸਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਜਿਸ ਵਿੱਚ ਗਿਆਨ ਚੰਦ ਸ਼ਰਮਾ ਨੂੰ ਪ੍ਰਧਾਨ, ਮਾਸਟਰ ਹਰਭਗਵਾਨ ਗੁਰਨੇ ਨੂੰ ਸਕੱਤਰ, ਜਗਜੀਤ ਭੁਟਾਲ ਮੀਤ ਪ੍ਰਧਾਨ, ਗੁਰਚਰਨ ਸਿੰਘ ਨੂੰ ਖਜਾਨਚੀ, ਰਣਜੀਤ ਲਹਿਰਾ ਨੂੰ ਪ੍ਰੈਸ ਸਕੱਤਰ ਚੁਣਿਆ ਗਿਆ।

ਮੀਟਿੰਗ ਨੇ ਇੱਕ ਵਿਸ਼ੇਸ਼ ਮਤਾ ਪਾਸ ਕਰਕੇ ਪਿੱਛਲੇ ਦਿਨੀ ਸਿਆਸੀ ਸ਼ਹਿ ਪ੍ਰਾਪਤ ਭੋਂ ਮਾਫ਼ੀਆ ਵੱਲੋਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਮਾਸਟਰ ਨਿਰਭੈ ਸਿੰਘ ਖਾਈ ਤੇ ਕੀਤੇ ਕਾਤਲਾਨਾ ਹਮਲੇ ਖ਼ਿਲਾਫ਼ ਸਾਂਝੇ ਸੰਘਰਸ਼ ਵਿੱਚ ਪੂਰੀ ਤਾਕਤ ਨਾਲ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਗਿਆ। ਇੱਕ ਹੋਰ ਮਤੇ ਰਾਹੀਂ ਪੁ਼ਲਸ ਵੱਲੋਂ ਬੇਚਿਰਾਗ ਪਿੰਡ ਦੀ ਬੇਆਬਾਦ ਜ਼ਮੀਨ ਤੇ ਬੇਗਮਪੁਰਾ ਵਸਾਉਣ ਦੇ ਸੰਘਰਸ਼ ਵਿੱਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੈਂਕੜੇ ਕਾਰਕੁਨਾਂ ਨੂੰ ਗ੍ਰਿਫਤਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਮੀਟਿੰਗ ਵਿੱਚ 22 ਮਈ ਨੂੰ ਅਪ੍ਰੇਸ਼ਨ ਗਰੀਨ ਹੰਟ ਵਿਰੋਧੀ ਫਰੰਟ ਦੀ ਸੰਗਰੂਰ ਵਿਖੇ ਹੋਣ ਵਾਲੀ ਕਨਵੈਨਸ਼ਨ ਵਿੱਚ ਸ਼ਮੂਲੀਅਤ ਦਾ ਫੈਸਲਾ ਵੀ ਕੀਤਾ ਗਿਆ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਪਿਆਰਾ ਲਾਲ, ਮਾਸਟਰ ਰਘਬੀਰ ਭੁਟਾਲ, ਪੂਰਨ ਸਿੰਘ ਖਾਈ, ਮਹਿੰਦਰ ਸਿੰਘ, ਸ਼ਮਿੰਦਰ ਸਿੰਘ, ਵਰਿੰਦਰ ਭੁਟਾਲ, ਸੁਖਦੇਵ ਚੰਗਲੀਵਲਾ, ਪ੍ਰਵੀਨ ਖੋਖਰ, ਭੀਮ ਸਿੰਘ, ਰਾਮਚੰਦਰ ਸਿੰਘ ਖਾਈ, ਮਾਸਟਰ ਕੁਲਦੀਪ ਸਿੰਘ, ਡਾ: ਸੁਖਜਿੰਦਰ ਲਾਲੀ, ਗੁਰਪਿਆਰ ਸਿੰਘ, ਰਣਦੀਪ ਸੰਗਤਪੁਰਾ, ਜੋਰਾ ਸਿੰਘ ਗਾਗਾ, ਰਤਨਪਾਲ ਡੂਡੀਆਂ, ਤਰਸੇਮ ਭੋਲੂ ਨੇ ਵੀ ਸੰਬੋਧਨ ਕੀਤਾ।

# ਮਿੱਟੀ ਅਤੇ ਪਾਣੀ ਪਰਖ ਕਰਵਾਉਣ ਸਬੰਧੀ ਪਿੰਡ ਹੇੜੀਕੇ ਵਿਖੇ ਲਗਾਇਆ ਕੈਂਪ



**ਸੰਗਰੂਰ, (ਦਲਜੀਤ ਕੌਰ)** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਦਫ਼ਤਰ ਨੇ ਪਿੰਡ ਹੇੜੀਕੇ ਵਿਖੇ ਮਿੱਟੀ ਅਤੇ ਪਾਣੀ ਪਰਖ਼ ਕਰਵਾ ਕੇ ਹੀ ਰਸਾਇਣਿਕ ਖਾਦਾਂ ਪਾਉਣ ਸਬੰਧੀ ਇੱਕ ਦਿਨਾਂ ਸਿਖਲਾਈ ਕੈਂਪ ਲਗਾਇਆ। ਕੈਂਪ ਦੀ ਪ੍ਰਧਾਨਗੀ ਕਰਦੇ ਹੋਏ ਕੇਂਦਰ ਦੇ ਇੰਚਾਰਜ ਡਾ. ਅਸ਼ੋਕ ਕੁਮਾਰ ਗਰਗ, ਜ਼ਿਲ੍ਹਾ ਪਸਾਰ ਵਿਗਿਆਨੀ ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੇ ਨਮੂਨੇ ਲੈਣ ਦੇ ਢੰਗਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਮਿੱਟੀ ਪਰਖ਼ ਕਰਵਾ ਕੇ ਕਿਸਾਨਾਂ ਨੂੰ ਖੇਤ ਦੀ ਪੀ ਐੱਚ, ਲੂਣਾਂ ਦੀ ਮਾਤਰਾ, ਜੈਵਿਕ ਕਾਰਬਨ, ਫਾਸਫੋਰਸ ਅਤੇ ਪੋਟਾਸ਼ ਆਦਿ ਵੱਡੇ ਖੁਰਾਕੀ ਤੱਤਾਂ ਦੇ ਨਾਲ-ਨਾਲ ਛੋਟੇ ਖੁਰਾਕੀ ਤੱਤ ਜਿਵੇਂ ਕਿ ਜ਼ਿੰਕ, ਲੋਹਾ, ਤਾਂਬਾ ਅਤੇ ਮੈਂਗਨੀਜ਼ ਆਦਿ ਬਾਰੇ ਦੀ ਜਾਣਕਾਰੀ ਮਿਲਦੀ ਹੈ। ਕਿਸਾਨਾਂ ਨੂੰ ਯੂਰੀਆ ਖਾਦ ਦੀ ਸੰਜਮ ਨਾਲ ਵਰਤੋਂ ਕਰਨ ਲਈ ਪ੍ਰੇਰਦੇ ਹੋਏ ਡਾ। ਅਸ਼ੋਕ ਨੇ ਕਿਹਾ ਕਿ ਦਰਮਿਆਨੀਆਂ ਅਤੇ ਘੱਟ ਸਮੇਂ ਦੀਆਂ ਝੋਨੇ ਦੀਆਂ ਕਿਸਮਾਂ ਨੂੰ ਕਿਸਾਨ ਵੀਰ ਕੇਵਲ 90 ਕਿਲੋ ਯੂਰੀਆ ਹੀ ਪ੍ਰਤੀ ਏਕੜ ਪਾਉਣ। ਜ਼ਿੰਕ ਦੀ ਘਾਟ ਆਉਣ ਤੇ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ 16 ਕਿਲੋ ਪ੍ਰਤੀ ਏਕੜ ਜਾਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਪ੍ਰਤੀ ਏਕੜ ਪਾਇਆ ਜਾ ਸਕਦਾ ਹੈ। ਜੀਵਾਣੂੰ ਖਾਦ ਦੇ ਟੀਕੇ ਝੋਨੇ ਅਤੇ ਬਾਸਮਤੀ ਦੀ ਪੌਦ ਨੂੰ ਲਗਾਉਣ ਨਾਲ ਜਿੱਥੇ ਮਿੱਟੀ ਦੀ ਸਿਹਤ ਸੁਧਰਦੀ ਹੈ ਉੱਥੇ ਝਾੜ ਦੇ ਵਿੱਚ ਵੀ ਵਾਧਾ ਹੁੰਦਾ ਹੈ।

ਉਹਨਾਂ ਨੇ ਝੋਨੇ ਦੀ ਤੰਦਰੁਸਤ ਪਨੀਰੀ ਉਗਾਉਣ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਲੋਹੇ ਦੀ ਘਾਟ ਨੂੰ ਪੂਰਾ ਕਰਨ ਦੇ ਨੁਸਖੇ ਦੱਸੇ। ਝੋਨੇ ਦੀ ਪੀ ਆਰ 126 ਕਿਸਮ ਨੂੰ 15 ਜੁਲਾਈ ਤੋਂ ਪਹਿਲਾਂ ਹੀ ਲੁਆਈ ਲਈ ਪ੍ਰੇਰਿਆ। ਪਸ਼ੂਆਂ ਦੀ ਸਿਹਤ ਸੁਧਾਰ ਲਈ ਧਾਤਾਂ ਦੇ ਚੂਰੇ, ਪਸ਼ੂ ਚਾਟ ਅਤੇ ਬਾਈਪਾਸ ਫੈਟ ਆਦਿ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਝੋਨੇ ਦੀ ਪੀ ਆਰ 131 ਅਤੇ ਬਾਸਮਤੀ ਦੀ ਪੰਜਾਬ ਬਾਸਮਤੀ 7 ਕਿਸਮ ਦਾ ਬੀਜ ਵੀ ਸੇਲ ਲਈ ਉਪਲਬਧ ਕਰਵਾਇਆ ਗਿਆ।

ਕੈਂਪ ਦੇ ਅਖੀਰ ਵਿੱਚ ਸ. ਰਵਿੰਦਰ ਸਿੰਘ ਅਤੇ ਸ. ਜਸਪਾਲ ਸਿੰਘ ਨੂੰ ਨਾਲ ਲੈ ਕੇ ਪਿੰਡ ਦੇ ਕਿਸਾਨਾਂ ਨੇ ਮਿੱਟੀ ਦੇ ਨਮੂਨੇ ਲੈਣ ਲਈ ਖੇਤ ਵਿੱਚ ਜਾ ਕੇ ਮੌਕੇ ਤੇ ਹੀ ਮਿੱਟੀ ਦੇ ਨਮੂਨੇ ਇਕੱਤਰ ਕੀਤੇ। ਡਾ। ਅਸ਼ੋਕ ਕੁਮਾਰ ਨੇ ਕਿਸਾਨਾਂ ਨੂੰ ਖੇਤ ਨੂੰ ਦਰਸਾਉਂਦਾ ਹੋਇਆ ਮਿੱਟੀ ਦਾ ਨਮੂਨਾ ਤਿਆਰ ਕਰਕੇ ਦਿਖਾਇਆ। ਭਾਗ ਲੈ ਰਹੇ ਕਿਸਾਨਾਂ ਨੇ ਆਪਣੇ-ਆਪਣੇ ਖੇਤਾਂ ਦੀ ਮਿੱਟੀ ਦੀ ਜਾਂਚ ਕਰਵਾ ਕੇ ਹੀ ਖਾਦਾਂ ਪਾਉਣ ਲਈ ਆਪਣੀ ਉਤਸੁਕਤਾ ਦਿਖਾਈ ਅਤੇ ਜਲਦੀ ਤੋਂ ਜਲਦੀ ਨਮੂਨੇ ਇਕੱਤਰ ਕਰਕੇ ਦਫ਼ਤਰ ਪਹੁੰਚਾਉਣ ਦਾ ਵਾਅਦਾ ਕੀਤਾ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵਿਸ਼ਵ ਵਾਤਾਵਰਣ ਦਿਵਸ 2025 ਮਨਾਇਆ



**ਸੰਗਰੂਰ, (ਦਲਜੀਤ ਕੌਰ)** ਵਿਸ਼ਵ ਵਾਤਾਵਰਣ ਦਿਵਸ 2025 ਦੇ ਉਤਸ਼ਾਹੀ ਜਸ਼ਨ ਵਿੱਚ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਇੰਜੀਨੀਅਰ ਸਚਿਨ ਸਿੰਗਲਾ, ਇੰਜੀਨੀਅਰ ਜਗਪ੍ਰੀਤ ਸਿੰਘ, ਇੰਜੀਨੀਅਰ ਰਿਤਾਕਸ਼ੀ ਧਾਰੀਵਾਲ ਅਤੇ ਇੰਜੀਨੀਅਰ ਰੁਪਿੰਦਰ ਸਿੰਘ ਦੀ ਅਗਵਾਈ ਵਿੱਚ ਅਧਿਕਾਰੀਆਂ ਨੇ ਸਾਧੂ ਆਸ਼ਰਮ ਸਰਵ ਹਿਤਕਾਰੀ ਸੈਨੇਟ ਸਕੱਤਰ ਵਿਦਿਆ ਮੰਦਰ, ਸੰਗਰੂਰ ਵਿਖੇ ਇੱਕ ਦਿਲਚਸਪ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਇਸ ਸਾਲ ਦੇ ਵਿਸ਼ਵਵਿਆਪੀ ਥੀਮ, "ਪਲਾਸਟਿਕ ਪ੍ਰਦੂਸ਼ਣ ਦਾ ਮੁਕਾਬਲਾ ਕਰਨਾ" ਦੇ ਦੁਆਲੇ ਕੇਂਦਰਿਤ ਸੀ।

ਇਸਦਾ ਉਦੇਸ਼ ਨੌਜਵਾਨ ਮਨਾਂ ਵਿੱਚ ਵਾਤਾਵਰਣ ਦੀਆਂ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰਨਾ ਅਤੇ ਉਨ੍ਹਾਂ ਨੂੰ ਧਰਤੀ ਦੇ ਜ਼ਿੰਮੇਵਾਰ ਪ੍ਰਬੰਧਕ ਬਣਨ ਲਈ ਉਤਸ਼ਾਹਿਤ ਕਰਨਾ ਸੀ। ਇਸ ਦਿਨ ਨੂੰ ਵਾਤਾਵਰਣ-ਕੇਂਦ੍ਰਿਤ ਗਤੀਵਿਧੀਆਂ ਦੀ ਇੱਕ ਲੜੀ ਦੁਆਰਾ ਮਨਾਇਆ ਗਿਆ ਜਿਸ ਵਿੱਚ ਇੱਕ ਡਰਾਇੰਗ ਮੁਕਾਬਲਾ, ਭਾਸ਼ਣ ਮੁਕਾਬਲਾ, ਅਤੇ ਇੱਕ ਰੁੱਖ ਲਗਾਉਣ ਦੀ ਮੁਹਿੰਮ ਸ਼ਾਮਲ ਸੀ, ਜਿਨ੍ਹਾਂ ਸਾਰਿਆਂ ਵਿੱਚ 44 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਤਸ਼ਾਹਜਨਕ ਭਾਗੀਦਾਰੀ ਕੀਤੀ।

ਹਰੇ ਭਰੇ ਵਾਤਾਵਰਣ ਵਿੱਚ ਯੋਗਦਾਨ ਪਾਉਣ ਦੇ ਇੱਕ ਅਰਥਪੂਰਨ ਯਤਨ ਵਿੱਚ, ਪੀਪੀਸੀਬੀ ਦੇ ਅਧਿਕਾਰੀਆਂ, ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੇ ਮਿਲ ਕੇ ਸਕੂਲ ਕੈਂਪਸ ਵਿੱਚ ਪੌਦੇ ਲਗਾਏ, ਪ੍ਰਦੂਸ਼ਣ ਨੂੰ ਘਟਾਉਣ ਅਤੇ ਵਾਤਾਵਰਣ ਸੰਤੁਲਨ ਨੂੰ ਉਤਸ਼ਾਹਿਤ ਕਰਨ ਵਿੱਚ ਰੁੱਖਾਂ ਦੀ ਮਹੱਤਤਾ ਨੂੰ ਮਜ਼ਬੂਤ ਕੀਤਾ। ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੇ ਯਤਨਾਂ ਨੂੰ ਮਾਨਤਾ ਦੇਣ ਲਈ, ਪੀਪੀਸੀਬੀ ਨੇ ਜੇਤੂਆਂ ਨੂੰ ਇਨਾਮ ਵੰਡੇ, ਅਤੇ ਸਾਰੇ ਭਾਗੀਦਾਰਾਂ ਨੂੰ ਕੱਪੜੇ ਦੇ ਬੈਗ, ਪੌਦੇ ਅਤੇ ਰਿਫਰੈਸ਼ਮੈਂਟ ਪ੍ਰਦਾਨ ਕੀਤੇ।

ਪੀਪੀਸੀਬੀ ਸੰਗਰੂਰ ਤੋਂ ਇੰਜੀਨੀਅਰ ਸਚਿਨ ਸਿੰਗਲਾ (ਏਈਈ) ਅਤੇ ਇੰਜੀਨੀਅਰ ਰਿਤਾਕਸ਼ੀ ਧਾਰੀਵਾਲ (ਜੇਈਈ) ਨੇ ਨੌਜਵਾਨਾਂ ਨੂੰ ਵਾਤਾਵਰਣ ਸੰਬੰਧੀ ਮੁੱਦਿਆਂ ਬਾਰੇ ਸਿੱਖਿਅਤ ਕਰਨ ਦੀ ਮਹੱਤਤਾ 'ਤੇ ਚਾਨਣਾ ਪਾਇਆ।ਸਾਧੂ ਆਸ਼ਰਮ ਸਰਵਹਿਤਕਾਰੀ ਸੈਨ ਸਕੱਤਰ ਵਿਦਿਆ ਮੰਦਰ, ਸੰਗਰੂਰ ਦੇ ਪ੍ਰਧਾਨ ਸ਼੍ਰੀ ਅਛਵਿੰਦਰ ਦੇਵ ਗੋਇਲ ਨੇ ਪੀਪੀਸੀਬੀ ਟੀਮ ਦਾ ਧੰਨਵਾਦ ਕੀਤਾ।

ਇਹ ਸਮਾਗਮ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਦੁਆਰਾ ਪਲਾਸਟਿਕ ਦੀ ਵਰਤੋਂ ਘਟਾਉਣ, ਹੋਰ ਰੁੱਖ ਲਗਾਉਣ ਅਤੇ ਧਰਤੀ ਦੀ ਰੱਖਿਆ ਲਈ ਟਿਕਾਊ ਆਦਤਾਂ ਅਪਣਾਉਣ ਦੀ ਸਹੁੰ ਖਾਣ ਵਾਲੇ ਵਾਤਾਵਰਣ ਪ੍ਰਤੀ ਸਹੁੰ ਚੁੱਕਣ ਨਾਲ ਸਮਾਪਤ ਹੋਇਆ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 28 ਮਈ ਲਈ ''ਔਰਤਾਂ ਦੀ ਸਿਹਤ ਲਈ ਅੰਤਰਰਾਸ਼ਟਰੀ ਕਾਰਵਾਈ ਦਿਵਸ'' ਸਬੰਧੀ ਵਿਸ਼ੇਸ਼

ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰ ਸਿਰਫ਼ ਇੱਕ ਸਿਹਤ ਮੁੱਦਾ ਨਹੀਂ ਹੈ ਸਗੋਂ ਇਹ ਸਵੈਮਾਣ, ਅਜ਼ਾਦੀ ਅਤੇ ਸਮਾਨਤਾ ਦਾ ਮਾਮਲਾ ਹੈ। ਇਹ ਲਿੰਗ ਨਿਆਂ ਪ੍ਰਾਪਤ ਕਰਨ, ਸ਼ਰੀਰਕ ਖੁਦਮੁਖਤਿਆਰੀ ਦਾ ਦਾਅਵਾ ਕਰਨ ਅਤੇ ਸਮਾਵੇਸ਼ੀ ਟਿਕਾਊ ਭਵਿੱਖ ਬਣਾਉਣ ਲਈ ਕੇਂਦਰਿਤ ਹੈ ਫਿਰ ਵੀ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਢਾਂਚਾਗਤ ਅਸਮਾਨਤਾਵਾਂ, ਪ੍ਰਤੀਕਿਰਿਆਸ਼ੀਲ ਨੀਤੀਆਂ ਅਤੇ ਅਧਿਕਾਰ ਵਿਰੋਧੀ ਸਮੂਹਾਂ ਦਾ ਵੱਧਦਾ ਪ੍ਰਭਾਵ ਸੱਖ਼ਤ ਮਿਹਨਤ ਨਾਲ ਪ੍ਰਾਪਤ ਕੀਤੇ ਲਾਭਾਂ ਨੂੰ ਕਮਜ਼ੋਰ ਕਰਨਾ, ਅਸਮਾਨਤਾਵਾਂ ਨੂੰ ਡੂੰਘਾ ਕਰਨਾ ਅਤੇ ਲੱਖਾਂ ਹਾਸ਼ੀਏ ਤੇ ਧੱਕੇ ਗਏ ਭਾਈਚਾਰਿਆਂ ਨੂੰ ਜਿਨ੍ਹਾਂ ਵਿੱਚ ਨੌਜਵਾਨ, ਔਰਤਾਂ ਆਦਿ ਸ਼ਾਮਲ ਹਨ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਇਨਕਾਰ ਕਰਨਾ ਜਾਰੀ ਰੱਖਦਾ ਹੈ। ਹਰ ਸਾਲ 28 ਮਈ ਨੂੰ ਮਹਿਲਾਵਾਂ ਅਤੇ ਸਿਹਤ ਸੰਸਥਾਵਾਂ ਦੁਆਰਾ ਵਿਸ਼ਵ ਪੱਧਰ ਤੇ ਔਰਤਾਂ ਦੀ ਸਿਹਤ ਅਤੇ ਅਧਿਕਾਰਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ''ਔਰਤਾਂ ਦੀ ਸਿਹਤ ਲਈ ਅੰਤਰਰਾਸ਼ਟਰੀ ਕਾਰਵਾਈ ਦਿਵਸ'' ਜਿਸਨੂੰ ''ਅੰਤਰਰਾਸ਼ਟਰੀ ਮਹਿਲਾ ਸਿਹਤ ਦਿਵਸ'' ਵੀ ਕਿਹਾ ਜਾਂਦਾ ਹੈ ਮਨਾਇਆ ਜਾਂਦਾ ਹੈ। ਇਹ ਦਿਨ ਅਨਪੜ੍ਹ ਲੋਕਾਂ ਨੂੰ ਔਰਤਾਂ ਦੀ ਜਿਣਸੀ ਅਤੇ ਪ੍ਰਜਣਨ ਸਿਹਤ ਬਾਰੇ ਜਾਗਰੂਕਤਾ ਪ੍ਰਾਪਤ ਕਰਨ ਦਾ ਮੌਕਾ ਪੈਦਾ ਕਰਦਾ ਹੈ। ਹਰ ਸਾਲ ਇਹ ਦਿਨ ਔਰਤਾਂ ਅਤੇ ਸਿਹਤ ਸਮੂਹਾਂ ਦੁਆਰਾ ਮਨਾਇਆ ਜਾਂਦਾ ਹੈ। ਇਹ ਜਿਣਸੀ ਅਧਿਕਾਰਾਂ, ਲਿੰਗਿਕਤਾ, ਪ੍ਰਜਣਨ ਅਧਿਕਾਰਾਂ, ਸਿਹਤ ਆਦਿ ਦੀ ਮਾਨਤਾ ਲਈ ਇੱਕ ਪਲੇਟਫਾਰਮ ਹੈ। ਇਹ ਦਿਨ ਔਰਤਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੀਆਂ ਸਮਾਜਿਕ ਅਤੇ ਲਿੰਗਿਕ ਅਸਮਾਨਤਾਵਾਂ ਵਿਰੁੱਧ ਹੈ। ਇਹ ਚਿੰਤਾਜਨਕ ਹੈ ਕਿ ਇਹ ਅਸਮਾਨਤਾਵਾਂ ਵੱਖ-ਵੱਖ ਤਰੀਕਿਆਂ ਨਾਲ ਪ੍ਰਗਟ ਹੁੰਦੀਆਂ ਹਨ ਅਤੇ ਕਈ ਪੱਧਰਾਂ ਤੇ ਕੰਮ ਕਰਦੀਆਂ ਹਨ। ਇਹਨਾਂ ਵਿੱਚ ਔਰਤਾਂ ਦੇ ਆਪਣੇ ਸ਼ਰੀਰ ਅਤੇ ਸਿਹਤ ਦੇ ਅਧਿਕਾਰਾਂ ਦੇ ਨਾਲ-ਨਾਲ ਸਮਾਨਤਾ ਅਤੇ ਗੈਰ-ਵਿਤਕਰੇ ਦੇ ਅਧਿਕਾਰ ਸ਼ਾਮਲ ਹਨ। ਇਹ ਦਿਨ ਔਰਤਾਂ ਨੂੰ ਜਿਣਸੀ ਅਤੇ ਪ੍ਰਜਣਨ ਅਧਿਕਾਰਾਂ ਅਤੇ ਉਨ੍ਹਾਂ ਦੀ ਪ੍ਰਜਣਨ ਸਿਹਤ ਤੇ ਨਿਯੰਤਰਣ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਦਿਨ ਔਰਤਾਂ ਦੀ ਸਿਹਤ ਲਈ ਸਾਡਾ ਧਿਆਨ ਖੁਦਮੁਖਤਿਆਰੀ ਦੀ ਅਣਦੇਖੀ ਦੇ ਸਭ ਤੋਂ ਡੂੰਘੇ ਰੂਪਾਂ ਵੱਲ ਖਿੱਚਦਾ ਹੈ ਜਿਵੇਂ ਕਿ ਜ਼ਬਰਦਸਤੀ, ਵਿਤਕਰਾ ਅਤੇ ਹਿੰਸਾ ਜਿਵੇਂ ਕਿ ਅੱਜ ਸਾਡੇ ਸਮਾਜਾਂ ਵਿੱਚ ਬਹੁਤ ਸਾਰੀਆਂ ਔਰਤਾਂ ਅਤੇ ਕੁੜੀਆਂ ਦੁਆਰਾ ਅਨੁਭਵ ਕੀਤਾ ਜਾ ਰਿਹਾ ਹੈ। ਇਹ ਆਪਣੇ ਆਪ ਵਿੱਚ, ਆਪਣੇ ਆਪ ਨੂੰ ਅਤੇ ਨੇਤਾਵਾਂ ਨੂੰ ਕਾਰਵਾਈ ਕਰਨ ਲਈ ਪ੍ਰੇਰਿਤ ਕਰਨ ਲਈ ਕਾਫੀ ਹੋਣੇ ਚਾਹੀਦੇ ਹਨ ਫਿਰ ਵੀਮਾੜੀ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੀਆਂ ਬਣਤਰਾਂ ਦੀ ਨਿਰੰਤਰਤਾ ਨੂੰ ਰੋਕਣ ਲਈ ਲੋੜੀਂਦੀਆਂ ਸੁਰੱਖਿਆਵਾਂ ਨੂੰ ਲਾਗੂ ਕਰਨ ਵਿੱਚ ਅਸਫਲਤਾ ਹੈ। ਫੈਸਲਾ ਕਰਨ ਦੀ ਆਜ਼ਾਦੀ ਅਤੇ ਔਰਤਾਂ ਅਤੇ ਕੁੜੀਆਂ ਲਈ ਸੁਰੱਖਿਅਤ ਥਾਵਾਂ ਨਾ ਸਿਰਫ਼ ਉਹਨਾਂ ਲੋਕਾਂ ਦੁਆਰਾ ਬਣਾਈਆਂ ਗਈਆਂ ਹਨ ਜੋ ਉਹਨਾਂ ਦੇ ਆਲੇ ਦੁਆਲੇ ਹਨ ਸਗੋਂ ਉਹਨਾਂ ਰਾਜਨੀਤਕ ਅਤੇ ਆਰਥਿਕ ਢਾਂਚੇ ਦੁਆਰਾ ਵੀ ਬਣਾਏ ਗਏ ਹਨ ਜੋ ਸਾਡੇ ਸਮਾਜ ਨੂੰ ਅਕਾਰ ਦਿੰਦੇ ਹਨ। ਇਸਦਾ ਅਰਥ ਇਹ ਹੈ ਕਿ ਸਾਡੇ ਸਮਾਜਿਕ ਵਾਤਾਵਰਣ ਵਿੱਚ ਪਰਿਵਰਤਨਸ਼ੀਲ ਤਬਦੀਲੀ ਦੀ ਪ੍ਰਾਪਤੀ ਲਈ ਮਜ਼ਬੂਤ ਰਾਜਨੀਤਿਕ ਕਾਰਵਾਈ ਦੇ ਨਾਲ ਹੋਣ ਦੀ ਜ਼ਰੂਰਤ ਹੈ ਜੋ ਸਮਾਨਤਾ ਅਤੇ ਸਤਿਕਾਰਯੋਗ ਅੰਤਰ-ਵਿਅਕਤੀਗਤ ਸਬੰਧਾਂ-ਦੇਨਾਲ-ਨਾਲ ਇੱਕ ਅਜਿਹਾ ਹੈ ਜੋ ਕਿਸੇ ਵੀ ਰੂਪ ਵਿੱਚ ਹਿੰਸਾ ਨੂੰ ਬਰਦਾਸ਼ਤ ਨਹੀਂ ਕਰਦਾ ਹੈ। ਢਾਂਚਾਗਤ ਨਿਰਧਾਰਕਾਂ ਨੂੰ ਬਦਲਣ ਵਿੱਚ ਜੋ ਔਰਤਾਂ ਅਤੇ ਲੜਕੀਆਂ ਨੂੰ ਸਮਾਜਿਕ ਨੁਕਸਾਨ ਵਿੱਚ ਰੱਖਦੇ ਹਨ ਅਤੇ ਉਹਨਾਂ ਦੀ ਖੁਦਮੁਖਤਿਆਰੀ ਨੂੰ ਰੋਕਦੇ ਹਨ ਅਸੀਂ ਔਰਤਾਂ ਦੀ ਸਿਹਤ ਨੂੰ ਯਕੀਨੀ ਬਣਾਉਣ ਲਈ ਆਪਣੀ ਬਚਨਵੱਧਤਾ ਨੂੰ ਅੱਗੇ ਵਧਾਉਣਾ ਸ਼ੁਰੂ ਕਰ ਸਕਦੇ ਹਾਂ। ਲਿੰਗਿਕਅਧਾਰ ਤੇ ਸਮਾਜਿਕ, ਆਰਥਿਕ ਅਤੇ ਕਾਨੂੰਨੀ ਸਥਿਤੀਆਂ ਵਿੱਚ ਬਰਾਬਰੀ ਦੀ ਪ੍ਰਾਪਤੀ ਲਈ ਅਧਿਕਾਰਾਂ ਦੀ ਮਾਨਤਾ ਇੱਕ ਲੰਮਾ ਅਤੇ ਗੁੰਝਲਦਾਰ ਸੰਘਰਸ਼ ਰਿਹਾ ਹੈ। ਜੇਕਰ ਇਸ ਦਿਨ ਦਾ ਇਤਿਹਾਸ ਵੇਖੀਏ ਤਾਂ ਦੱਖਣੀ ਅਫ਼ਰੀਕਾ ਵਿੱਚ ਵੂਮੈਨਜ਼ ਗਲੋਬਲ ਨੈੱਟਵਰਕ ਫਾਰ ਰੀਪ੍ਰੋਡਕਟਿਵ ਰਾਈਟਸ ਦੇ ਮੈਂਬਰ 1987 ਵਿੱਚ ਮਿਲੇ ਅਤੇ ਫਿਰ ਮਹਿਲਾਵਾਂ ਦੀ ਸਿਹਤ ਲਈ ਅੰਤਰਰਾਸ਼ਟਰੀ ਕਾਰਵਾਈ ਦਿਵਸ ਦੀ ਸਥਾਪਨਾ ਕੀਤੀ। 1984 ਵਿੱਚ ਔਰਤਾਂ ਦੀ ਸਿਹਤ ਲਈ ਅੰਤਰਰਾਸ਼ਟਰੀ ਕਾਰਜ ਦਿਵਸ ਦਾ ਆਯੋਜਨ ਕਰਨ ਲਈ ਔਰਤਾਂ ਦੇ ਗਲੋਬਲ ਨੈੱਟਵਰਕ ਫਾਰ ਰੀਪ੍ਰੋਡਕਟਿਵ ਰਾਈਟਸ ਦੀ ਸਥਾਪਨਾ ਕੀਤੀ ਗਈ ਸੀ। ਦੱਖਣੀ ਅਫ਼ਰੀਕਾ ਦੀ ਸਰਕਾਰ ਨੇ 1999 ਵਿੱਚ ਇਸਨੂੰ ਰਸਮੀ ਤੌਰ ਤੇ ਮਾਨਤਾ ਦਿੱਤੀ ਅਤੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਸਥਾਪਨਾ ਨੇ ਜਿਣਸੀ ਅਤੇ ਪ੍ਰਜਣਨ ਸਿਹਤ ਲਈ ਔਰਤਾਂ ਦੇ ਅਧਿਕਾਰਾਂ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਦਾ ਇੱਕ ਮੌਕਾ ਪੈਦਾ ਕੀਤਾ। ਗੈਰ-ਸਿਹਤਮੰਦ ਪ੍ਰਣਾਲੀਆਂ ਨੂੰ ਕਾਇਮ ਰੱਖਣ ਤੋਂ ਬਚਣ ਲਈ ਸੁਰੱਖਿਆ ਉਪਾਅ ਕਰਨ ਦੇ ਯਤਨਾਂ ਦੀ ਘਾਟ ਹੈ। ਉਨ੍ਹਾਂ ਦੇ ਨਜ਼ਦੀਕੀ ਮਾਹੌਲ ਵਿੱਚ ਲੋਕਾਂ ਤੋਂ ਇਲਾਵਾ ਸਾਡੇ ਸਮਾਜ ਦਾ ਨਿਰਮਾਣ ਕਰਨ ਵਾਲੀਆਂ ਰਾਜਨੀਤਿਕ ਅਤੇ ਆਰਥਿਕ ਪ੍ਰਣਾਲੀਆਂ ਔਰਤਾਂ ਅਤੇ ਲੜਕੀਆਂ ਲਈ ਸੁਰੱਖਿਅਤ ਸਥਾਨਾਂ ਦੀ ਸਥਾਪਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਸਮਾਜਿਕ ਪਰਿਵਰਤਨ ਲਈ ਆਪਸੀ ਪਰਸਪਰ ਪ੍ਰਭਾਵ ਅਤੇ ਹਿੰਸਾ ਦੇ ਖਾਤਮੇ ਵਿੱਚ ਸਮਾਨਤਾ ਅਤੇ ਆਪਸੀ ਸਨਮਾਨ ਨੂੰ ਉਤਸ਼ਾਹਿਤ ਕਰਨ ਲਈ ਰਾਜਨੀਤਿਕ ਕਾਰਵਾਈ ਦੀ ਲੋੜ ਹੁੰਦੀ ਹੈ। ਔਰਤਾਂ ਦੀ ਸਿਹਤ ਨੂੰ ਸਮੂਹਿਕ ਤੌਰ ਤੇ ਅਤੇ ਵਿਅਕਤੀਗਤ ਤੌਰ ਤੇ ਸਸ਼ਕਤੀਕਰਣ ਦੁਆਰਾ ਬਿਹਤਰ ਢੰਗ ਨਾਲ ਯਕੀਨੀ ਬਣਾਇਆ ਜਾ ਸਕਦਾ ਹੈ। ਖੁਦਮੁਖਤਿਆਰੀ ਜੋਕਿ ਪ੍ਰਾਚੀਨ ਯੂਨਾਨੀ ਸਵੈ ਅਤੇ ਰਿਵਾਜ ਜਾਂ ਕਾਨੂੰਨ ਤੋਂ ਉਤਪੰਨ ਹੁੰਦੀ ਹੈ ਇੱਕ ਵਿਅਕਤੀ ਦੀ ਜੀਵਨ ਵਿੱਚ ਆਪਣੇ ਨਿਯਮ ਬਣਾਉਣ ਅਤੇ ਸੁਤੰਤਰ ਤੌਰ ਤੇ ਫੈਸਲੇ ਲੈਣ ਦੀ ਯੋਗਤਾ ਨੂੰ ਦਰਸਾਉਂਦੀ ਹੈ। ਇਹ ਸਵਾਲ ਕਿ ਅਸਲ ਜੀਵਨ ਵਿੱਚ ਕਿਸ ਹੱਦ ਤੱਕ ਖੁਦਮੁਖਤਿਆਰੀ ਮੌਜੂਦ ਹੋ ਸਕਦੀ ਹੈ ਅਤੇ ਕਿਸ ਰੂਪ ਵਿੱਚ ਬਹੁਤ ਸਾਰੇ ਵਿਦਵਾਨਾਂ ਨੂੰ ਇਸ ਗੱਲ ਨੇ ਘੇਰਿਆ ਹੋਇਆ ਹੈ ਕਿ ਕਿਸੇ ਦੇ ਫੈਸਲਿਆਂ ਜਾਂ ਕੰਮਾਂ ਤੇ ਕੋਈ ਬਾਹਰੀ ਦਖਲ ਅੰਦਾਜ਼ੀ ਖੁਦਮੁਖਤਿਆਰੀ ਤੇ ਲਾਜ਼ਮੀ ਤੌਰ ਤੇ ਪ੍ਰਭਾਵ ਪਾਵੇਗੀ। ਔਰਤਾਂ ਦੇ ਮਨੁੱਖੀ ਅਧਿਕਾਰਾਂ ਅਤੇ ਖਾਸ ਤੌਰ ਤੇ ਜਿਣਸੀ ਅਤੇ ਪ੍ਰਜਣਨ ਅਧਿਕਾਰਾਂ ਦੀ ਦੁਨੀਆ ਭਰ ਵਿੱਚ ਯੋਜਨਾਬੱਧ ਢੰਗ ਨਾਲ ਉਲੰਘਣਾ ਹੁੰਦੀ ਰਹਿੰਦੀ ਹੈ। ਅਸੀਂ ਯੁੱਧਾਂ, ਬੇਇਨਸਾਫ਼ੀਆਂ, ਸੰਕਟਾਂ ਅਤੇ ਤਾਨਾਸ਼ਾਹੀ ਕਾਰਨ ਅਸ਼ਾਂਤ ਸਮੇਂ ਦੇ ਮੋੜ ਵਿੱਚ ਹਾਂ ਹਾਲਾਂਕਿ ਇਹ ਸਾਨੂੰ ਅਜਿਹੇ ਭਵਿੱਖ ਲਈ ਬਚਨਬੱਧਤਾ ਲਈ ਵਿਸ਼ਵ ਨੇਤਾਵਾਂ ਦੀ ਮੰਗ ਕਰਨ ਦੇ ਮਹੱਤਵਪੂਰਨ ਮੌਕੇ ਵੀ ਪੇਸ਼ ਕਰਦਾ ਹੈ ਜਿੱਥੇ ਔਰਤਾਂ, ਲੜਕੀਆਂ ਅਤੇ ਲਿੰਗਿਕ ਵਿਭਿੰਨ ਲੋਕਾਂ ਦੇ ਜਿਣਸੀ ਅਤੇ ਪ੍ਰਜਣਨ ਸਿਹਤ ਅਧਿਕਾਰ ਨੂੰ ਪੂਰਾ ਕੀਤਾ ਅਤੇ ਸੁਰੱਖਿਅਤ ਕੀਤਾ ਜਾਂਦਾ ਹੈ ਅਤੇ ਅੱਗੇ ਵਧਾਇਆ ਜਾਂਦਾ ਹੈ। ਇਸ ਵਿੱਚ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਹਰ ਕਿਸੇ ਕੋਲ ਜ਼ਬਰਦਸਤੀ ਅਤੇ ਵਿਤਕਰੇ ਤੋਂ ਮੁੱਕਤ ਆਪਣੇ ਸਰੀਰ ਅਤੇ ਭਵਿੱਖ ਬਾਰੇ ਫੈਸਲੇ ਲੈਣ ਦੀ ਸ਼ਕਤੀ ਹੈ। ਸਾਰੇ ਵਿਅਕਤੀਆਂ ਦੀ ਆਜ਼ਾਦੀ, ਨਿਆਂ ਅਤੇ ਅਧਿਕਾਰਾਂ ਪ੍ਰਤੀ ਵਚਨਬੱਧਤਾਵਾਂ ਨੂੰ ਨਸਲਕੁਸ਼ੀ, ਯੁੱਧਾਂ ਅਤੇ ਸੰਘਰਸ਼ਾਂ ਨੂੰ ਖਤਮ ਕਰਨ ਤੱਕ ਵਧਾਉਣਾ ਚਾਹੀਦਾ ਹੈ।ਵਿਸ਼ਵ ਪੱਧਰ ਤੇ ਅਸੀਂ ਸਿਹਤ, ਅਧਿਕਾਰਾਂ ਅਤੇ ਨਿਆਂ ਵਿੱਚ ਅੱਗੇ ਵਧਦੇ ਹੋਏ ਦੇਖ ਰਹੇ ਹਾਂ ਅਤੇਬਹੁਤੇ ਲੋਕਾਂ ਨੂੰ ਜਿਣਸੀ ਅਤੇ ਪ੍ਰਜਣਨ ਸਿਹਤ ਦੇ ਨੇੜੇ ਲੈਕੇ ਜਾ ਰਹੇ ਹਾਂ ਜੋ ਅਸਲ ਵਿੱਚ ਪਹੁੰਚਯੋਗ ਅਤੇ ਕਿਫਾਇਤੀ ਹੈ। ਫਰਾਂਸ ਅਧਿਕਾਰਤ ਤੌਰ ਤੇ ਆਪਣੇ ਸੰਵਿਧਾਨ ਦੇ ਅੰਦਰ ਗਰਭਪਾਤ ਦੇ ਅਧਿਕਾਰਾਂ ਨੂੰ ਸਪੱਸ਼ਟ ਤੌਰ ਤੇ ਮਾਨਤਾ ਦੇਣ ਵਾਲਾ ਵਿਸ਼ਵ ਦਾ ਪਹਿਲਾ ਦੇਸ਼ ਬਣ ਗਿਆ ਹੈ। ਇਹ ਇਤਿਹਾਸਕ ਫੈਸਲਾ ਬਾਕੀ ਯੂਰਪ ਅਤੇ ਗਲੋਬਲ ਉੱਤਰੀ ਦੇਸ਼ਾਂ ਲਈ ਪਾਲਣਾ ਕਰਨ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹੈ ਅਤੇ ਉਹਨਾਂ ਉਪਾਵਾਂ ਦੀ ਪੁਸ਼ਟੀ ਕਰਦਾ ਹੈ ਜੋ ਲਿੰਗਿਕ ਅਧਿਕਾਰਾਂ ਅਤੇ ਜਿਣਸੀ ਅਤੇ ਪ੍ਰਜਣਨ ਸਿਹਤ ਦੀ ਨਿਰੰਤਰ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ। ਸਤੰਬਰ 2023 ਵਿੱਚ ਮੈਕਸੀਕੋ ਨੇ ਗਰਭਪਾਤ ਨੂੰ ਗੈਰ-ਅਪਰਾਧਿਤ ਘੋਸ਼ਿਤ ਕੀਤਾ ਹੈਅਤੇ ਸੁਰੱਖਿਅਤ ਗਰਭਪਾਤ ਲਈ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਕਿਹਾ ਹੈ। ਤਨਜ਼ਾਨੀਆ ਨੇ ਗਰਭਪਾਤ ਅਤੇ ਇਸ ਦੀਆਂ ਜਟਿਲਤਾਵਾਂ ਕਾਰਨ ਮਾਵਾਂ ਦੀ ਬਿਮਾਰੀ ਅਤੇ ਮੌਤ ਦਰ ਨੂੰ ਸੰਬੋਧਿਤ ਕਰਨ ਲਈ ਗੱਠਜੋੜ ਦੇ ਸਮੂਹਿਕ ਯਤਨਾਂ ਦੁਆਰਾ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਨੇਪਾਲ ਨੇ ਨਵੰਬਰ 2023 ਵਿੱਚ ਸਮਲਿੰਗੀ ਵਿਆਹਾਂ ਦੀ ਰਜਿਸਟਰੇਸ਼ਨ ਨੂੰ ਮੰਨਜ਼ੂਰੀ ਦਿੱਤੀ ਸੀ। ਇਸ ਦੌਰਾਨ ਜਾਪਾਨ ਵਿੱਚ ਵੀ ਇਸੇ ਤਰ੍ਹਾਂ ਦੀ ਤਰੱਕੀ ਹੋ ਰਹੀ ਹੈ ਕਿਉਂਕਿ ਅਦਾਲਤਾਂ ਨੇ ਫੈਸਲਾ ਦਿਤਾ ਹੈ ਜੋ ਸਮਲਿੰਗੀ ਵਿਆਹ ਨੂੰ ਗੈਰ-ਸੰਵਿਧਾਨਕ ਮੰਨਣ ਤੋਂ ਇਨਕਾਰ ਕਰਦਾ ਹੈ ਅਤੇ ਕਾਨੂੰਨ ਨਿਰਮਾਤਾਵਾਂ ਨੂੰ ਸਮਲਿੰਗੀ ਵਿਆਹ ਨੂੰ ਕਾਨੂੰਨੀ ਬਣਾਉਣ ਦੀ ਅਪੀਲ ਕਰਦਾ ਹੈ।ਇੱਕ ਪਾਸੇ ਜਿਣਸੀ ਅਤੇ ਪ੍ਰਜਣਨ ਸਿਹਤ ਸਬੰਧੀ ਪ੍ਰਗਤੀਸ਼ੀਲ ਨੀਤੀਆਂ ਅਤੇ ਪ੍ਰੋਗਰਾਮ ਸੁਰੱਖਿਅਤ ਗਰਭਪਾਤ ਸਮੇਤ ਇਹਨਾਂ ਸੇਵਾਵਾਂ ਦੀ ਗੁਣਵੱਤਾ ਨੂੰ ਬਹੁਤ ਅੱਗੇ ਵਧਾ ਸਕਦੇ ਹਨ, ਮਾਵਾਂ ਦੀ ਮੌਤ ਦਰ ਘਟਾਉਣ ਅਤੇ ਲੰਬੇ ਸਮੇਂ ਦੇ ਸਿਹਤ ਮੁੱਦਿਆਂ ਵਿੱਚ ਯੋਗਦਾਨ ਪਾ ਸਕਦੇ ਹਨ ਅਤੇ ਸਮੁੱਚੀ ਸਿਹਤ ਵਿੱਚ ਸੁਧਾਰ ਕਰ ਸਕਦੇ ਹਨ। ਇਹ ਲੋਕਾਂ ਨੂੰ ਆਪਣੇ ਅਧਿਕਾਰਾਂ ਦਾ ਦਾਅਵਾ ਕਰਨ ਅਤੇ ਉਹਨਾਂ ਦੀ ਵਰਤੋਂ ਕਰਨ ਲਈ ਸ਼ਕਤੀ ਪ੍ਰਦਾਨ ਕਰਨ ਵੱਲ ਮਹੱਤਵਪੂਰਨ ਕਦਮ ਹਨ ਪਰ ਦੂਜੇ ਪਾਸੇ ਹਾਲਾਂਕਿ ਨਿਆਂ ਅਤੇ ਢਾਂਚਾਗਤ ਅਸਮਾਨਤਾਵਾਂ ਨੂੰ ਸੰਬੋਧਿਤ ਕੀਤੇ ਬਿਨਾਂ, ਪਹੁੰਚ ਸਿਰਫ ਅਮੀਰ, ਯੋਗ ਸ਼ਰੀਰ ਵਾਲੇ ਅਤੇ ਵਿਸ਼ੇਸ਼ ਅਧਿਕਾਰਾਂ ਦੇ ਹੋਰ ਪੱਧਰਾਂ ਵਾਲੇ ਲੋਕਾਂ ਲਈ ਰਾਖਵੀਂ ਰੱਖੀ ਜਾ ਸਕਦੀ ਹੈ। ਥਾਈਲੈਂਡ, ਜਾਪਾਨ, ਭਾਰਤ ਅਤੇ ਮੈਕਸੀਕੋ ਦੇ ਕੇਸਾਂ ਵਿੱਚ ਗਰਭਪਾਤ ਨੂੰ ਅਪਰਾਧਕ ਕਰਾਰ ਦਿੱਤੇ ਜਾਣ ਅਤੇ ਕਾਨੂੰਨੀ ਵਿਵਸਥਾਵਾਂ ਹੋਣ ਦੇ ਬਾਵਜੂਦ ਬਹੁਤ ਸਾਰੇ ਲੋਕਾਂ ਵਿੱਚ ਸੁਰੱਖਿਅਤ ਗਰਭਪਾਤ ਦੀ ਪਹੁੰਚ ਨੂੰ ਅਕਸਰ ਸਿਹਤ ਸੰਭਾਲ ਵਜੋਂ ਕਿਹਾ ਜਾਂਦਾ ਹੈ ਜੋ ਸਿਰਫ ਅਮੀਰ ਅਤੇ ਯੋਗ ਸਰੀਰ ਵਾਲੇ ਹੀ ਬਰਦਾਸ਼ਤ ਕਰ ਸਕਦੇ ਹਨ। ਦੁਨੀਆ ਵਿੱਚ ਕਾਨੂੰਨੀ ਪਾਬੰਦੀਆਂ ਨੇ ਗਰਭਵਤੀ ਵਿਅਕਤੀਆਂ ਨੂੰ ਸੁਰੱਖਿਅਤ ਗਰਭਪਾਤ ਤੱਕ ਪੂਰੀ ਤਰ੍ਹਾਂ ਪਹੁੰਚ ਕਰਨ ਵਿੱਚ ਰੁਕਾਵਟ ਪਾਈ ਹੈ। ਲਗਾਤਾਰ ਵਿਤਕਰਾ ਅਤੇ ਕੁਝ ਮਾਮਲਿਆਂ ਵਿੱਚ ਵਿਭਿੰਨ ਜਿਣਸੀ ਰੁਝਾਨ, ਲਿੰਗਿਕ ਸਮੀਕਰਨ, ਪਛਾਣ ਦਾ ਪੂਰੀ ਤਰ੍ਹਾਂ ਅਪਰਾਧੀਕਰਨ ਟਰਾਂਸ ਅਤੇ ਲਿੰਗਿਕਤੌਰ ਤੇ ਗੈਰ-ਅਨੁਕੂਲ ਵਿਅਕਤੀਆਂ ਲਈ ਜਾਨਲੇਵਾ ਹੈ ਕਿਉਂਕਿ ਉਹਨਾਂ ਨੂੰ ਹਾਂ-ਪੱਖੀ ਦੇਖਭਾਲ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਸ ਸਬੰਧੀ ਕਲੰਕ, ਭਾਸ਼ਾ, ਸ਼ਹਿਰੀ-ਪੇਂਡੂ ਵੰਡ ਅਤੇ ਤਕਨਾਲੋਜੀ ਤੱਕ ਪਹੁੰਚ ਵਧੇਰੇ ਪ੍ਰਣਾਲੀਗਤ ਚੁਣੌਤੀਆਂ ਹਨ ਜੋ ਜਰੂਰਤਮੰਦ ਵਿਅਕਤੀਆਂ ਨੂੰ ਲੋੜੀਂਦੀ ਸਿਹਤ ਦੇਖਭਾਲ ਤੱਕ ਪਹੁੰਚ ਕਰਨ ਤੋਂ ਰੋਕਦੀਆਂ ਹਨ। ਪਿਛਲੇ ਕੁੱਝ ਸਾਲਾਂ ਦੀਆਂ ਘਟਨਾਵਾਂ ਨੇ ਤਾਨਾਸ਼ਾਹੀ, ਯੁੱਧ ਸਬੰਧੀ ਅੱਤਿਆਚਾਰ, ਕੁਦਰਤੀ ਆਫ਼ਤਾਂ, ਜਲਵਾਯੂ ਅਤੇ ਹੋਰ ਸੰਕਟਾਂ ਨੂੰ ਸਪੱਸ਼ਟ ਕੀਤਾ ਜੋ ਕਾਰਵਾਈ ਦੀ ਮੰਗ ਕਰਦੇ ਹਨ। ਯੂਕਰੇਨ ਤੋਂ ਲੈ ਕੇ ਫਲਸਿਤੀਨ ਤੱਕ, ਸੁਡਾਨ ਤੋਂ ਯਮਨ ਤੱਕ, ਅਤੇ ਈਰਾਨ ਤੋਂ ਮਿਆਂਮਾਰ ਤੱਕ, ਔਰਤਾਂ, ਬੱਚੇ ਅਤੇ ਲਿੰਗਿਕ-ਵਿਭਿੰਨ ਲੋਕ ਇਨ੍ਹਾਂ ਸਮੱਸਿਆਵਾਂ ਦਾ ਸ਼ਿਕਾਰ ਹਨ। ਇਹਨਾਂ ਟਕਰਾਅ ਵਾਲੇ ਖੇਤਰਾਂ ਵਿੱਚ ਲੋਕ ਸਿਹਤ ਸੰਭਾਲ ਵਰਗੀਆਂ ਬੁਨਿਆਦੀ ਲੋੜਾਂ ਤੱਕ ਪਹੁੰਚ ਤੋਂ ਬਿਨਾਂ ਗਰਭ ਧਾਰਨ ਕਰਨ, ਅਣਚਾਹੇ ਬੱਚਿਆਂ ਨੂੰ ਜਨਮ ਦੇਣ ਅਤੇ ਉਨ੍ਹਾਂਦੀ ਪਾਲਣਾ ਕਰਨ ਲਈ ਮਜਬੂਰ ਹਨ। ਨਸਲਕੁਸ਼ੀ ਦੀਆਂ ਕਾਰਵਾਈਆਂ ਦੌਰਾਨ ਫਲਿਸਤੀਨ ਵਿੱਚ 70% ਮੌਤਾਂ ਔਰਤਾਂ ਅਤੇ ਕੁੜੀਆਂ ਦੀ ਹਨ ਜਦੋਂ ਕਿ 50000 ਤੋਂ ਵੱਧ ਗਰਭਵਤੀ ਵਿਅਕਤੀ ਸਹੀ ਡਾਕਟਰੀ ਦੇਖਭਾਲ ਤੋਂ ਬਿਨਾਂ ਬੱਚਿਆਂ ਨੂੰ ਜਨਮ ਦੇਣਗੇ। ਮੈਡੀਕਲ ਸਹੂਲਤਾਂ ਅਤੇ ਸਿਹਤ ਕਰਮਚਾਰੀਆਂ ਤੇ ਵਾਰ-ਵਾਰ ਹਮਲਿਆਂ, ਹਸਪਤਾਲਾਂ ਨੂੰ ਜ਼ਬਰਦਸਤੀ ਬੰਦ ਕਰਨ ਅਤੇ ਹਥਿਆਰਬੰਦ ਧੜਿਆਂ ਦੁਆਰਾ ਸਿਹਤ ਸੰਭਾਲ ਸਹੂਲਤਾਂ ਤੇ ਕਬਜ਼ੇ ਕਾਰਨ ਸੁਡਾਨ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਬਹੁਤ ਨੁਕਸਾਨ ਝੱਲਣਾ ਪਿਆ ਹੈ।




ਇਰਾਨ ਵਿੱਚ ਹਰ ਮਹੀਨੇ ਮਹਿਲਾ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ ਨੂੰ ਬੇਇਨਸਾਫੀ ਨਾਲ ਗ੍ਰਿਫਤਾਰ, ਕੈਦ ਅਤੇ ਕਤਲ ਕੀਤਾ ਜਾ ਰਿਹਾ ਹੈ। ਤੁਰਕੀ ਅਤੇ ਸੀਰੀਆ ਵਿੱਚ ਭੁਚਾਲਾਂ ਨੇ ਬਹੁਤ ਸਾਰੀਆਂ ਗਰਭਵਤੀ ਔਰਤਾਂ ਨੂੰ ਜ਼ਰੂਰੀ ਪ੍ਰਜਣਨ ਸਿਹਤ ਸੰਭਾਲ ਸੇਵਾਵਾਂ ਤੱਕ ਪਹੁੰਚਣ ਤੋਂ ਬਿਨਾਂ ਹੀ ਛੱਡ ਦਿੱਤਾ ਹੈ। 2023 ਵਿੱਚ ਸੰਯੁਕਤ ਰਾਸ਼ਟਰ ਆਬਾਦੀ ਫੰਡ ਦੇ ਆਧਾਰ ਤੇ ਤੁਰਕੀ ਵਿੱਚ 226000 ਤੋਂ ਵੱਧ ਗਰਭਵਤੀ ਔਰਤਾਂ ਅਤੇ ਭੂਚਾਲ ਤੋਂ ਬਚਣ ਵਾਲਿਆਂ ਵਿੱਚੋਂ 130000 ਸੀਰੀਆ ਵਿੱਚ ਪ੍ਰਜਣਨ ਸਿਹਤ ਦੇਖਭਾਲ ਤੱਕ ਤੁਰੰਤ ਪਹੁੰਚ ਦੀ ਲੋੜ ਸੀ। ਵਿਸ਼ਵਵਿਆਪੀ ਤੌਰ ਤੇ ਮਨੁੱਖੀ ਅਧਿਕਾਰਾਂ ਸਬੰਧੀ ਇਨ੍ਹਾਂ ਪ੍ਰਤੀਕਰਮਾਂ ਨੇ ਸਭ ਦੇ ਜਿਣਸੀ ਅਤੇ ਪ੍ਰਜਣਨ ਸਿਹਤ ਦੀ ਪੂਰੀ ਪ੍ਰਾਪਤੀ ਲਈ ਕਾਇਮ ਰਹਿਣ ਲਈ ਅੰਤਰ-ਅੰਦੋਲਨ ਏਕਤਾ ਵਿੱਚ ਕੰਮ ਕਰ ਰਹੇ ਸੰਗਠਨਾਂ ਅਤੇ ਕਾਰਕੁਨਾਂ ਨੂੰ ਨਹੀਂ ਰੋਕਿਆ ਹੈ। ਇਸ 28 ਮਈ ਨੂੰ ਵਿਸ਼ਵ ਪੱਧਰ ਤੇ ਜੋ ਲਾਭ ਅਸੀਂ ਦੇਖਦੇ ਹਾਂ ਉਹ ਸਾਡੇ ਮਾਰਗਦਰਸ਼ਕ ਵਜੋਂ ਖੜ੍ਹੇ ਹੁੰਦੇ ਹਨ ਅਤੇ ਇਸ ਗੱਲ ਦੀ ਮਜ਼ਬੂਤ ਯਾਦ ਦਿਵਾਉਂਦੇ ਹਨ ਕਿ ਸਾਨੂੰ ਆਪਣੀਆਂ ਜਿੱਤਾਂ ਨੂੰ ਕਿਵੇਂ ਮਜ਼ਬੂਤ ਕਰਨਾ ਚਾਹੀਦਾ ਹੈ। ਅਸੀਂ ਸਿਹਤ, ਅਧਿਕਾਰਾਂ ਅਤੇ ਨਿਆਂ ਨੂੰ ਅੱਗੇ ਵਧਾਉਣ, ਆਪਣੇ ਲਾਭਾਂ ਦੀ ਰੱਖਿਆ ਕਰਨ ਅਤੇ ਸਰਕਾਰਾਂ ਤੋਂ ਮਨੁੱਖੀ ਅਧਿਕਾਰਾਂ ਦੀਆਂ ਵਚਨਬੱਧਤਾਵਾਂ ਨੂੰ ਕਾਇਮ ਰੱਖਣ ਦੀ ਮੰਗ ਕਰਦੇ ਹਾਂ।ਸਾਲ 2024 ਵਿੱਚ ਵਿਸ਼ਵ ਪੱਧਰ ਤੇ 70 ਤੋਂ ਵੱਧ ਰਾਸ਼ਟਰੀ ਚੋਣਾਂ ਹੋਈਆਂ ਅਤੇ ਇਹਨਾਂ ਚੋਣ ਨਤੀਜਿਆਂ ਦੇ ਪ੍ਰਭਾਵ 2025 ਦੇ ਸ਼ੁਰੂ ਵਿੱਚ ਮਹਿਸੂਸ ਕੀਤੇ ਜਾ ਰਹੇ ਹਨ ਖਾਸ ਕਰਕੇ ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰਾਂ ਸਬੰਧੀ।ਹਰ ਸਾਲ ਉਸ ਦਿਨ ਦੀ ਮਹੱਤਤਾ ਬਾਰੇ ਗਿਆਨ ਪ੍ਰਾਪਤ ਕਰਨ ਲਈ ਥੀਮ ਨਿਰਧਾਰਤ ਕੀਤਾ ਜਾਂਦਾ ਹੈ। ਔਰਤਾਂ ਦੀ ਸਿਹਤ ਲਈ ਅੰਤਰਰਾਸ਼ਟਰੀ ਕਾਰਜ ਦਿਵਸ 2025 ਦਾ ਥੀਮ ''ਖ਼ਤਰਿਆਂ ਅਤੇ ਮੌਕਿਆਂ ਦੇ ਗੰਭੀਰ ਸਮੇਂ ਵਿੱਚ ਗਤੀਸ਼ੀਲਤਾ'' ਹੈ। ਔਰਤਾਂ ਦੀ ਸਿਹਤ ਲਈ ਅੰਤਰਰਾਸ਼ਟਰੀ ਕਾਰਜ ਦਿਵਸ ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰ ਦੁਨੀਆ ਭਰ ਵਿੱਚ ਔਰਤਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਇੱਕ ਮੁਹਿੰਮ ਹੈ। ਦੁਨੀਆ ਦੇ ਕਿਸੇ ਵੀ ਹਿੱਸੇ ਦੀਆਂ ਔਰਤਾਂ ਨੂੰ ਲੋਕਾਂ ਤੋਂ ਸਤਿਕਾਰ ਮਿਲੇਗਾ। ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰਾਂ ਵਿੱਚ ਕੁੱਝ ਅਧਿਕਾਰ ਸ਼ਾਮਲ ਹਨ ਜਿਵੇਂ ਕਿ ਔਰਤਾਂ ਨੂੰ ਲਿੰਗਿਕਤਾ, ਜਿਣਸੀ ਸਿੱਖਿਆ, ਜਣੇਪਾ ਦੇਖਭਾਲ, ਸਾਥੀ ਦੀ ਚੋਣ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। ਕੁੱਝ ਮੁੱਦਿਆਂ ਜਿਨ੍ਹਾਂ ਬਾਰੇ ਔਰਤਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਉਹ ਹਨ ਔਰਤਾਂ ਨੂੰ ਕਿਸੇ ਵੀ ਬਿਮਾਰੀ ਤੋਂ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ, ਔਰਤਾਂ ਨੂੰ ਡਾਕਟਰੀ ਮੁੱਦਿਆਂ ਅਤੇ ਧਾਰਨਾਵਾਂ ਆਦਿ ਤੋਂ ਜਾਣੂ ਹੋਣਾ ਚਾਹੀਦਾ ਹੈ। ਅੰਤਰਰਾਸ਼ਟਰੀ ਪੱਧਰ ਤੇ ਔਰਤਾਂ ਦੀ ਸਥਿਤੀ ਬਾਰੇ ਆਯੋਗ ਦਾ 69ਵਾਂ ਸੈਸ਼ਨ ਮਾਰਚ ਵਿੱਚ ਸਹਿਮਤੀ ਨਾਲ ਇੱਕ ਰਾਜਨੀਤਿਕ ਘੋਸ਼ਣਾ ਪੱਤਰ ਅਪਣਾਉਣ ਨਾਲ ਸਮਾਪਤ ਹੋਇਆ ਪਰ ਇਸ ਵਿੱਚ ਸੁਰੱਖਿਅਤ ਗਰਭਪਾਤ ਅਤੇ ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰਾਂ ਵਰਗੇ ਮੁੱਖ ਮੁੱਦਿਆਂ ਨੂੰ ਖਾਸ ਤੌਰ ਤੇ ਬਾਹਰ ਰੱਖਿਆ ਗਿਆ। ਹਾਲ ਹੀ ਵਿੱਚ ਜਨਤਕਮੁਖੀ ਵੈੱਬਸਾਈਟਾਂ, ਅਧਿਕਾਰਤ ਦਸਤਾਵੇਜ਼ਾਂ ਅਤੇ ਸੰਚਾਰਾਂ ਤੋਂ ਔਰਤਾਂ, ਨਾਰੀਵਾਦ, ਵਕਾਲਤ, ਕਾਰਕੁਨ ਵਰਗੇ ਸ਼ਬਦਾਂ ਨੂੰ ਹਟਾਉਣ ਲਈ ਜਾਣਬੁੱਝਕੇ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਹ ਕਾਰਵਾਈਆਂ ਪ੍ਰਗਤੀਸ਼ੀਲ ਭਾਸ਼ਾ ਨੂੰ ਸੈਂਸਰ ਕਰਨ ਅਤੇ ਵਿਭਿੰਨਤਾ, ਸਮਾਨਤਾ ਅਤੇ ਸਮਾਵੇਸ਼ ਨੀਤੀਆਂ ਨੂੰ ਵਾਪਸ ਲਿਆਉਣ ਦੇ ਇੱਕ ਵਿਆਪਕ ਰੁਝਾਨ ਨੂੰ ਦਰਸਾਉਂਦੀਆਂ ਹਨ ਜਿਸਦਾ ਉਦੇਸ਼ ਲਿੰਗਿਕ ਸਮਾਨਤਾ, ਪ੍ਰਜਣਨ ਅਧਿਕਾਰਾਂ ਅਤੇ ਸੰਬੰਧਿਤ ਵਿਸ਼ਿਆਂ ਤੇ ਚਰਚਾਵਾਂ ਨੂੰ ਦਬਾਉਣਾ ਹੈ। ਇਹ ਚੁਣੌਤੀਆਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰ ਸੁਭਾਵਿਕ ਤੌਰ ਤੇ ਰਾਜਨੀਤਿਕ ਹੈ। ਵਧਦੀਆਂ ਪਾਬੰਦੀਆਂ ਦੇ ਬਾਵਜੂਦ ਦੁਨੀਆ ਵਿੱਚ ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰਾਂ ਦੇ ਕਾਰਕੁਨਾਂ ਨੂੰ ਨਿਆਂ, ਮੁਕਤੀ ਅਤੇ ਕੱਟੜਪੰਥੀ ਦੀ ਉਮੀਦ ਵਿੱਚ ਜੜ੍ਹਾਂ ਵਾਲੇ ਭਵਿੱਖ ਨੂੰ ਸੰਗਠਿਤ ਕਰਨ, ਲਾਮਬੰਦ ਕਰਨ ਅਤੇ ਕਲਪਨਾ ਕਰਨ ਦੀ ਜ਼ਰੂਰਤ ਹੈ ਕਿਉਂਕਿ ਇੱਕ ਅਜਿਹੀ ਦੁਨੀਆਂ ਵਿੱਚ ਜੋ ਸਾਨੂੰ ਚੁੱਪ ਕਰਾਉਣ ਅਤੇ ਸਾਡੇ ਅਧਿਕਾਰਾਂ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦੀ ਹੈ ਉਮੀਦ ਕਰਨਾ ਵਿਰੋਧ ਕਰਨਾ ਹੈ ਜਦ ਕਿ 2025 ਦਾ ਰਾਜਨੀਤਿਕ ਦ੍ਰਿਸ਼ ਗੁੰਝਲਦਾਰ ਹੈ, ਇਹ ਮੁੜ ਜਗ੍ਹਾ ਪ੍ਰਾਪਤ ਕਰਨ, ਗੱਠਜੋੜ ਬਣਾਉਣ ਅਤੇ ਮਜ਼ਬੂਤ ਕਰਨ ਅਤੇ ਇੱਕ ਪਰਿਵਰਤਨਸ਼ੀਲ ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰਾਂ ਦੇ ਏਜੰਡੇ ਨੂੰ ਅੱਗੇ ਵਧਾਉਣਾ ਜੋ ਨੌਜਵਾਨਾਂ,



ਐਡਵੋਕੇਟ ਕੁਲਦੀਪ ਚੰਦ
91-9417563054

ਔਰਤਾਂ ਅਤੇ ਲਿੰਗ-ਵਿਭਿੰਨ ਵਿਅਕਤੀਆਂ ਸਮੇਤ ਹਾਸ਼ੀਏ ਤੇ ਪਏ ਭਾਈਚਾਰਿਆਂ ਦੀ ਸਿਹਤ, ਮਾਣ ਅਤੇ ਅਧਿਕਾਰਾਂ ਨੂੰ ਕੇਂਦਰਿਤ ਕਰਦਾ ਹੈ ਲਈ ਇੱਕ ਮੌਕਾ ਪੇਸ਼ ਕਰਦਾ ਹੈ। ਸਿਵਲ ਸੋਸਾਇਟੀ, ਸੰਯੁਕਤ ਰਾਸ਼ਟਰ ਦੇ ਮੈਂਬਰ ਰਾਜ, ਅਤੇ ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਇਸ ਸਾਲ ਦੇ ਅੰਤ ਵਿੱਚ ਭਵਿੱਖ ਲਈ ਇੱਕ ਗੱਲਬਾਤ ਅਤੇ ਕਾਰਵਾਈ-ਅਧਾਰਿਤ ਸਮਝੌਤਾ ਤਿਆਰ ਕਰਨਗੀਆਂ। ਸਰਕਾਰਾਂ ਅਤੇ ਸੰਸਥਾਵਾਂ ਲਿੰਗਿਕ ਸਮਾਨਤਾ ਪ੍ਰਾਪਤ ਕਰਨ, ਸੰਕਟਾਂ ਨਾਲ ਨਜਿੱਠਣ, ਨਸਲਕੁਸ਼ੀ, ਤਸ਼ੱਦਦ ਅਤੇ ਸੰਘਰਸ਼ਾਂ ਨੂੰ ਖਤਮ ਕਰਨ, ਗਰੀਬੀ ਦੇ ਖਾਤਮੇ ਅਤੇ ਨੌਜਵਾਨਾਂ ਨੂੰ ਸ਼ਕਤੀਕਰਨ ਕਰਨ ਲਈ ਵਚਨਬੱਧਤਾਵਾਂ ਦਾ ਵਾਅਦਾ ਕਰ ਰਹੀਆਂ ਹਨ। ਇਹਨਾਂ ਯਤਨਾਂ ਦੀ ਰੋਸ਼ਨੀ ਵਿੱਚ 28 ਮਈ ਨੂੰ ਸਾਡੀਆਂ ਕਾਰਵਾਈਆਂ ਅਤੇ ਮੰਗਾਂ ਵਰਗ, ਜਾਤ, ਵਿਆਹੁਤਾ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਹਰ ਔਰਤ, ਲੜਕੀ ਅਤੇ ਲਿੰਗਿਕ-ਵਿਭਿੰਨ ਵਿਅਕਤੀ ਦੀ ਸ਼ਰੀਰਕ ਖੁਦਮੁਖਤਿਆਰੀ ਦੀ ਮਜ਼ਬੂਤ ਯਾਦ ਦਿਵਾਉਣਗੀਆਂ। ਇਸ ਲਈ ਪ੍ਰਜਣਨ ਅਧਿਕਾਰਾਂ ਅਤੇ ਸਿਹਤ ਨਿਆਂ ਦੇ ਸਿਧਾਂਤਾਂ ਤੇ ਅਧਾਰਤ ਵਿਆਪਕ ਜਿਣਸੀ ਸਿੱਖਿਆ ਅਤੇ ਗਰਭ ਨਿਰੋਧ ਤੇ ਕਾਨੂੰਨ ਅਤੇ ਨੀਤੀਆਂ ਨੂੰ ਲਾਗੂ ਕਰਨਾ ਜੋ ਸਾਰਿਆਂ ਦੇ ਪ੍ਰਜਣਨ ਅਧਿਕਾਰਾਂ ਅਤੇ ਸਿਹਤ ਦੀ ਰੱਖਿਆ ਅਤੇ ਪ੍ਰਚਾਰ ਕਰਦੇ ਹਨ। ਇਹ ਸੁਨਿਸ਼ਚਿਤ ਕਰਨ ਲਈ ਕਮ ਕਰਨ ਦੀ ਜਰੂਰਤ ਹੈ ਕਿ ਇਹ ਕਾਨੂੰਨ, ਨੀਤੀਆਂ, ਅਤੇ ਪ੍ਰੋਗਰਾਮ ਸੰਮਲਿਤ, ਲਿੰਗ-ਪੱਖੀ ਅਤੇ ਅਪਾਹਜ ਵਿਅਕਤੀਆਂ ਸਮੇਤ ਸਾਰੇ ਵਿਅਕਤੀਆਂ ਲਈ ਪਹੁੰਚਯੋਗ ਹਨ। ਔਰਤਾਂ ਦੀ ਸਿਹਤ ਲਈ ਅੰਤਰਰਾਸ਼ਟਰੀ ਕਾਰਵਾਈ ਦਿਵਸ ਹਰ ਸਾਲ 28 ਮਈ ਨੂੰ ਔਰਤਾਂ ਦੀ ਸਿਹਤ ਅਤੇ ਜਿਨਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰ ਅਤੇ ਤੰਦਰੁਸਤੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਇਸ ਸਬੰਧੀ ਮੁੱਖ ਫੋਕਸ ਆਮ ਲੋਕਾਂ, ਸਰਕਾਰੀ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਔਰਤਾਂ ਦੀ ਸਿਹਤ ਬਾਰੇ ਯਾਦ ਦਿਵਾਉਣਾ ਹੈ। ਇਹ ਦਿਨ ਅਨਪੜ੍ਹ ਲੋਕਾਂ ਨੂੰ ਔਰਤਾਂ ਦੀ ਜਿਣਸੀ ਅਤੇ ਪ੍ਰਜਣਨ ਸਿਹਤ ਬਾਰੇ ਜਾਗਰੂਕਤਾ ਪ੍ਰਾਪਤ ਕਰਨ ਦਾ ਮੌਕਾ ਬਣਾਉਂਦਾ ਹੈ।ਜੇਕਰ ਅਸੀਂ ਖੁਸ਼ਹਾਲ ਆਰਥਿਕਤਾ ਅਤੇ ਇੱਕ ਸਿਹਤਮੰਦ ਸੰਸਾਰ ਬਣਾਉਣਾ ਚਾਹੁੰਦੇ ਹਾਂ ਤਾਂ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਲਿੰਗਿਕ ਸਮਾਨਤਾ ਅਤੇ ਔਰਤਾਂ ਦੀ ਭਲਾਈ ਨੂੰ ਪ੍ਰਾਪਤ ਕਰਨਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ। ਔਰਤਾਂ ਦੀ ਸਿਹਤ ਲਈ ਅੰਤਰਰਾਸ਼ਟਰੀ ਕਾਰਵਾਈ ਦਿਵਸ ਔਰਤਾਂ ਦੀ ਖੁਦਮੁਖਤਿਆਰੀ, ਵਿਤਕਰੇ ਅਤੇ ਹਿੰਸਾ ਲਈ ਵਿਸ਼ਵਵਿਆਪੀ ਅਣਦੇਖੀ ਵੱਲ ਧਿਆਨ ਖਿੱਚਣ ਲਈ ਕੰਮ ਕਰਦਾ ਹੈ। ਭਾਰਤ ਵਿੱਚ ਕਾਮਨਹੈਲਥ ਵਲੋਂ ਵੀ ਅਪਣੇ ਸਹਿਭਾਗੀਆਂ ਦੀ ਮਦਦ ਨਾਲ ਮਿਲਕੇ ਇਸ ਲਈ ਵਿਸ਼ੇਸ਼ ਜਾਗਰੁਕਤਾ ਅਭਿਆਨ ਚਲਾਇਆ ਜਾ ਰਿਹਾ ਹੈ। ਔਰਤਾਂ ਦੀ ਚੋਣ ਕਰਨ ਦੀ ਆਜ਼ਾਦੀ ਅਤੇ ਸੁਰੱਖਿਅਤ ਸਥਾਨਾਂ ਨੂੰ ਨਾ ਸਿਰਫ਼ ਉਹਨਾਂ ਲੋਕਾਂ ਦੁਆਰਾ ਸਮਰੱਥ ਬਣਾਇਆ ਜਾਂਦਾ ਹੈ ਜੋ ਉਹਨਾਂ ਦੇ ਆਲੇ ਦੁਆਲੇ ਹੁੰਦੇ ਹਨ ਸਗੋਂ ਉਹਨਾਂ ਆਰਥਿਕ ਅਤੇ ਰਾਜਨੀਤਕ ਢਾਂਚੇ ਦੁਆਰਾ ਵੀ ਸਮਰੱਥ ਹੁੰਦੇ ਹਨ ਜੋ ਸਾਡੇ ਸਮਾਜਾਂ ਨੂੰ ਆਕਾਰ ਦਿੰਦੇ ਹਨ। ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਕਈ ਸੰਸਥਾਵਾਂ ਨੂੰ ਹੁਣ ਗੰਭੀਰ ਫੰਡਿੰਗ ਕਟੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਨਤੀਜੇ ਵਜੋਂ ਕਈ ਕਲੀਨਿਕ ਬੰਦ ਹੋ ਰਹੇ ਹਨ, ਸੇਵਾਵਾਂ ਘੱਟ ਰਹੀਆਂ ਹਨ ਅਤੇ ਸੀਮਿਤ ਵਕਾਲਤ ਯਤਨ ਹੋ ਰਹੇ ਹਨ ਇਸਦੇ ਨਾਲ ਹੀ ਅਧਿਕਾਰ ਵਿਰੋਧੀ ਸਮੂਹ ਗੱਲਤ ਜਾਣਕਾਰੀ ਅਤੇ ਡਰ ਨੂੰ ਹਥਿਆਰ ਬਣਾਉਂਦੇ ਹਨ, ਵਿਆਪਕ ਲਿੰਗਿਕ ਸਿੱਖਿਆ ਨੂੰ ਨਿਸ਼ਾਨਾ ਬਣਾਉਂਦੇ ਹਨ, ਪ੍ਰਤੀਰੋਧੀ ਬਿਰਤਾਂਤਾਂ ਨੂੰ ਫੈਲਾਉਂਦੇ ਹਨ ਅਤੇ ਪ੍ਰਗਤੀਸ਼ੀਲ ਕਾਨੂੰਨਾਂ ਨੂੰ ਰੋਕਦੇ ਹਨ। ਸਾਨੂੰ ਇਹ ਦਿਖਾਉਣਾ ਚਾਹੀਦਾ ਹੈ ਕਿ ਸੱਚਾ ਵਿਕਾਸ ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰ ਅਤੇ ਨਿਆਂ ਦੇ ਮੂਲ ਤੋਂ ਬਿਨਾਂ ਮੌਜੂਦ ਨਹੀਂ ਹੋ ਸਕਦਾ। ਅਸੀਂ ਆਪਣੇ ਅਧਿਕਾਰਾਂ ਦੀ ਬਣਤਰ ਨੂੰ ਬਦਲਾਓ ਜਾਂ ਸੈਕੰਡਰੀ ਵਜੋਂ ਰੱਦ ਕਰਦੇ ਹਾਂ ਇਸ ਦੀ ਬਜਾਏ ਅਸੀਂ ਇਹ ਪੁਸ਼ਟੀ ਕਰਨ ਲਈ ਉੱਠਦੇ ਹਾਂ ਕਿ ਜਿਣਸੀ ਅਤੇ ਪ੍ਰਜਣਨ ਸਿਹਤ ਅਤੇ ਅਧਿਕਾਰ ਤਰੱਕੀ ਲਈ ਰੁਕਾਵਟ ਨਹੀਂ ਹੈ ਸਗੋਂ ਇਸਦੀ ਨੀਂਹ ਹੈ। ਇਹ ਹਰ ਸਥਾਨਕ, ਰਾਸ਼ਟਰੀ ਅਤੇ ਵਿਸ਼ਵਵਿਆਪੀ ਏਜੰਡੇ ਦਾ ਕੇਂਦਰ ਹੋਣਾ ਚਾਹੀਦਾ ਹੈ।

ਅਜਿਹੇ ਸਮੇਂ ਜਦੋਂ ਔਰਤਾਂ ਦੇ ਅਧਿਕਾਰਾਂ, ਖਾਸ ਤੌਰ ਤੇ ਜਿਣਸੀ ਅਤੇ ਪ੍ਰਜਣਨ ਅਧਿਕਾਰਾਂ ਦੀ ਦੁਨੀਆ ਭਰ ਵਿੱਚ ਅਕਸਰ ਹੀ ਉਲੰਘਣਾ ਹੁੰਦੀ ਰਹਿੰਦੀ ਹੈ ਜਿਸਦਾ ਵਿਰੋਧ ਕਰਨਾ ਅਤੇ ਜਿਣਸੀ ਅਤੇ ਪ੍ਰਜਣਨ ਨਿਆਂ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ।

# ਪਾਣੀਆਂ ਲਈ ਜੰਗ



ਗੁਰਮੀਤ ਪਲਾਹੀ
91-98158-02070

ਭਾਰਤ-ਪਾਕਿਸਤਾਨ ਦੀ '25 ਦੀ ਜੰਗ ਅਤੇ ਆਪਸੀ ਵਿਗੜੇ ਰਿਸ਼ਤਿਆਂ ਦੇ ਫਲਸਰੂਪ ਭਾਰਤ ਨੇ ਸਿੰਧੂ ਸਮਝੌਤਾ ਰੱਦ ਕਰ ਦਿੱਤਾ। ਸਿੰਧੂ ਨਦੀ ਦਾ ਪਾਕਿਸਤਾਨ ਵੱਲ ਜਾਂਦਾ ਪਾਣੀ ਰੋਕ ਦਿੱਤਾ ਹੈ?

ਪਾਣੀਆਂ ਦੇ ਪੰਜਾਬ, ਹਰਿਆਣਾ ਦਰਮਿਆਨ ਹੋਏ ਸਮਝੌਤਿਆਂ ਦੀ ਉਲੰਘਣਾ ਦੇ ਚਲਦਿਆਂ ਪੰਜਾਬ ਨੇ ਹਰਿਆਣਾ ਨੂੰ ਭਾਖੜਾ- ਨੰਗਲ ਡੈਮ ਤੋਂ ਹਰਿਆਣਾ ਲਈ ਮਨਜ਼ੂਰ ਕੀਤੇ ਕੋਟੇ ਤੋਂ ਵੱਧ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਖੜਾ-ਨੰਗਲ ਡੈਮ ਪ੍ਰਬੰਧਨ ਦੇ ਮਾਮਲੇ 'ਚ ਪੰਜਾਬ ਤੇ ਕੇਂਦਰ ਹੁਣ ਇੱਟ-ਖੜਿੱਕੇ 'ਚ ਹਨ। ਪੰਜਾਬ 'ਚ ਸਰਕਾਰ ਆਮ ਆਦਮੀ ਪਾਰਟੀ ਦੀ ਹੈ ਜਦਕਿ ਹਰਿਆਣਾ ਤੇ ਕੇਂਦਰ 'ਚ ਭਾਜਪਾ ਦੀ। ਪੰਜਾਬ ਨਾਲ ਹੋਏ ਪਾਣੀਆਂ ਦੇ ਮਾਮਲੇ 'ਚ ਹੋ ਰਹੇ ਵਿਤਕਰਿਆਂ ਸੰਬੰਧੀ ਸਿਆਸੀ ਲੜਾਈ ਤੇਜ਼ ਹੋ ਚੁੱਕੀ ਹੈ। ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ 'ਤੇ ਪਾਣੀ ਵਿਵਾਦ ਮੁੱਦੇ, ਪਾਣੀ ਦੀ ਉਪਲਬੱਧਤਾ ਅਤੇ ਵੰਡ ਬਾਰੇ ਵੱਡੇ ਪ੍ਰਸ਼ਨ ਖੜੇ ਕਰ ਰਹੇ ਹਨ। ਆ ਵੇਖੀਏ ਵਿਸ਼ਵ ਪੱਧਰ 'ਤੇ ਪਾਣੀਆਂ ਦੇ ਹਾਲਾਤ ਕਿਹੋ ਜਿਹੇ ਬਣਦੇ ਜਾਂ ਰਹੇ ਹਨ :

ਸਿੰਧੂ, ਗੰਗਾ, ਬ੍ਰਹਮਪੁੱਤਰ ਤੋਂ ਬਿਨ੍ਹਾਂ ਦਸ ਪ੍ਰਮੁੱਖ ਏਸ਼ੀਆਈ ਨਦੀ ਪ੍ਰਣਾਲੀਆਂ ਹਿੰਦੂਕੁਸ਼ ਹਿਮਾਲਾ ਤੋਂ ਹੀ ਨਿਕਲਦੀਆਂ ਹਨ। ਇਹਨਾ ਦਾ ਫੈਲਾਅ ਅੱਠ ਦੇਸ਼ਾਂ ਤੱਕ ਹੈ। ਜਿਹਨਾ ਵਿੱਚ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਭੂਟਾਨ, ਬੰਗਲਾ ਦੇਸ਼, ਚੀਨ, ਨੇਪਾਲ ਅਤੇ ਮੀਆਂਮਾਰ ਸ਼ਾਮਲ ਹਨ। ਇਹਨਾ ਖੇਤਰਾਂ ਲਈ ਅਸਲ ਵਿੱਚ ਇਹ ਜੀਵਨ ਰੇਖਾ ਹੈ।

ਲੇਕਿਨ ਹੁਣੇ ਜਿਹੇ ਇੱਕ ਰਿਪੋਰਟ ਛਪੀ ਹੈ ਕਿ ਹਿੰਦੂਕੁਸ਼ ਹਿਮਾਲਾ ਦੀ



ਬਰਫ਼ ਦੀਆਂ ਪਰਤਾਂ ਵਿੱਚ ਜ਼ਬਰਦਸਤ ਘਾਟ ਦੇਖਣ ਨੂੰ ਮਿਲੀ ਹੈ। ਕਿਧਰੇ-ਕਿਧਰੇ ਤਾਂ ਇਹ ਲਗਭਗ 50 ਫ਼ੀਸਦੀ ਤੋਂ ਵੀ ਜ਼ਿਆਦਾ ਹੈ। ਅਸਲੀਅਤ ਵਿੱਚ ਇਹ ਗੰਭੀਰ ਅਤੇ ਚਿੰਤਾਜਨਕ ਹਾਲਾਤ ਹਨ।

ਲਗਾਤਾਰ ਤਿੰਨ ਵਰ੍ਹਿਆਂ ਤੋਂ ਜਾਰੀ ਇਹ ਸਥਿਤੀ ਕੁਦਰਤ ਪੱਖੀ ਨਹੀਂ ਕਹੀ ਜਾ ਸਕਦੀ। ਕੁਦਰਤੀ ਰੂਪ ਚ ਬਰਫ਼ ਪਿਗਲਣ ਨਾਲ ਗਰਮ ਮਹੀਨਿਆਂ ਦੌਰਾਨ ਨਦੀਆਂ ਦਾ ਨਿਰੰਤਰ ਪਾਣੀ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਹਾਲਾਂਕਿ ਬਰਫ਼ ਦਾ ਬਣਨਾ ਅਤਿਅੰਤ ਜ਼ਰੂਰੀ ਹੈ। ਬਰਫ਼ਬਾਰੀ ਪਿਛਲੇ 25 ਵਰਿਆਂ ਤੋਂ ਘੱਟ ਹੋ ਰਹੀ ਹੈ, ਜੋ ਦੁਨੀਆਂ ਦੇ ਖੇਤਰਫਲ ਅਤੇ ਜਨਸੰਖਿਆ ਚ ਸਭ ਤੋਂ ਵੱਡੇ ਏਸ਼ੀਆਈ ਮਹਾਂਦੀਪ, ਜਿਸ ਦੀ ਕੁੱਲ ਜਨਸੰਖਿਆ 470 ਕਰੋੜ ਹੈ, ਲਈ ਇੱਕ ਗੰਭੀਰ ਚੇਤਾਵਨੀ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ। ਇਹ ਏਸ਼ੀਆ ਦੇ 49 ਦੇਸ਼ਾਂ, ਜਿਹਨਾ ਦੇ ਕੋਲ ਆਬਾਦੀ ਦੁਨੀਆਂ ਦੀ ਆਬਾਦੀ ਦਾ 60 ਫ਼ੀਸਦੀ ਹੈ, ਲਈ ਭਵਿੱਖ ਚ ਵੱਡੀ ਚਿੰਤਾ ਅਤੇ ਚੁਣੌਤੀ ਬਣੇਗੀ।

ਖੇਤਰਫਲ ਅਤੇ ਜਨਸੰਖਿਆ ਦੀ ਦ੍ਰਿਸ਼ਟੀ ਤੋਂ ਹਿੰਦੂਕੁਸ਼ ਹਿਮਾਲਾ ਪਰਬਤ ਸਮੂਹ ਖੇਤਰ ਅੱਠ ਦੇਸ਼ਾਂ ਵਿੱਚ ਲਗਭਗ 40 ਲੱਖ 30 ਹਜ਼ਾਰ ਵਰਗ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਹਨਾਂ ਦੇ ਅਰਬ ਲੋਕਾਂ ਦੇ ਭੋਜਨ ਪਾਣੀ ਅਤੇ ਬਿਜਲੀ ਦੀ ਸੁਰੱਖਿਆ ਦੇ ਨਾਲ ਨਾਲ ਹਜ਼ਾਰਾਂ,ਲੱਖਾਂ ਜੀਵ-ਜੰਤੂਆਂ ਦਾ ਰਹਿਣ ਵਸੇਰਾ ਵੀ ਹੈ। ਚਿੰਤਾ ਦੀ ਗੱਲ ਹੈ ਕਿ ਪੌਣ ਪਾਣੀ ਤਬਦੀਲੀ ਦਾ ਭੈੜਾ ਅਸਰ ਪਹਾੜਾਂ ਤੱਕ ਪੁੱਜ ਗਿਆ ਹੈ। ਇਸ ਦੇ ਕਾਰਨ ਹੀ ਤੇਜ਼ੀ ਨਾਲ ਬਰਫ਼ ਪਿਗਲਦੀ ਹੈ। ਪਹਿਲਾਂ ਜਿੱਥੇ ਬਰਫ਼ ਦੀਆਂ ਮੋਟੀਆਂ ਤੈਹਾਂ ਦਿਖਾਈ ਦਿੰਦੀਆਂ, ਹੁਣ ਪਤਲੀਆਂ ਕੱਚ ਵਰਗੀਆਂ ਦਿਖਣ ਲੱਗੀਆਂ ਹਨ। ਇਹ ਤੇਜ਼ੀ ਨਾਲ ਪਿਗਲ ਰਹੀਆਂ ਹਨ। ਆਮ ਤੌਰ 'ਤੇ ਤਾਂ ਬਰਫ਼ ਦੇ ਤੋਦੇ, ਚਟਾਨਾ ਹੌਲੀ ਹੌਲੀ ਪਹਾੜਾਂ ਤੇ ਪਿਗਲਦੀਆਂ ਹਨ। ਚਟਾਨ ਦੀ ਸ਼ਕਲ ਲੈ ਪਾਉਣ ਤੋਂ ਪਹਿਲਾਂ ਬਰਫ਼ ਅਸਲ ਚ ਪਾਣੀ ਦੀ ਇੱਕ ਅਵਸਥਾ ਹੁੰਦੀ ਹੈ। ਜਦੋਂ ਪਾਣੀ ਦਾ ਤਾਪਮਾਨ ਮਾਈਨਸ ਡਿਗਰੀ ਜਾਂ ਘੱਟ ਹੁੰਦਾ ਹੈ, ਤਾਂ ਉਹ ਬਰਫ਼ ਚ ਬਦਲਦਾ ਹੈ। ਪਰ ਜਦ ਇਹ ਉਚਾਈ ਤੇ ਹੁੰਦਾ, ਤਾਂ ਦਬਾਅ ਘੱਟ ਹੁੰਦਾ ਹੈ। ਮੌਜੂਦਾ ਸਮੇਂ ਮਨੁੱਖ ਦੀਆਂ ਲੋੜਾਂ ਤੋਂ ਵੱਧ ਗਤੀਵਿਧੀਆਂ ਦਾ ਕੁਦਰਤ 'ਤੇ ਭੈੜਾ ਪ੍ਰਭਾਵ ਪੈਂਦਾ ਹੈ।

ਨਿਸ਼ਚਿਤ ਰੂਪ ਚ ਇਹ ਸਥਿਤੀ ਸੁਖਾਵੀਂ ਸਥਿਤੀ ਨਹੀਂ ਹੈ। ਇਸਦੇ ਸਿੱਟੇ ਦੁਨੀਆ ਦੀ ਆਬਾਦੀ ਦੇ ਸਭ ਤੋਂ ਵੱਡੇ ਹਿੱਸੇ ਭਾਰਤ ਵਿੱਚ ਵੇਖਣ ਨੂੰ ਮਿਲ ਰਹੇ ਹਨ। ਹੜ੍ਹ ਅਤੇ ਤੂਫਾਨ, ਪੌਣ ਪਾਣੀ ਬਦਲੀ, ਜੰਗਲਾਂ ਦੀ ਕਟਾਈ ਅਤੇ ਧਰਤੀ ਖੋਰੇ ਦੇ ਕਾਰਨ, ਲੱਖਾਂ ਲੋਕਾਂ ਦੀ ਉਜਾੜੇ ਦਾ ਕਾਰਨ ਬਣੇ ਹਨ।

ਪੱਛਮੀ ਬੰਗਾਲ ਚ 24 ਮਈ 2024 ਨੂੰ ਚੱਕਰਵਾਤ 'ਰੇਮਲ' ਕਾਰਨ 2,0,8000 ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ। 'ਰੇਮਲ' ਦੇ ਉੱਤਰ ਵੱਲ ਵਧਣ ਕਾਰਨ ਬ੍ਰਹਮਪੁੱਤਰ ਨਦੀ ਅਤੇ ਉਸਦੀਆਂ ਸਹਾਇਕ ਨਦੀਆਂ ਚ ਤੂਫ਼ਾਨ ਆਇਆ, ਜਿਸ ਨਾਲ ਆਸਾਮ ਵਿੱਚ ਲਗਭਗ 3,38000 ਲੋਕ ਉਜੜ ਗਏ। ਅਸਾਮ ਵਿੱਚ ਇੱਕ ਦਹਾਕੇ ਦੌਰਾਨ ਭਾਰੀ ਹੜ੍ਹਾਂ ਕਾਰਨ ਸਾਲ 2024 ਵਿੱਚ 25 ਲੱਖ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਚੱਕਰਵਾਤ 'ਦਾਨਾ' ਨੇ 10 ਲੱਖ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ। ਇਹ ਅਸਲ ਅਰਥਾਂ 'ਚੋਂ ਕੁਦਰਤ ਨਾਲ ਖਿਲਵਾੜ ਕਰਨ ਦਾ ਹੀ ਸਿੱਟਾ ਹੈ।

ਬਰਫ਼ ਦਾ ਪਿਗਲਣਾ, ਮਨੁੱਖਾਂ ਹੱਥੋਂ ਕੀਤਾ ਗ਼ੈਰ-ਕੁਦਰਤੀ ਕਾਰਾ ਹੈ, ਜੋ ਮਨੁੱਖ ਨੂੰ ਆਪੇ ਭੁਗਤਣਾ ਪੈ ਰਿਹਾ ਹੈ। ਇਹ ਇਕ ਗੰਭੀਰ ਸਥਿਤੀ ਵੀ ਹੈ, ਕਿਉਂਕਿ ਪਿਗਲਦੀਆਂ ਹਿੰਮ ਨਦੀਆਂ ਤੋਂ ਨਿਕਲਦੇ ਪਾਣੀ ਉੱਤੇ ਜਨਸੰਖਿਆ, ਬਨਸਪਤੀ, ਪਸ਼ੂ-ਪੰਛੀ ਅਤੇ ਦੂਜੇ ਜੀਵ-ਜੰਤੂ ਨਿਰਭਰ ਹਨ ਅਤੇ ਇਹ ਉਹਨਾਂ ਦੇ ਜੀਵਨ ਲਈ ਖ਼ਤਰੇ ਦੀ ਘੰਟੀ ਹੈ।

ਗੰਗਾ, ਬ੍ਰਹਮਪੁੱਤਰ ਅਤੇ ਸਿੰਧੂ ਬੇਸਿਨ ਕਈ ਨਦੀਆਂ ਦਾ ਸਰੋਤ ਹੈ। ਇਸ ਨਾਲ ਭਾਰਤ ਦੇ ਕਰੋੜਾਂ ਲੋਕਾਂ ਦੀ ਨਿਰਭਰਤਾ ਹੈ। ਭਾਰਤ ਨੂੰ ਪਾਣੀ ਇਹਨਾਂ ਬੇਸਿਨਾਂ ਤੋਂ ਮਿਲਦਾ ਹੈ। ਪਰ ਇਹਨਾਂ ਨਦੀਆਂ ਦੇ ਜਲਦੀ ਸੁੱਕਣ ਨਾਲ ਜੋ ਸੰਕੇਤ ਮਿਲ ਰਹੇ ਹਨ, ਉਹ ਬੇਹੱਦ ਚਿੰਤਾਜਨਕ ਹਨ। ਜੇਕਰ ਨਦੀਆਂ ਸੁੱਕ ਗਈਆਂ ਤਾਂ, ਮਨੁੱਖੀ ਜੀਵਨ ਤਬਾਹੀ ਕੰਢੇ ਹੋਏਗਾ।

ਉਂਝ ਵੀ ਪਾਣੀ ਕਾਰਨ ਦੇਸ਼ਾਂ, ਪ੍ਰਦੇਸ਼ਾਂ ਵਿੱਚ ਲੜਾਈ ਦਾ ਮੈਦਾਨ ਭਖਿਆ ਪਿਆ ਹੈ। ਸਿੰਧੂ ਨਦੀ ਦਾ ਪਾਣੀ ਭਾਰਤ ਨੇ ਬੰਦ ਕਰਨ ਦਾ ਉਦੋਂ ਐਲਾਨ ਕਰ ਦਿੱਤਾ, ਜਦੋਂ ਦੋਹਾਂ ਦੇਸ਼ਾਂ ਚ ਆਪਸੀ ਤਕਰਾਰ ਵਧਿਆ ਅਤੇ ਜੰਗ ਛਿੜ ਪਈ। ਕਿਹਾ ਜਾ ਰਿਹਾ ਹੈ ਕਿ ਦੁਨੀਆਂ ਵਿੱਚ ਅਗਲੇ ਵਿਸ਼ਵ ਯੁੱਧ ਦਾ ਕਾਰਨ ਪਾਣੀ ਹੋਏਗਾ।

ਭਾਰਤ ਦੀਆਂ ਪ੍ਰਮੁੱਖ ਨਦੀਆਂ ਦੋ ਜਾਂ ਤਿੰਨ ਤੋਂ ਜ਼ਿਆਦਾ ਸੂਬਿਆਂ ਦੇ ਪਾਣੀ ਦਾ ਸਰੋਤ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਲਗਭਗ ਦੇਸ਼ਾਂ ਦੇ ਬਹੁਤਿਆਂ ਹਿੱਸਿਆਂ ਚੋਂ ਧਰਤੀ 'ਚ ਬਹੁਤ ਨੀਵਾਂ ਜਾ ਚੁੱਕਾ ਹੈ, ਕਿਉਂਕਿ ਇਸ ਦੀ ਦੁਰਵਰਤੋਂ ਲਗਾਤਾਰ ਕੀਤੀ ਜਾ ਰਹੀ ਹੈ। ਆਬਾਦੀ ਵਧਣ ਨਾਲ ਪਾਣੀ ਦੀ ਮੰਗ ਵੀ ਵੱਧ ਰਹੀ ਹੈ ਅਤੇ ਇਸੇ ਮੰਗ ਦੇ ਵਧਣ ਕਾਰਨ ਸੂਬਿਆਂ ਚ ਪਾਣੀ ਲਈ ਆਪਸੀ ਤਕਰਾਰ ਡੂੰਘਾ ਅਤੇ ਗੰਭੀਰ ਬਣਦਾ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਕਾਰਨ ਵੱਡਾ ਕਲੇਸ਼ ਵਧਿਆ ਹੈ। ਸੂਬੇ ਕਾਨੂੰਨੀ ਅਤੇ ਸਿਆਸੀ ਸ਼ਕਤੀ ਦਾ ਦਾਅਵਾ ਕਰਦੇ ਹਨ।

ਇਹੋ ਹਾਲ ਅੰਤਰਰਾਸ਼ਟਰੀ ਜਲ ਵਿਵਾਦਾਂ ਦਾ ਹੈ। ਇਹ ਪਾਣੀ ਝਗੜੇ ਲੰਬੇ ਸਮੇਂ ਤੋਂ ਅਣਸੁਲਝੇ ਹਨ। ਅੰਤਰਰਾਜੀ ਜਲ ਵਿਵਾਦਾਂ ਨਾਲ ਨਿਪਟਣ ਲਈ ਘਰੇਲੂ ਕਾਨੂੰਨੀ ਢਾਂਚਾ ਅਤੇ ਪ੍ਰਕਿਰਿਆਵਾਂ ਹੁਣ ਵੀ ਬਹੁਤ ਪੁਰਾਣੀਆਂ ਅਤੇ ਅਵਿਕਸਤ ਹਨ। ਇਹ ਸੂਬਿਆਂ ਦੇ ਆਪਸੀ ਪਾਣੀ ਮਸਲਿਆਂ ਨੂੰ ਹੱਲ ਕਰਨ ਦੇ ਕਾਬਲ ਵੀ ਨਹੀਂ ਹਨ। ਭਾਰਤ ਦੇ ਸੰਘੀ ਸੰਵਿਧਾਨਿਕ ਢਾਂਚੇ ਤਹਿਤ ਪਾਣੀ ਮੋਟੇ ਤੌਰ 'ਤੇ ਰਾਜ ਦਾ ਮਾਮਲਾ ਹੈ, ਜਿਸ ਵਿੱਚ ਕੇਂਦਰ ਸਰਕਾਰ ਦਾ ਦਖ਼ਲ ਸੀਮਤ ਹੈ ਅਤੇ ਉਸ ਦੀ ਭੂਮਿਕਾ ਸੰਵਿਧਾਨਿਕ ਤੌਰ 'ਤੇ ਪ੍ਰਭਾਸ਼ਿਤ ਹੈ।

ਭਾਰਤ ਵਿੱਚ ਹਰ ਸੂਬਾ ਕੁਦਰਤੀ ਸੋਮਿਆਂ ਉਤੇ ਆਪਣਾ ਹੱਕ ਜਤਾਉਂਦਾ ਹੈ। ਵਿਸ਼ੇਸ਼ ਰੂਪ 'ਤੇ ਪਾਣੀ ਦੇ ਮਸਲੇ 'ਚ ਕਈ ਵਾਰ ਤਾਂ ਇਹ ਵਿਵਾਦ ਪ੍ਰਰਨ ਵੀ ਹੋ ਜਾਂਦਾ ਹੈ, ਕਿਉਂਕਿ ਕਈ ਨਦੀਆਂ ਕਈ ਰਾਜਾਂ ਵਿੱਚ ਹੋ ਕੇ ਵਹਿੰਦੀਆਂ ਹਨ। ਕਈ ਵੇਰ ਇਹ ਵਿਵਾਦ ਰਾਜਨੀਤਿਕ ਰੂਪ ਧਾਰਨ ਕਰਦਾ ਹੈ। ਕੁੜੱਤਣ ਪੈਦਾ ਹੁੰਦੀ ਹੈ।

ਅਸਲੀਅਤ ਇਹ ਹੈ ਕਿ ਭਾਰਤ ਦੀ ਆਬਾਦੀ ਵੱਡੀ ਹੈ, ਲੇਕਿਨ ਪਾਣੀ ਬਹੁਤ ਜ਼ਿਆਦਾ ਨਹੀਂ ਹੈ। ਦੁਨੀਆ ਦੇ ਨਵੀਨੀਕਰਨ ਜਲ ਸੰਸਾਧਨਾਂ ਦਾ ਸਿਰਫ਼ ਚਾਰ ਫ਼ੀਸਦੀ ਅਤੇ ਵਿਸ਼ਵ ਆਬਾਦੀ ਦਾ 18 ਫ਼ੀਸਦੀ ਹੈ। ਕਈ ਵੇਰ ਇਸ ਨੂੰ ਲੈ ਕੇ ਤਨਾਅ ਵੱਧਦਾ ਹੈ। ਕਦੇ-ਕਦੇ ਗੰਭੀਰ ਟਕਰਾਅ ਵਿੱਚ ਇਹ ਤਨਾਅ ਬਦਲਦਾ ਹੈ। ਸੂਬਿਆਂ ਦੇ ਆਪਸੀ ਰਿਸ਼ਤੇ ਤਣਾਅ ਪੂਰਨ ਹੁੰਦੇ ਹਨ। ਗੱਲ ਵਿਰੋਧ ਪ੍ਰਦਰਸ਼ਨਾਂ ਤੱਕ ਪੁੱਜਦੀ ਹੈ, ਜਿਵੇਂ ਕਿ ਇਨੀਂ ਦਿਨੀ ਹਰਿਆਣਾ ਪੰਜਾਬ ਦਾ ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਕਾਰਨ ਟਕਰਾਅ ਹੋ ਰਿਹਾ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਸਿੰਚਾਈ ਅਤੇ ਬਿਜਲੀ ਪੈਦਾ ਕਰਨ ਲਈ ਨਦੀਆਂ ਦੇ ਪਾਣੀਆਂ ਦੀ ਵਰਤੋਂ ਦੀਆਂ ਯੋਜਨਾਵਾਂ ਲਾਗੂ ਹੋਈਆਂ। ਭਾਖੜਾ-ਨੰਗਲ, ਹੀਰਾਕੁੰਡ, ਚੰਬਲ, ਤੁੰਗਭੱਦਰਾ, ਨਾਗਾਰਜੁਨ ਸਾਗਰ ਅਤੇ ਦਮੋਦਰ ਘਾਟੀ ਯੋਜਨਾਵਾਂ ਬਣੀਆਂ। ਇਹਨਾਂ ਯੋਜਨਾਵਾਂ ਨਾਲ ਇਹਨਾਂ ਖੇਤਰਾਂ ਦੇ ਵਿਕਾਸ ਚ ਮਦਦ ਮਿਲੀ। ਇਹ ਸਿੰਚਾਈ, ਬਿਜਲੀ ਅਤੇ ਹੜ੍ਹ ਰੋਕਣ ਲਈ ਮਦਦਗਾਰ ਸਾਬਿਤ ਹੋਈਆਂ। ਹਾਲਾਂਕਿ ਕੁਝ ਮਾਮਲਿਆਂ 'ਚ ਇਹਨਾਂ ਯੋਜਨਾਵਾਂ ਕਾਰਨ ਰਾਜਾਂ ਦੇ ਝਗੜੇ ਪਾਣੀ ਦੀ ਵੰਡ ਲਈ ਪੈਦਾ ਹੋਏ।

ਰਾਵੀ, ਬਿਆਸ, ਨਰਮਦਾ, ਕ੍ਰਿਸ਼ਨਾ, ਕਵੇਰੀ, ਗੋਦਾਵਰੀ, ਪਰਿਆਰ, ਮਹਾਂਦੇਈ, ਨਦੀਆਂ ਦੇ ਪਾਣੀ ਦੀ ਵੰਡ ਲਈ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ, ਤਾਮਿਲਨਾਡੂ, ਕੇਰਲਾ ਆਦਿ ਸੂਬਿਆਂ ਵਿਚਕਾਰ ਪਾਣੀ-ਵਿਵਾਦ ਹੁੰਦਾ ਰਿਹਾ ਹੈ ਜਾਂ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਭਾਰਤ-ਪਾਕਿਸਤਾਨ, ਚੀਨ, ਇਜ਼ਰਾਇਲ-ਫਲਸਤੀਨ, ਸੀਰੀਆ, ਤੁਰਕੀ, ਜਾਰਡਨ, ਇਥੋਪੀਆ ਆਦਿ ਦੇਸ਼ਾਂ ਚ ਪਾਣੀ ਕਾਰਨ ਵਿਵਾਦ ਹੈ ਅਤੇ ਇਹ ਵਿਵਾਦ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ।

ਭਾਰਤ ਵਿੱਚ ਹੀ ਨਹੀਂ ਸਮੁੱਚੀ ਦੁਨੀਆਂ ਵਿੱਚ ਵੱਡੀ ਗਿਣਤੀ ਸਰਕਾਰਾਂ ਕਾਰਪੋਰੇਟਾਂ ਸੈਕਟਰ ਨਾਲ ਮਿਲਕੇ, ਧਰਤੀ ਦੇ ਪੰਜ ਤੱਤਾਂ ਦਾ ਨਾਲ ਖਿਲਵਾੜ ਕਰ ਰਹੀਆਂ ਹਨ। ਪਾਣੀ ਦੀ ਕਮੀ ਪੱਛਮੀ ਏਸ਼ੀਆ ਤੇ ਅਫ਼ਰੀਕਾ ਦੇ ਲੋਕਾਂ ਨੂੰ ਆਪਣੇ ਘਰ ਬਾਰ ਛੱਡਣ ਤੇ ਮਜ਼ਬੂਰ ਕਰ ਰਹੀ ਹੈ। ਪਾਣੀ ਦੀ ਘਾਟ ਕਾਰਨ ਸਥਿਤੀਆਂ ਇਹੋ ਜਿਹੀਆਂ ਬਣ ਰਹੀਆਂ ਹਨ, ਜਿਸ ਬਾਰੇ ਮੈਗਸੈਸ ਪੁਰਸਕਾਰ ਵਿਜੇਤਾ ਜਲਪੁਰਸ਼ ਰਜਿੰਦਰ ਸਿੰਘ ਨੇ ਕਿਹਾ ਹੈ ਕਿ "ਜਲ ਸਮੱਸਿਆ" ਤੀਜੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ।

20 ਸਦੀ ਤੋਂ ਸ਼ੁਰੂ ਤੇਲ ਲਈ ਯੁੱਧ ਨੇ ਇਤਹਾਸ ਨੂੰ ਵੱਖਰਾ ਆਕਾਰ ਦਿੱਤਾ। 21ਵੀਂ ਸਦੀ ਦੇ ਬਹੁਤ ਸੰਘਰਸ਼ ਪਾਣੀ ਲਈ ਹੋਣਗੇ। 20ਵੀਂ ਸਦੀ 'ਚ ਆਬਾਦੀ ਵਿਸ਼ਵ 'ਚ ਦੋ ਗੁਣਾ ਤੋਂ ਜ਼ਿਆਦਾ ਹੋ ਗਈ ਹੈ ਅਤੇ ਪਾਣੀ ਦੀ ਵਰਤੋਂ ਵੀ ਵਧੀ ਹੈ।

ਇਸ ਨਾਲ ਦੁਨੀਆਂ ਭਰ ਦੇ ਸ਼ਹਿਰਾਂ 'ਚ ਪਾਣੀ ਦੀ ਕਮੀ ਹੈ। ਕੈਪਟਾਊਨ ਸ਼ਹਿਰ, ਲੀਮਾਂ ਸ਼ਹਿਰ, ਚੈਨੱਈ ਸ਼ਹਿਰ ਪਾਣੀ ਨੂੰ ਤਰਸੇ ਪਏ ਹਨ।

ਪਾਣੀ ਦੀ ਘਾਟ ਖੇਤਰੀ ਅਸਥਿਰਤਾ ਅਤੇ ਸਮਾਜਿਕ ਅਸ਼ਾਂਤੀ ਦਾ ਕਾਰਨ ਬਣ ਰਹੀ ਹੈ। ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦੁਨੀਆ ਦੀ 40 ਫ਼ੀਸਦੀ ਆਬਾਦੀ ਪ੍ਰਭਾਵਿਤ ਹੋ ਚੁੱਕੀ ਹੈ ਅਤੇ 2030 ਤੱਕ 700 ਮਿਲੀਅਨ ਲੋਕਾਂ ਨੂੰ ਪਾਣੀ ਕਾਰਨ ਆਪਣੇ ਘਰਾਂ ਤੋਂ ਬੇਘਰ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪਾਣੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਣੀ ਦੀ ਵਧਦੀ ਕਮੀ ਹਿੰਸਕ ਸੰਘਰਸ਼ਾਂ 'ਚ ਵਾਧਾ ਕਰੇਗੀ, ਕਿਉਂਕਿ ਬੇਈਮਾਨ, ਨੇਤਾ,ਸ਼ਕਤੀਸ਼ਾਲੀ ਨਿਗਮ ਅਤੇ ਸ਼ਕਤੀਹੀਣ ਲੋਕ ਘਟਦੀ ਜਲ ਪੂਰਤੀ ਲਈ ਲੜ ਸਕਦੇ ਹਨ।

ਪਾਣੀਆਂ ਲਈ ਜੰਗ ਦੁਨੀਆ ਲਈ ਨਵਾਂ ਨਹੀਂ ਹੈ। 2500 ਈਸਾ ਪੂਰਬ ਵਿੱਚ ਮੇਸੋਪੋਟਾਮੀਆ, 720 ਈਸਾ ਪੂਰਬ ਵਿੱਚ ਅਸੀਰੀਆ, 101 ਈਸਾ ਪੂਰਬ ਵਿੱਚ ਚੀਨ ਅਤੇ 48 ਈਸਾ ਪੂਰਬ ਵਿੱਚ ਮਿਸਰ ਵਿੱਚ ਇਸਦੇ ਪ੍ਰਕੋਪ ਦੀ ਸ਼ੁਰੂਆਤ ਹੋਈ ਸੀ, ਅੱਜ ਵੀ ਦੁਨੀਆ ਦੇ ਕਈ ਹਿੱਸਿਆਂ 'ਚ ਪਾਣੀ ਲਈ ਸੰਘਰਸ਼ ਜਾਰੀ ਹੈ। ਕਿਧਰੇ ਕਿਸੇ ਦੇਸ਼ ਦੇ ਸੂਬਿਆਂ 'ਚ ਆਪਸ ਵਿੱਚ ਅਤੇ ਕਿਧਰੇ ਕਿਸੇ ਇੱਕ ਦੇਸ਼ ਦਾ ਦੂਜੇ ਦੇਸ਼ ਨਾਲ।

# ਤੰਬਾਕੂ ਅਤੇ ਕੈਂਸਰ ਦੇ ਆਪਸੀ ਸਬੰਧ ਪ੍ਰਤੀ ਜਾਗਰੂਕਤਾ ਦੀ ਲੋੜ



ਮੇਜਰ ਸਿੰਘ ਨਾਭਾ
91-94635-53962

ਨਸ਼ਿਆਂ ਵਿਰੁੱਧ ਸਰਕਾਰ ਨੇ ਨਸ਼ਾ ਵਿਰੋਧੀ ਮੁਹਿਮ ਆਰੰਭੀ ਹੋਈ ਹੈ ਪਰ ਫਿਰ ਵੀ ਨਸ਼ੇ ਦਾ ਸੇਵਨ ਹੋਣ ਸਦਕਾ ਹਰ ਸਾਲ ਲੱਖਾਂ ਮੌਤਾਂ ਹੋ ਜਾਂਦੀਆਂ ਹਨ। ਚਿੱਟਾ, ਗਾਂਜ਼ਾ, ਸ਼ਰਾਬ, ਭੁੱਕੀ, ਅਫੀਮ, ਸਿਗਰਟ, ਜਰਦਾ, ਤੰਬਾਕੂ ਆਦਿ ਅਨੇਕਾਂ ਹੀ ਹੋਰ ਨਸ਼ੇ ਨੌਜਵਾਨਾਂ ਅੰਦਰ ਪ੍ਰਫੁਲਤ ਹੋ ਰਹੇ ਹਨ। ਤੰਬਾਕੂ ਪੈਦਾ ਕਰਨ ਵਿੱਚ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਦੂਜਾ ਦੇਸ਼ ਬਣ ਚੁੱਕਾ ਹੈ ।ਭਾਰਤ ਸਰਕਾਰ ਨੇ ਜਨਤਕ ਸੂਚਨਾ ਰਾਹੀਂ ਤੰਬਾਕੂ ਰੋਕਥਾਮ ਕਾਨੂੰਨ ਨੂੰ 1 ਮਈ 2004 ਤੋਂ ਲਾਗੂ ਕਰ ਦਿੱਤਾ ਗਿਆ। ਇਸ ਅਨੁਸਾਰ ਜਨਤਕ ਥਾਵਾਂ 'ਤੇ ਸਿਗਰਟ ਪੀਣ 'ਤੇ ਪਾਬੰਦੀ ਅਤੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਇਸ਼ਤਿਹਾਰ 'ਤੇ ਪਾਬੰਦੀ ਹੋਵੇਗੀ। ਸਿਗਰਟ ਅਤੇ ਹੋਰ ਤੰਬਾਕੂ ਉਤਪਾਦਾਂ ਨੂੰ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਵਲੋਂ ਵੇਚਣ ਉੱਪਰ ਪਾਬੰਦੀ ਲਾ ਦਿੱਤੀ ਗਈ। ਜਨਤਕ ਥਾਵਾਂ ਤੋਂ ਭਾਵ ਜਿਥੇ ਜਨਤਾ ਦਾ ਆਉਣ ਜਾਣ ਹੈ। ਇਸ ਵਿੱਚ ਸ਼ਾਮਿਲ ਆਡੀਟੋਰੀਅਮ, ਹਸਪਤਾਲ, ਸਿਹਤ ਸੰਸਥਾਵਾਂ, ਮਨੋਰੰਜਨ ਕੇਂਦਰ, ਰੈਸਟੋਰੈਂਟ, ਜਨਤਕ ਦਫਤਰ, ਅਦਾਲਤਾਂ, ਸਿੱਖਿਆ ਸੰਸਥਾਵਾਂ, ਲਾਇਬ੍ਰੇਰੀਆਂ, ਜਨਤਕ ਪਰਿਵਹਨ, ਖੁੱਲ੍ਹੇ ਆਡੀਟੋਰੀਅਮ, ਸਟੇਡੀਅਮ, ਰੇਲਵੇ ਸਟੇਸ਼ਨ, ਬਸ ਸਟਾਪ ਆਦਿ ਸ਼ਾਮਿਲ ਹਨ। ਜਨਤਕ ਥਾਵਾਂ ਉੱਪਰ 'ਸਿਗਰਟ, ਤੰਬਾਕੂ, ਪੀਣਾ ਮਨ੍ਹਾ ਹੈ' ਦੇ ਬੋਰਡ ਜਰੂਰ ਲੱਗੇ ਹੁੰਦੇ ਹਨ ਪਰ ਉੱਝ ਇਨ੍ਹਾਂ ਉੱਪਰ ਅਮਲ ਨਹੀਂ ਹੁੰਦਾ। ਪ੍ਰਵਾਸੀ ਮਜਦੂਰਾਂ ਦੀ ਪੰਜਾਬ ਅੰਦਰ



ਆਮਦ ਨੇ ਤੰਬਾਕੂ ਨੂੰ ਰਾਜ ਅੰਦਰ ਫੈਲਾਉਣ ਦਾ ਵੱਡਾ ਰੋਲ ਅਦਾ ਕੀਤਾ ਹੈ। ਬਹੁਤਾਤ ਵਿੱਚ ਇਨ੍ਹਾਂ ਦੇ ਬੱਚੇ / ਔਰਤਾਂ ਗਰੀਬ ਕਲੋਨੀਆਂ ਵਿੱਚ, ਸੜਕਾਂ ਦੇ ਕਿਨਾਰਿਆ 'ਤੇ ਖੋਖੇ ਲਾ ਕੇ ਜਾਂ ਨਜ਼ਾਇਜ਼ ਸਟਾਲ ਲਾ ਕੇ ਹੋਰ ਚੀਜ਼ਾਂ ਦੇ ਨਾਲ ਭੜਕੀਲੇ ਰੰਗਦਾਰ ਗੁੱਟਖੇ ਦੇ ਪੈਕਟ ਵੇਚਦੇ ਆਮ ਦਿਖਾਈ ਦਿੰਦੇ ਹਨ। ਇਹ ਤੰਬਾਕੂ ਦੇ ਉਤਪਾਦ ਆਮ ਦੁਕਾਨਾਂ 'ਤੇ ਨਹੀਂ ਵਿਕਣੇ ਚਾਹੀਦੇ ਸਗੋਂ ਇਨ੍ਹਾਂ ਲਈ ਵੱਖਰੀਆਂ ਥਾਵਾਂ ਤੇ ਹੀ ਲਾਇਸੰਸ ਜਾਰੀ ਕਰਕੇ ਵੇਚਣ ਦੀ ਪ੍ਰਵਾਨਗੀ ਦੇਣੀ ਚਾਹੀਦੀ ਹੈ ਇਸ ਨਾਲ ਘੱਟੋ-ਘੱਟ ਨਬਾਲਗ ਇਨ੍ਹਾਂ ਦੁਕਾਨਾਂ ਉੱਪਰ ਖੜ੍ਹਣ ਦਾ ਹੀਆ ਨਾ ਕਰਨ। ਉਂਝ ਵੀ ਨਬਾਲਗ ਨੂੰ ਤੰਬਾਕੂ ਉਤਪਾਦ ਜਾਂ ਨਸ਼ੇ ਵਾਲੀਆਂ ਹੋਰ ਚੀਜ਼ਾਂ ਖ੍ਰੀਦਣ ਅਤੇ ਵੇਚਣ ਵਾਲੇ ਨੂੰ 18 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਵੇਚਣ ਤੋਂ ਮਨਾਹੀ ਹੈ। ਪੰਜਾਬ ਗੁਰੂਆਂ ਦੀ ਧਰਤੀ ਹੈ ਜਿਨ੍ਹਾਂ ਨੇ ਨਸ਼ਿਆਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ ਇਸ ਲਈ ਪੰਜਾਬ ਸਰਕਾਰ ਨੂੰ ਪੰਜਾਬ ਵਿੱਚੋਂ ਨਸ਼ਿਆਂ ਦੀ ਖੁੱਲ੍ਹੇਆਮ ਵਿੱਕਰੀ ਅਤੇ ਜਨਤਕ ਥਾਵਾਂ 'ਤੇ ਪੀਣ ਉੱਪਰ ਸਖਤੀ ਨਾਲ ਪਾਬੰਦੀ ਲਾਉਣੀ ਚਾਹੀਦੀ ਹੈ ਜੋ ਕਿ ਸਿਗਰਟ ਐਂਡ ਅਦਰ ਪ੍ਰੋਡਕਟ ਐਕਟ 2003 ਦੀ ਧਾਰਾ 4 ਅਨੁਸਾਰ ਜਨਤਕ ਸਥਾਨਾਂ ਉੱਪਰ ਸਿਗਰਟਨੋਸ਼ੀ ਮਨ੍ਹਾ ਹੈ ਉਲੰਘਣਾ ਕਰਨ ਵਾਲੇ ਨੂੰ 200 ਰੁਪਏ ਤੱਕ ਦਾ ਜ਼ੁਰਮਾਨਾ ਹੋ ਸਕਦਾ ਹੈ। ਧਾਰਾ 5 ਅਨੁਸਾਰ ਤੰਬਾਕੂ ਉਤਪਾਦਾਂ ਉੱਪਰ ਦੇ ਪ੍ਰਤੱਖ ਅਤੇ ਅਪ੍ਰਤੱਖ ਵਿਗਿਆਪਨ ਉੱਪਰ ਮਨਾਹੀ ਅਤੇ ਤੰਬਾਕੂ ਉਤਪਾਦ ਵੇਚਣ ਵਾਲੀ ਦੁਕਾਨ ਨੂੰ ਨਿਸ਼ਚਿਤ ਅਕਾਰ ਦਾ ਬੋਰਡ ਜਿਸ ਉੱਪਰ ਲਿਖਿਆ ਹੋਵੇ 'ਤੰਬਾਕੂ ਦੇ ਕਾਰਨ ਕੈਂਸਰ ਹੁੰਦਾ ਹੈ'। ਉਲੰਘਣਾ ਕਰਨ ਵਾਲੇ ਨੂੰ 1000 ਤੋਂ 5000 ਰੁਪਏ ਤੱਕ ਜੁਰਮਾਨਾ ਜਾਂ ਕੈਦ ਹੋ ਸਕਦੀ ਹੈ। ਧਾਰਾ 6 (ਖ) ਅਨੁਸਾਰ ਸਿੱਖਿਆ ਸੰਸਥਾਵਾਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ ਅਪਰਾਧ ਹੈ, ਉਲੰਘਣਾ ਕਰਨ ਤੇ 200 ਰੁਪਏ ਜੁਰਮਾਨਾ ਹੋ ਸਕਦਾ ਹੈ। ਸਿਗਰਟ ਦੇ ਧੂੰਏ ਅੰਦਰ ਨਿਕੋਟੀਨ ਵਰਗੇ ਜ਼ਹਿਰੀਲੇ ਤੱਤ ਹੁੰਦੇ ਹਨ ਜੋ ਲੋਕ ਧੂੰਏ ਕੋਲੋਂ ਲੰਘਦੇ ਹਨ ਉਨ੍ਹਾਂ ਅੰਦਰ ਵੀ ਇਹ ਤੱਤ ਸਾਹ ਰਾਹੀਂ ਚਲੇ ਜਾਂਦੇ ਹਨ ਜੋ ਕਈ ਬਿਮਾਰੀਆਂ ਦਾ ਕਾਰਨ ਤਾਂ ਬਣਦੇ ਹੀ ਹਨ ਨਸ਼ੇ ਕੈਂਸਰ ਵਰਗੀ ਭਿਆਨਕ ਬਿਮਾਰੀ ਨੂੰ ਵੀ ਬੁਲਾਵਾ ਦਿੰਦੇ ਹਨ। ਇਹ ਪ੍ਰਤੱਖ ਹੈ ਕਿ ਕੈਂਸਰ ਨਾਲ ਮੂੰਹ, ਜੀਭ, ਗਲੇ ਆਦਿ ਨਾਲ ਸਬੰਧਤ ਬਿਮਾਰੀਆਂ ਦਿਨ ਬ ਦਿਨ ਤੰਬਾਕੂ ਦੀ ਵਰਤੋਂ ਕਾਰਨ ਵੱਧ ਰਹੀਆਂ ਹਨ। ਇਸ ਪ੍ਰਤੀ ਬੱਚਿਆਂ ਨੂੰ ਸ਼ੁਰੂ ਤੋਂ ਤੰਬਾਕੂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਾਉਣ ਲਈ ਸਕੂਲਾਂ ਵਿੱਚ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ। ਭੱਵਿਖ ਦੇ ਮਾੜੇ ਖਤਰੇ ਨੂੰ ਭਾਂਪਦਿਆਂ ਆਪਣੇ ਬੱਚਿਆਂ ਨੂੰ ਇਸ ਕੋਹੜ ਰੂਪੀ ਤੰਬਾਕੂ ਤੋਂ ਬਚਾਉਣ ਲਈ ਉਪਰਾਲੇ ਕਰ ਸਕਦੇ ਹਾਂ। ਬੱਚਾ ਤਾਂ ਕੱਚੀ ਕਲੀ ਵਾਂਗ ਹੁੰਦਾ ਹੈ ਜਿਧਰ ਨੂੰ ਮਰਜੀ ਮੋੜ ਲਵੋ। ਬੱਚੇ ਉੱਪਰ ਸਕੂਲੀ ਅਧਿਆਪਕਾਂ ਅਤੇ ਮਾਪਿਆਂ ਦਾ ਪ੍ਰਭਾਵ ਚੰਗੇ ਸੰਸਕਾਰ ਦੇਣ ਲਈ ਬਹੁਤ ਵਧੀਆ ਕੰਮ ਕਰਦਾ ਹੈ। ਜਿਹੜੇ ਮਾਂ-ਬਾਪ ਨਸ਼ਿਆਂ ਦੇ ਆਦੀ ਹੋ ਜਾਂਦੇ ਹਨ ਉਨ੍ਹਾਂ ਨੂੰ ਬੱਚਿਆਂ ਦੇ ਸਾਹਮਣੇ ਨਸ਼ੇ ਨਹੀਂ ਕਰਨੇ ਚਾਹੀਦੇ ਤਾਂ ਜੋ ਉਨ੍ਹਾਂ ਦੇ ਬੱਚੇ ਇਸ ਮਾਰੂ ਲਤ ਤੋਂ ਬਚ ਸਕਣ।

ਭਾਰਤ ਸਰਕਾਰ ਨੇ 2007-08 ਦੌਰਾਨ ਗਿਆਰਵੀਂ ਪੰਜ ਸਾਲਾ ਯੋਜਨਾ ਅਧੀਨ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਦਾ ਆਗਾਜ਼ ਕੀਤਾ ਜਿਸ ਦਾ ਉਦੇਸ਼ ਤੰਬਾਕੂ ਦੇ ਸੇਵਨ, ਖਤਰਨਾਕ ਪ੍ਰਭਾਵਾਂ ਤੋਂ ਜਾਗਰੂਕ ਕਰਨਾ, ਤੰਬਾਕੂ ਉਤਪਾਦਾਂ ਦਾ ਪ੍ਰੋਡਕਸ਼ਨ ਅਤੇ ਸਪਲਾਈ ਘਟਾਉਣਾ, ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਇਸ਼ਤਿਹਾਰਬਾਜ਼ੀ, ਵਪਾਰ, ਸਪਲਾਈ, ਉਤਪਾਦਨ, ਆਦਿ ਨੂੰ ਨਿਯਮਾਂ ਅੰਦਰ ਪਾਬੰਦ ਕਰਨਾ, ਲੋਕਾਂ ਨੂੰ ਤੰਬਾਕੂ ਛੱਡਣ ਲਈ ਮਦਦ ਕਰਨਾ, ਡਬਲਯੂ. ਐਚ, ਓ, ਦੁਆਰਾ ਤੰਬਾਕੂ ਕੰਟਰੋਲ ਅਤੇ ਇਸ ਤੇ ਰੋਕ ਲਈ ਜਾਰੀ

(ਬਾਕੀ ਅਗਲੇ ਸਫੇ 'ਤੇ)

30 ਮਈ 'ਤੇ ਵਿਸ਼ੇਸ

# ਸ਼ਹੀਦਾਂ ਦੇ ਸਿਰਤਾਰ ਗੁਰੂ ਅਰਜਨ ਦੇਵ ਜੀ



ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂਅ ਹਿੰਦੂਸਤਾਨ ਦੇ ਇਤਿਹਾਸ ਵਿਚ ਚੜ੍ਹਦੇ ਸੂਰਜ ਵਾਂਗ ਚਮਕਦਾ ਰਵੇਗਾ। ਉਹਨਾਂ ਨੇ ਜੋ ਧਰਮ ਦੀ ਖਾਤਿਰ ਆਪਣੇ ਨਿਯਮਾਂ, ਅਸੂਲਾਂ ਤੇ ਅਨੁਸ਼ਾਸਨ ਆਦਿ ਦੇ ਕਾਰਣ ਸ਼ਹੀਦੀ ਦਿੱਤੀ, ਉਹ ਬੇਮਿਸਾਲ ਹੈ। ਭਾਰਤ ਵਿਚ ਹੀ ਨਹੀ, ਸਾਰੀ ਦੁਨੀਆ ਵਿਚ ਉਹਨਾਂ ਦੀ ਸ਼ਹੀਦੀ, ਬੇਮਿਸਾਲ ਸ਼ਹੀਦੀ ਹੈ। ਦੁਨੀਆ ਦੇ ਕਿਸੇ ਵੀ ਵਿਅਕਤੀ ਨੇ ਅੱਜ ਤਕ ਏਨੇ ਅਕਹਿ ਤੇ ਅਸਹਿ ਤਸੀਹੇ ਸਹਿ ਕੇ ਕੌਮ ਦੀ ਖਾਤਿਰ, ਦੇਸ਼ ਧਰਮ ਦੀ ਖਾਤਿਰ ਕੁਰਬਾਨ। / ਸ਼ਹੀਦੀ ਨਹੀਂ ਦਿੱਤੀ।ਇਸ ਤਰ੍ਹਾਂ ਦੀ ਸ਼ਹੀਦੀ ਦਾ ਜ਼ਿਕਰ ਹਮੇਸ਼ਾਂ—ਹਮੇਸ਼ਾਂ ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਨਾਂਲ ਹੀ ਹੋਵੇਗਾ। ਸਹਿਨਸ਼ੀਲਤਾ ਦੇ ਸਮੁੰਦਰ, ਭਾਣਾ ਮੰਨਣ ਦੇ ਬੁਲੰਦ ਇਰਾਦੇ ਵਾਲੇ, ਏਕਤਾ ਤੇ ਸਾਂਝੀਵਾਲਤਾ ਦੇ ਰਹਿਬਰ, ਅਸੂਲਾਂ ਦੇ ਸਿਰੜ ਦੇ ਧਨੀ, ਦਿਮਾਗੀ ਸੰਤੁਲਨ ਤੇ ਇਨਸਾਨੀਅਤ ਦੇ ਪੁਜਾਰੀ, ਜ਼ੁਲਮ ਅੱਗੇ ਸੀ ਨਾ ਕਰਨ ਵਾਲੇ, ਮਜ਼ਬੂਤ ਹਿਰਦੇ ਅੰਦਰ ਜਿਸ ਵਿਚ ਲੱਖਾਂ ਕਰੋੜਾਂ ਚੰਨ—ਸਤਾਰੇ ਚਮਕਦੇ ਸਨ, ਮੁਹੱਬਤ ਦੇ ਉਦੱਮ ਦੇ ਆਦਿ। ਸ਼੍ਰੀ ਗੁਰੂ ਅਰਜਨ ਦੇਵ ਜੀ ਇਨਸਾਨੀਅਤ ਨੂੰ, ਕੌਮ ਨੂੰ ਇਕ ਐਸਾ ਗੁਰੂ ਗ੍ਰੰਥ ਦੇ ਗਏ ਹਨ, ਜਿਸ ਦੀ ਰੌਸ਼ਨੀ ਨਾਲ ਆਉਣ ਵਾਲੀਆਂ ਪੀੜ੍ਹੀਆਂ ਚਮਕਦੀਆਂ ਰਹਿਣਗੀਆਂ। ਇਹ ਗ੍ਰੰਥ ਹੀ ਇਕ ਐਸਾ ਗ੍ਰੱਥ ਹੈ ਜਿਸ ਵਿਚ ਅਨੇਕਾਂ ਹੀ ਸੂਰਜਾਂ ਦੀ ਰੌਸ਼ਨੀ ਨੂੰ ਇਕੱਠਿਆਂ ਕਰਕੇ ਇਕ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਆਪਣੇ ਆਪ ਨੂੰ ਸੂਰਜ ਵਾਂਗ ਅਰਮ ਕਰ ਲਿਆ ਹੇ। ਸਿੱਖ ਜਗਤ ਚਿ ਇਸ ਦੀ ਵੱਡਮੁੱਲੀ ਮਹਾਨਤਾ ਹੈ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਨਸਾਨ। ਕਦਰਾਂ—ਕੀਮਤਾਂ ਨੂੰ ਮੱਦੇ ਨਜਰ ਰੱਖ ਕੇ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਕੀਤੀ। ਇਸ ਗ੍ਰੰਧ ਦੀ ਕੋਈ ਵੀ ਸਲੋਕ ਪੜ੍ਹ ਲਿਆ ਜਾਵੇ, ਉਹ ਇਨਸਾਨ। ਕਦਰਾਂ—ਕੀਮਤਾਂ ਤੋ ਬਾਹਬ ਨਹੀਂ ਜਾ ਸਕਦਾ ੧ਓ, ਵਾਹਿਗੁਰੂ, ਸਤਿਨਾਮ, ਇਸੇ ਦੇ ਮੂਲ ਸਤੋਤ ਹਨ। ਇਸ ਮਹਾਨ ਵ੍ਰੰਥ ਦੀ ਬਦੌਲਤ ਹੀ ਕੁਝ ਰਾਜਨੀਤਕ ਕਾਰਣਾਂ ਕਰਕੇ ਉਹਨਾਂ ਨੂੰ ਸ਼ਹੀਦੀ ਦੇਣੀ ਪਈ।



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਨੂੰ ਸੌਢੀ ਵੰਸ਼ ਵਿਚ ਸ਼੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਭਾਨੀ ਜੀ ਦੀ ਕੁੱਖੋ ਸ਼੍ਰੀ ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਵਿਖੇ ਹੋਇਆ। ਞੂਰੂ ਜੀ ਦੇ ਘਰ ਕਾਫੀ ਚਿਰ ਬਾਅਦ ਇਕ ਪੁੱਤਰ ਨੇ ਜਨਮ ਲਿਆ, ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਇਸ ਪੁੱਤਰ ਦੇ ਜਨਮ ਤੋਂ ਹੀ ਕਈ ਮਾਰੂ ਗੁਰਤਚਰ ਹਮਲੇ ਹੁੰਦੇ ਰਹੇ। ਮਾਰੂ ਹਮਲੇ ਜਾਂ ਯਤਨ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਕਰਵਾਉਂਦਾ ਰਿਹਾ, ਗੱਦੀ ਤੇ ਦੌਲਤ ਦੇ ਲਾਲਚ ਕਰਕੇ, ਪਰ ਉਸ ਵਾਹਿਗੁਰੂ ਨੇ ਬਾਲਕ ਹਰਿਗੋਬਿੰਦ ਸਾਹਿਬ ਦਾ ਵਾਲ ਵਿੰਗਾ ਨਾ ਹੋਣ ਦਿੱਤਾ। ਸ਼ੁਰੂ ਤੋਂ ਹੀ ਪ੍ਰਿਥੀ ਸ਼੍ਰੀ ਗੁਰੂ ਅਰਜਨ ਦੇਵ ਜੀ ਨਾਲ ਖਾਰ ਖਾਂਦਾ ਸੀ, ਕਿਉਂਕਿ ਘਰ ਦਾ ਸਾਰਾ ਪ੍ਰਬੰਧ ਪ੍ਰਿਥੀ ਦੇ ਹੱਥਾਂ ਵਿਚ ਵੀ, ਪਰ ਆਦਤਨ, ਉਹ ਇਕ ਵਧੀਆਂ ਇਨਸਾਨ ਨਹੀਂ ਸੀ। ਈਰਖਾਲੂ ਅਨੈਤਿਕ ਰੁਚੀਆਂ ਵਾਲਾ ਹੋਣ ਕਰਕੇ ਉਸ ਦਾ ਪਿਤਾ ਉਸ ਨੂੰ ਘੱਟ ਹੀ ਪਸੰਦ ਕਰਦੇ ਸਨ। ਪ੍ਰਿਥੀ ਹੇਠਰਾ—ਫੇਰੀਆਂ ਕਰਨ ਵਾਲਾ ਵਿਅਕਤੀ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੀਆਂ ਕਈ ਚਿੱਠੀਆਂ ਜੋ ਉਹਨਾਂ ਦੇ ਪਿਤਾ ਜੀ ਨੂੰ ਵਿਛੇੜੇ ਵਿਚ ਲਿਖੀਆਂ ਉਹ ਪ੍ਰਿਥੀ ਲੁਕਾ ਲੈਂਦਾ ਰਿਹਾ। ਸ਼ਾਇਦ ਵਿਚ ਉਸਦੀ ਇਹ ਚੋਰੀ ਪਕੜੀ ਗਈ। ਜਸ ਤੇ ਉਸ ਨੂੰ ਸ਼ਰਮਿੰਦਾ ਹੋਣਾ ਪਿਆ। ਇਸ ਸੰਤਾਪ ਦੇ ਨਾਲ—ਨਾਲ ਸ਼੍ਰੀ ਗੁਰੂ ਅਰਜਨ ਦੇਵ ਜੀ ਵਧੀਆ ਕਵਿਤਾ ਲਿਖਦੇ ਰਹੇ। ਉਹਨਾਂ ਦੀ ਲੇਖਣੀ ਅਧਿਆਤਮਕ ਸੀ।

ਉਹਨਾਂ ਦੀ ਪਤਨੀ ਦਾ ਨਾਂਅ ਮਾਤਾ ਗੰਗਾ ਜੀ ਸੀ। ਉਹ ਕਈ ਭਾਂਸ਼ਾਵਾਂ ਦੇ ਗਿਆਤਾ ਸਨ, ਜਿਸ ਤਰ੍ਹਾਂ ਕਿਹ ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਿਜੀ, ਮੁਲਤਾਨ, ਕੇਂਦਰੀ ਪੰਜਾਬੀ, ਪੰਜਾਬ ਦੀਆਂ ਉਪ ਬੋਲੀਆਂ ਆਦਿ। ਉਹਨਾਂ ਦੀ ਅਣਕੱਕ ਮਿਹਨਤ, ਮੋਹ, ਤਿਆਗ, ਨਿਸ਼ਕਾਮ ਸੇਵਾ, ਅਧਿਆਤਮਕ ੱਚੀ ਆਦਿ ਨੂੰ ਵੇਖਦੇ ਹੋਏ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਗੱਦੀ ਦੀ ਬਖਸ਼ਿਸ਼ ਦੇਣ ਦਾ ਪ੍ਰਣ ਕਰ ਲਿਆ ਸੀ। ਸੋ, ਸਤੰਬਰ 1581 ਨੂੰ ਉਹ ਗੁਰਿਆਣੀ ਗੱਦੀ 'ਤੇ ਬਿਰਾਜਮਾਨ ਹੋਏ। ਉਹਨਾਂ ਦੇ ਵੱਡੇ ਭਾਈ ਪ੍ਰਿਥੀ ਨੂੰ ਇਸ ਪ੍ਰਾਪਤੀ ਲਈ ਬਹੁਤ ਜ਼ਿਆਦਾ ਘ੍ਰਿਣਾ ਤੇ ਦੁੱਖ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦੂਸਰੇ ਭਾਈ ਦਾ ਨਾਂਅ ਬਾਬਾ ਮਹਾਂਦੇਵ ਸੀ।

ਸ਼੍ਰੀ ਗੁਰੂ ਅਰਜਨ ਦੇਵ ਜੀ ਕੁਝ ਸਮਾਂ ਅੰਮ੍ਰਿਤਸਰ ਰਹਿ ਕੇ ਗੁਰੂ ਕੀ ਵਡਾਲੀ ਚਲੇ ਗਏ। ਉਥੇ ਆਪ ਜੀ ਦੇ ਘਰ ਸ਼੍ਰੀ ਹਰਿਗੋਬਿੰਦ ਜੀ ਦਾ ਜਨਮ ਹੋਇਆ, ਤੇ ਫਿਰ ਅੰਮ੍ਰਿਤਸਰ ਆ ਕੇ ਅੰਮ੍ਰਿਤ ਸਰੋਵਰ ਨੂੰ ਪੱਕਾ ਕਰਵਾਇਆ। ਸ਼੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਉਸ-ਾਰੀ ਕੀਤੀ। ਸੰਤੋਖਸਰ ਬਣਾਇਆ। ਤਰਨਤਾਰਨ ਬਣਾਇਆ ਤੇ ਉਥੋਂ ਦੇ ਸਰੋਵਰ ਦੀ ਨੀਂਹ ਰੱਖੀ। ਥਰਤਾਰਪੁਰ ਵਸਾਇਆ। ਇਸੇ ਤਰ੍ਹਾਂ ਹੀ ਛੇਹਰਟਾ ਸਾਹਿਬ ਕਾਇਮ ਕੀਤਾ। ਮਗਰੋਂ ਹਰਿਗੋਬਿੰਦਪੁਰ ਵੀ ਵਸਾਇਆ। ਲਾਹੋਰ ਦੀ ਬਾਉਲੀ ਲਗਾਈ। ਰਾਮਸਰ ਤੇ ਗੁਰੂ ਕੇ ਬਾਗ ਦੀਆਂ ਨੀਹਾਂ ਰੱਖੀਆਂ। ਉਹਨਾਂ ਨੂੰ ਉਸਾਰੀ ਦੇ ਕੰਮਾਂ ਵਿਚ ਕਾਫੀ ਦਿਲਚਸਪੀ ਸੀ। ਉਹ ਆਖਰੀ ਦਮ ਤਕ ਕਰਮਯੋਗੀ ਹੀ ਰਹੇ।

ਸਭ ਤੋਂ ਵੱਡੀ ਉਹਨਾਂ ਦੀ ਪ੍ਰਾਪਤੀ ਸੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ। ਸੋ ਸੰਨ 1601 ਤੋਂ ਲੈ ਕੇ 1604 ਤਕ ਰਾਮਸਰ ਦੇ ਕਿਨਾਰੇ ਬੈ ਕੇ ਗੁਰੂ ਗ੍ਰੰਥ ਸਹਿਬ ਦੀ ਬੀੜ ਤਿਆਰ ਕੀਤੀ। ਇਸ ਗ੍ਰੰਥ ਵਿਚ ਹਰ ਧਰਮ ਜਾਤ—ਪਾਤ ਦੇ ਬਿਨਾਂ ਭਗਤਾਂ, ਸੰਤਾਂ ਦੀ ਬਾਣੀ ਸ਼ਾਮਿਲ ਹੈ। ਜਾਤ—ਪਾਤ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਗਈ। ਕਸੇ ਵੀ ਧਰਮ ਨੂੰ ਨਜਰ ਅੰਦਾਜ਼ ਨਹੀਂ ਕੀਤਾ। ਧਰਮ, ਜਾਤ—ਪਾਤ, ਰੰਗ—ਨਸਲ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ। ਸਾਰੇ ਭਾਰਤ ਦੇ ਵੱਖ—ਵੱਖ ਰਾਜਾਂ ਦੇ ਕਵੀਆਂ ਦੀਆਂ ਰਚਨਾਵਾਂ ਕ੍ਰਿਤਾਂ ਸ਼ਾਮਿਲ ਹਨ ਇਸ ਵਿਚ ਕੌਮ ਨੂੰ ਇਕ ਵਿਲੱਖਣ ਅਦੁੱਤੀ ਅਧਿਆਤਮਕ ਪੱਖਾਂ ਵਾਲਾ ਗ੍ਰੰਥ ਮੁਹੱਈਆਂ ਕੀਤਾ। ਇਸ ਬੀੜ ਨੂੰ ਹੱਥੀਂ ਲਿਖਿਆ ਭਾਈ ਗੁਰਦਾਸ ਜੀ ਨੇ ਤੇ ਇਸ ਬੀੜ ਦਾ ਪ੍ਰਕਾਸ਼ 1604 ਵਿਚ ਕੀਤਾ ਗਿਆ, ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ।

ਇਹ ਮਹਾਨ ਗ੍ਰੰਥ (ਬੀੜ) ਲਿਖਣ *ਤੇ ਕਈ ਈਰਖਾਲੂਆਂ ਨੇ ਬੜੀ ਵਿਰੋਧਤਾ ਕੀਤੀ, ਕਿਉਂਕਿ ਕੁਝ ਉਹ ਕਵੀ ਜੋ ਇਸ ਬੀੜ ਦੀ ਮਰਿਆਦਾ ਮੁਤਾਬਿਕ ਪੂਰਾ ਨਹੀਂ ਸਨ ਉਤਰਦੇ ਉਹਨਾਂ ਦੀਆਂ ਰਚਨਾਵਾਂ ਨਹੀ ਸਨ ਲਈਆਂ ਗਈਆਂ। ਉਹਨਾਂ ਕਵੀਆਂ ਨੇ ਈਰਖਾ ਕਰਕੇ ਇਸ ਗ੍ਰੰਥ ਦੀ ਡੱਟ ਕੇ ਵਿਰੋਧਤਾ ਕੀਤੀ ਤੇ ਉਹਨਾਂ ਦੇ ਵੱਡੇ ਭਰਾ ਨੇ ਇਸ ਵਿਰੋਧਤਾ ਨੂੰ ਚਾਰ ਚੰਨ ਲਾਏ। ਭਗਤ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਵਰਗੇ ਕਵੀਆਂ ਦਾ ਕਲਾਮ ਸ਼ਮਿਲ ਨਾ ਕੀਤਾ ਗਿਆ। ਇਹਨਾਂ ਕਵੀਆਂ ਨੇ ਈਰਖਾ ਕਰਕੇ ਮੌਜੂਦਾ ਸੱਤਾਧਾਰੀ ਹਕੂਮਤ ਦੇ ਮਾਲਿਕ ਜਹਾਂਗੀਰ ਤਕ ਗੱਲਾਂ ਪਹੁੰਚਾਣ ਵਿਚ ਕੋਈ ਕਸ ਨਾ ਛੱਡੀ। ਜਹਾਂਗੀਰ ਨੇ ਇਸ ਗ੍ਰੰਥ ਦੇ ਕਈ ਪੰਨੇ ਪੜਾ ਕੇ ਵੇਖੇ, ਪਰ ਉਸ ਨੂੰ ਕਿਤੇ ਵੀ ਇਸਲਾਮ ਧਰਮ ਦੇ ਵਿਧ ਕੋਈ ਚਿੰਨ੍ਹ ਤਕ ਨਾ ਮਿਲਿਆ ਦੂਸਰੇ ਪਾਸ ਸਭ ਤੋਂ ਜ਼ਿਆਦਾ ਜ਼ੋ ਕੱਟੜ ਮੁਸਲਮਾਨ ਵਜ਼ੀਰ ਸਨ, ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ। ਇਹਨਾਂ ਦੋਵਾਂ ਨੇ ਇਸ ਗ੍ਰੰਥ ਦੀ ਸਭ ਤੋਂ ਵੱਧ ਵਿਰੋਧਤ ਕੀਤੀ। ਜਹਾਂਗੀਰ ਨੂੰ ਸਭ ਤੋਂ ਜ਼ਿਆਦਾ ਮਿਲ-ਮਿਲਾ ਕੇ ਇਹਨਾਂ ਨੇ ਚੁੱਕਿਆ ਦੂਸਰੇ ਪਾਸੇ ਚੰਦੂ ਸ਼ਾਹ ਜ਼ੋ ਕਿ ਲਾਹੌਰ ਵਿਚ ਸੂਬੇ ਦਾ ਦੀਵਾਨ ਸੀ, ਗੁਰਾਂ ਨਾਲ ਵੈਰ ਰੱਖਣਾ ਸੀ, ਕਿਉਕਿ ਪ੍ਰਿਥੀ ਦੀ ਵੀ ਸ਼ਾਜਿਸ਼ ਇਸ ਵਿਚ ਸ਼ਾਮਿਲ ਸੀ।

ਚੰਦੂ ਨੇ ਆਪਣੀ ਧੀ ਦੀ ਕੁੜਮਾਣੀ ਲਈ ਬੰਦੇ ਭੇਜੇ। ਚੰਦੂ ਨੇ ਕਿਧਰੇ ਇਹ ਕਹਿ ਦਿੱਤਾ ਕਿ ਕਿੱਥੇ ਚੰਦੂ ਤੇ ਕਿਥੇ ਉਹ (ਗੁਰੂ ਸਾਹਿਬ)? ਮੋਰੀ ਦੀ ਇੱਟ ਵਰਗੇ ਪ੍ਰਤੀਕ ਵਰਤੇ। ਸੰਗਤਾਂ ਨੇ ਇਸ ਦੀ ਵਿਰੋਧਤਾ ਕੀਤੀ ਤੇ ਸੰਗਤਾਂ ਦੇ ਕਹਿਣ 'ਤੇ ਗੁਰੂ ਜੀ ਨੈ ਆਪਣੇ ਸਾਹਿਬਜਾਦੇ ਸ਼੍ਰੀ ਗੁਰੂ ਹਰਗੋਬਿੰਦ ਦੀ ਕੁਮਾਈ ਲਈ ਚੰਦੂ ਨੂੰ ਨਾਂਹ ਕਰ ਦਿੱਤੀ। ਚੰਦੂ ਦਾ ਗੁੱਸਾ ਸੱਤ ਅਸਮਾਨ ਛੂਹ ਚੱਕਾ ਸੀ। ਉਸ ਦੇ ਸੀਨੇ ਵਿਚ ਬਦਲੇ ਦੀ ਚਿੰਗਾੜੀ ਸੁਲਗਣ ਲੱਗੀ। ਚੰਦੂ ਸ਼ਾਹ, ਸੇਖ ਅਹਿਮਦ ਸਰਹੱਦੀ ਤੇ ਸ਼ੇਖ ਰੀਦ ਬੁਖਾਰੀ ਨੇ ਕਈ ਕਿਸਮ ਦੀਆਂ ਸਾਜ਼ਿਸ਼ਾਂ ਗੁਰੂ ਵਿੱਧ ਰਚਨੀਆਂ ਸ਼ੁਰੂ ਕਰ ਦਿੱਤੀਆਂ। ਇਕ ਝੂਠੀ ਸਾਜਿਸ਼ ਘੜ ਕੇ ਜਹਾਂਗੀਰ ਨੂੰ ਪਹੁੰਚਾ ਦਿੱਤੀ ਗਈ। ਉਹ ਇਹ ਹੈ ਬਾਗੀ ਖੁਸਰੋ ਨੂੰ ਗੁਰੂ ਅਰਜਨ ਦੇਵ ਨੇ ਪਨਾਹ ਦਿੱਤੀ ਹੈ। ਉਸ ਦੀ ਮਦਦ ਕੀਤੀ ਹੈ। ਉਸ ਦੀ ਮਰਿਆਦਾ ਮੁਤਾਬਿਕ ਆਉ ਭਗਤ ਕੀਤੀ ਗਈ ਹੈ, ਤੇ ਇਸਲਾਮ ਵਿੱਧ ਭੜਕਾਇਆ ਹੈ। ਸ਼ੇਖ ਅਹਿਮਕ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਆਦਿ ਨੇ ਇਹ ਸਾਜ਼ਿਸ ਇਕ ਰਜ਼ੀ ਸ਼ਿਕਾਇਤ ਬਣਾ ਕੇ ਜਹਾਂਗੀਰ ਤਕ ਪਹੁੰਚਾ ਦਿੱਤੀ। ਗੁਰੂ ਜੀ ਨੇ ਖੁਸਰੋ ਦੀ ਕੋਈ ਮਦਦ ਨਹੀਂ ਸੀ ਕੀਤੀ। ਸਾਰੀ ਸਾਜ਼ਿਸ਼ ਝੂਠ ਹੀ ਸੀ। ਖੁਸਰੋ ਨੂੰ ਪਨਾਹ ਦੇਣ ਦੇਣ 'ਤੇ ਜਹਾਂਗੀਰ ਨੇ ਆਪ ਨੂੰ ਦੋ ਲੱਖ ੱਪਏ ਜ਼ੁਰਮਾਨਾਂ ਕਰ ਦਿੱਤਾ। ਜ਼ੁਰਮਾਨਾ ਅਦਾ ਨਾ ਕਰਨ 'ਤੇ ਬਾਲ ਬੱਚੇ ਸਮੇਤ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਤਿੰਨ ਰਾਤਾਂ ਤੇ ਦਿਨ ਕਹਿਰਾਂ ਦੇ ਤਸੀਹੇ ਦਿੱਤੇ ਗਏ, ਜੂਨ ਦੀ ਕੜਕਦੀ ਧੁੱਪ ਵਿਚ। ਛਪਦੀ ਲੋਹ 'ਤੇ ਜਿਸ ਦੇ ਹੇਠਾ ਮਣਾ ਮੂੰਹੀਂ ਬਾਲਣ ਡਾਹਿਆ ਗਿਆ। ਨਾਲ ਸੂਰਖ ਲੋਹ 'ਤੇ ਗੁਰੂ ਜੀ ਨੂੰ ਬਿਠਾ ਦਿੱਤਾ ਗਿਆ, ਉਤੇ ਤੱਤੀ ਰੇਤਾ ਦੀ ਭਰਮਾਰ, ਪਰ ਗੁਰੂ ਜੀ ਨੇ ਸੀ ਨਾ ਕੀਤੀ। ਭਾਵੇ ਮੀਆਂ ਮੀਰ ਤੇ ਵਜ਼ੀਰ ਖਾ ਦਰਬਾਰੀ ਧਾਰਮਿਕ ਆਗੂ, ਸਿੱਖੀ ਦੇ ਦਾਇਰੇ ਵਿਚ ਆ ਚੁੱਕੇ ਸਨ। ਉਹਨਾਂ ਨੇ ਗੁਰੂ ਜੀ ਨੂੰ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣ ਲਈ ਕਿਹਾ। ਉਹਨਾਂ ਦੇ ਹਿਰਦੇ ਕੰਬ ਉਠੇ, ਪਰ ਗੁਰੂ ਜੀ ਉਸ ਵਾਹਿਗੁਰੂ ਦੇ ਭਾਂਣੇ ਵਿਚ ਵਿਸ਼ਵਾਸ ਰੱਖਦੇ ਹੋਏ ਤੱਤੀ ਲੋਹ 'ਤੇ ਬੈਠ ਗਏ। ਛਪਦੀ ਅੱਗ ਵਰਗੀ ਦੇਗ ਵਿਚ ਕਾਫੀ ਉਬਲਦੇ ਪਾਣੀ ਵਿਚ ਉਬਾਲਿਆ ਗਿਆ। 30 ਮਈ 1606 ਈ। ਨੂੰ ਜਹਾਂਗਰ ਦੇ ਹੁਕਮ ਨਾਲ ਰਾਵੀ ਦੇ ਕੰਢੇ ਲਿਜਾ ਕੇ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ। ਟਾਪ ਜੀ ਦੀ ਸਹੀਦੀ ਯਾਦ ਵਿਚ ਹੁਣ ਉਥੇ ਡੇਹਰਾ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ। ਦੁਨੀਆ ਵਿਚ ਇਹ ਇਕ ਮਹਾਨ ਸ਼ਹਾਦਤ ਹੈ। ਇਸ ਤੋਂ ਕੁਝ ਸਮਾਂ ਬਾਅਦ ਜਹਾਂਗੀਰ ਮੁਆਫੀ ਮੰਗਣ ਆਇਆ। ਉਸ ਨੇ ਚੰਦੂ ਵਰਗੇ ਵਿਰੋਧੀਆਂ ਨੂੰ ਸਪੁਰਦ ਵੀ ਕੀਤਾ। ਪਰ ਮਾਤਾ ਗੰਗਾ ਜੀ ਨੇ ਵਾਹਿਗੁਰੂ ਦੇ ਭਾਣੇ 'ਤੇ ਉਹਨਾਂ ਨੂੰ ਛੱਡ ਦਿੱਤਾ ਤੇ ਜਹਾਂਗੀਰ ਨੇ ਜੋ ਮੋਹਰਾਂ ਚੜ੍ਹਾਈਆਂ ਉਹ ਉਸੇ ਵਕਤ ਸੰਗਤ ਵਿਚ ਵੰਡ ਦਿੱਤੀਆਂ ਗਈਆਂ। ਏਕਤਾ, ਸਾਂਝੀਵਾਲਤਾ ਤੇ ਜਾਤ-ਪਾਤ, ਰੰਗ-ਰੂਪ ਤੋਂ ਉੱਪਰ ਉੱਠ ਕੇ ਉਹਨਾਂ ਨੇ ਸ਼ਬਦ ਰਚਨਾ ਕੀਤੀ। ਇਕ ਸ਼ਬਦ-ਰਾਮਕਲੀ ਮਹਲਾ ਪ

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।
ਕੋਈ ਸੇਵੈ ਗੁਸਈਆਂ ਕੋਈ ਅਲਾਹਿ॥
ਕਾਰਣ ਕਰਣ ਕਰੀਮ।
ਕਿਰਪਾ ਧਾਰਿ ਰਹੀਮ॥ ॥ ਰਹਾਉ॥
ਕੋਈ ਨਾਵੇ ਤੀਰਥਿ ਕੋਈ ਹਜ ਜਾਇ।
ਥੋਈ ਕਰੈ ਭੂਰਾ ਕੋਈ ਸਿੱ ਨਿਵਾਇ॥
ਕੋਈ ਪੜੈ ਬੇਦ ਕੋਈ ਕਤੇਬ।
ਕੋਈ ਦੈ ਨੀਲ ਕੋਈ ਸੁਪਦ॥
ਕੋਈ ਕਹੈ ਛੁਰਕੁ ਕੋਈ ਕਹੈ ਹਿੰਦੂ।
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ।
ਪ੍ਰਭੂ ਸਾਹਿਬ ਕਾ ਤਿਨਿ ਭੇਦੁ ਜਾਤਾ ॥

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ ਵਿਚ ਬਾਣੀ ਰਜੀ। ਸ਼ਬਦ 1345, ਅਸ਼ਟਪ-ਦੀਆਂ 62, ਛੰਦ 62। ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ 22 ਵਾਰਾਂ 'ਚੋਂ ਗੁਰੂ ਗ੍ਰੰਥ ਸਾਹਿਬ ਦੀਆਂ 6 ਵਾਰਾਂ, ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗਾਂ ਵਿਚ ਹਨ। ਇਹਨਾਂ ਤੋਂ ਇਲਾਵਾਂ ਗੁਰੂ ਜੀ ਨੇ ਉਚੇਚੀਆਂ ਬਾਣੀਆਂ ਵੀ ਲਿਖੀਆਂ, ਸਿਰੀ ਰਾਗ ਵਿਚ ਪਹਰੇ। ਸ਼ਬਦ ਮਾਹ ਵਿਚ ਬਾਰਹ ਮਾਹ, 14 ਪਉੜੀਆਂ ਦਿਸ ਰੈਣਿ। ਗਾਉੜੀ ਵਿੱਚ ਬਾਵਨ ਅੱਖਰੀ 57 ਸਲੋਕ ਤੇ 55 ਪਉੜੀਆਂ ਸੁਖਮਨੀ 14 ਸਲੋਕ ਅਤੇ 24 ਅਸ਼ਟਪਦੀਆਂ ਬਿਤੀ। ਟਾਸਾ ਵਿਚ ਬਿਹਰਤੇ 3 ਸ਼ਬਦ। ਸੂਹੀ ਵਿਚ ਗੁਣਵੰਤੀ ਇਕ ਸ਼ਬਦ ਇਕ ਮਾਰੂ ਵਿਚ ਅੰਜੁਲੀਆਂ 3 ਸੋਲਹੇ 14 ਸ਼ਬਦ। ਥੁਝ ਹੋਰ ਬਾਣੀਆਂ ਗੁਰੂ ਅਰਜਨ ਸਾਹਿਬ ਸਲੋਕ ਸਹਸ ਕ੍ਰਿਤੀ 67, ਗਾਥਾ 24, ਫੁਨਹੇ 23, ਚੋ ਬੋਲੇ॥ ਸਵੈਯੈ 9, ਸਵੈਯੇ॥ ਇਹਨਾਂ ਤੋਂ ਇਲਾਵਾ ਸਲੋਕ ਵੀ ਜ਼ੋ ਵਾਰਾਂ ਦੀਆਂ ਉੜ।ਆਂ ਦੇ ਨਾਂਲ ਦਰਜ ਹਨ ਉਹਨਾਂ ਸਾਰੇ ਸਲੋਕਾਂ ਦੀ ਗਿਣਤੀ 255 ਹੈ ਇਹਨਾਂ ਵਾਰਾਂ ਤੋਂ ਵਧੇ ਹੋਏ ਸਲੋਕਾਂ ਦਾ ਸੰ-ਗ੍ਰਹਿ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਦਰਜ ਹੈ। ਉਹਨਾਂ ਦੀ ਗਿਣਤੀ 22 ਹੈ। ਸਾਰੇ ਰਲਾ ਕੇ ਗੁਰੂ ਅਰਜਨ ਦੇਵ ਦੇ 277 ਸਲੋਕ ਹਨ। ਇਣਨਾਂ ਦੀਆਂ 6 ਵਾਰਾਂ ਦੀਆਂ ਕੁੱਲ 10 ਪਉੜ।ਆਂ ਹਨ। ਆਦਿ। ਥੁੱਲ 2312 ਸ਼ਬਦ ਹਨ।

ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ 43 ਸਲਾ ਇਕ ਮਹੀਨਾ 16 ਦਿਨ ਦੀ ਉਮਰ ਭੋਗ ਕੇ ਸ਼ਹੀਦ ਹੋਏ ਸਨ। ਉਹਨਾਂ ਨੇ ਏਨੀ ਉਮਰ ਵਿਚ ਉਹ ਕਾਰਜ ਕੀਤੇ ਹਨ ਜ਼ੋ ਹਮੇਸ਼ਾ-ਹਮੇਸ਼ਾਂ ਹਿੰਦੂਸਤਾਨ ਦੇ ਇਤਿਹਾਸ ਵਿਚ ਹੀ ਨਹੀ ਦੁਨੀਆਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਜੀਵਤ ਰਹਿਣਗੇ। ਉਹ ਸ਼ਹੀਦ ਹੋ ਕੇ ਵੀ ਜ਼ਿੰਦਾ ਹਨ। ਉਹਨਾਂ ਦੇ ਕਾਰਜ ਸਦਾ ਲਈ ਰਹਿਬਰੀ ਦਾ ਕੰਮ ਕਰਦੇ ਰਹਿਣਗੇ। ਸਿੱਖ ਜਗਤ ਵਿਚ ਉਹਨਾਂ ਦਾ ਮਹਾਨ ਸਥਾਨ ਹੈ।

## ਤੰਬਾਕੂ ਅਤੇ ਕੈਂਸਰ ਦੇ ਆਪਸੀ ਸਬੰਧ ਪ੍ਰਤੀ ਜਾਗਰੂਕਤਾ ਦੀ ਲੋੜ

(ਸਫਾ 21 ਦੀ ਬਾਕੀ)

ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਵਾਉਣਾ ਸੀ।

ਸਰਕਾਰ ਲਈ ਤੰਬਾਕੂ ਇੰਡਸਟਰੀ ਸੋਨੇ ਦੀ ਖਾਣ ਵਾਂਗ ਹੈ ਜਿਸ ਤੋਂ ਦੇਸ਼ ਦੇ ਮਾਲੀਏ ਵਿੱਚ ਵੱਡਾ ਯੋਗਦਾਨ ਹੋਣ ਕਾਰਨ ਇਸ ਉੱਪਰ ਪੂਰਨ ਪਾਬੰਦੀ ਲਾਉਣੀ ਸੰਭਵ ਨਹੀਂ ਲੱਗਦੀ। ਤੰਬਾਕੂ ਉਤਪਾਦ ਤਿਆਰ ਕਰਨ ਵਾਲੀਆਂ ਕੰਪਨੀਆਂ ਵੱਡੇ-ਵੱਡੇ ਸਰਮਾਏਦਾਰਾਂ / ਰਾਜਨੀਤਕਾਂ ਦੀਆਂ ਹੋਣ ਕਾਰਨ ਇਨ੍ਹਾਂ ਉਤਪਾਦਾਂ ਉੱਪਰ ਰੋਕ ਲਾਉਣੀ ਸੌਖੀ ਨਹੀਂ, ਕਿਉਂਕਿ ਚੋਣਾਂ ਸਮੇਂ ਰਾਜਨੀਤਕ ਪਾਰਟੀਆਂ ਨੂੰ ਮੋਟੇ ਚੰਦੇ ਮਿਲਣੇ ਹੁੰਦੇ ਹਨ। ਇਸ ਇੰਡਸਟਰੀ ਦੇ ਖਤਮ ਹੋਣ ਨਾਲ ਲੱਖਾਂ ਲੋਕਾਂ ਦਾ ਰੁਜ਼ਗਾਰ ਵੀ ਚਲਿਆ ਜਾਵੇਗਾ ਜਿਸ ਨਾਲ ਸਬੰਧਤ ਰਾਜਾਂ ਵਿੱਚ ਆਰਾਜ਼ਕਤਾ ਫੈਲਣ ਦਾ ਡਰ ਵੀ ਰਹੇਗਾ।

'ਦਾ ਫੂਡ ਸੇਫਟੀ ਐਂਡ ਸਟੈਂਡਰਡਜ਼ ਰੈਗੂਲੇਸ਼ਨਜ਼ 2011' ਅਨੁਸਾਰ ਤੰਬਾਕੂ ਅਤੇ ਨਿਕੋਟੀਨ ਦੀ ਕਿਸੇ ਵੀ ਖਾਣ ਵਾਲੀ ਵਸਤੂ ਵਿੱਚ ਵਰਤੋਂ ਨਹੀਂ ਕੀਤੀ ਜਾ ਸਕਦੀ। ਪਰ ਦੇਖਣ ਵਿੱਚ ਆਉਂਦਾ ਹੈ ਕਿ ਢਾਬਿਆਂ, ਹੋਟਲਾਂ, ਮਠਿਆਈਆਂ ਦੀ ਦੁਕਾਨਾਂ 'ਤੇ ਕੰਮ ਕਰਨ ਵਾਲੇ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਤਿਆਰ ਕਰਨ ਵਾਲੇ ਕਾਰੀਗਰ ਆਮ ਤੌਰ ਤੇ ਸਿਗਰਟ, ਗੁੱਟਖਾ, ਜ਼ਰਦਾ ਜ਼ਿਆਦਾ ਵਰਤੋਂ ਕਰਦੇ ਹਨ ਜੋ ਕੰਮ ਕਰਦੇ ਸਮੇਂ ਵੀ ਵਰਤੋਂ ਕਰਦੇ ਰਹਿੰਦੇ ਹਨ, ਵਾਰ-ਵਾਰ ਥੁੱਕਦੇ ਵੀ ਰਹਿੰਦੇ ਹਨ। ਜ਼ਰਦਾ ਹੱਥ ਉੱਪਰ ਥੁੱਕ ਨਾਲ ਮਲਣ ਤੋਂ ਬਾਅਦ ਉਹ ਹੱਥ ਵੀ ਸਾਫ ਨਹੀਂ ਕਰਦੇ।

ਇਹੋ ਜਿਹੇ ਲੋਕਾਂ ਨਾਲ ਹੱਥ ਮਿਲਾਉਣਾ ਵੀ ਬਿਮਾਰੀਆਂ ਨੂੰ ਸੱਦਾ ਦੇਣ ਦਾ ਕਾਰਨ ਬਣਦਾ ਹੈ ਕਿਉਂ ਕਿ ਉਨ੍ਹਾਂ ਦੇ ਥੁੱਕ 'ਚ ਕਈ ਹਾਨੀਕਾਰਕ ਬੈਕਟੀਰੀਆ ਹੋ ਸਕਦੇ ਹਨ। ਤੰਬਾਕੂ ਦੀ ਵਰਤੋਂ ਸਬੰਧੀ 31 ਮਈ ਨੂੰ ਵਿਸ਼ਵ ਸਿਹਤ ਸੰਗਠਨ ਵਲੋਂ ਘੋਸ਼ਣਾ ਕੀਤੇ 'ਕੋਮਾਂਤਰੀ ਤੰਬਾਕੂਮੁਕਤ ਦਿਵਸ' ਨੂੰ ਪੂਰੀ ਦੁਨੀਆਂ ਵਿੱਚ ਮਨਾਇਆ ਜਾਂਦਾ ਹੈ। ਹਰੇਕ ਸਾਲ ਇਸ ਦਿਨ ਸਰਕਾਰ ਅਤੇ ਮਾਪਿਆਂ ਵਲੋਂ ਰਲ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਮੇਂ ਦੀ ਲੋੜ ਮੁਤਾਬਕ ਨਵੀਂ ਮੁਹਿੰਮ ਚਲਾਵੇ ਤਾਂ ਜੋ ਤੰਬਾਕੂ ਦੇ ਸੇਵਨ ਨੂੰ ਠੱਲ੍ਹ ਪਾਈ ਜਾ ਸਕੇ।

## ਸ਼੍ਰੀ ਗੁਰੂ ਅਰਜਨ ਦੇਵ ਜੀ

ਜੂਨ ਦਾ ਮਹੀਨਾ ਗਰਮੀ ਸੀ ਕਹਿਰ ਦੀ ।
ਮਘਦੀ ਸੀ ਧੁੱਪ ਸਿਰ 'ਤੇ ਦੁਪਹਿਰ ਦੀ ।
ਤੱਤੀ ਤਵੀ ਉਤੇ ਗੁਰੂ ਸਾਹਿਬ ਬਹਿ ਗਏ ।
ਜ਼ਾਲਮਾਂ ਦਾ ਹੋ ਜਾਏਗਾ ਨਾਸ਼ ਕਹਿ ਗਏ ।
ਪਾ ਕੇ ਸ਼ਹੀਦੀ ਇਤਿਹਾਸ ਰਚ ਗਏ ।
ਸੂਰਜ ਦੇ ਵਾਂਗ ਇਕ ਆਸ ਰਚ ਗਏ ।
ਇਹੋ ਜਿਹਾ ਦੁਨੀਆਂ 'ਤੇ ਹੋਰ ਹੋਣਾ ਨਈਂ ।
ਆਪਾ ਜ਼ਿੰਦਗਾਨੀ ਦਾ ਕਿਸੇ ਵੀ ਖੋਣ੍ਹਾਂ ਨਈਂ,
ਸਾਲ ਤਰਤਾਲੀ ਤੇ ਮਹੀਨਾ, ਸੋਲ੍ਹਾਂ ਦਿਨ ।
ਸ਼ਹੀਦੀ ਨੂੰ ਉਹ ਦੇ ਗਏ ਸਦੀਆਂ ਦੇ ਛਿਣ ।
ਗੁਰੂ ਰਾਮ ਦਾਸ ਜੀ ਦੇ ਘਰ ਪੈਦਾ ਹੋਏ ।
ਫਿਰ ਮਾਤਾ ਭਾਨੀ ਜੀ ਦੀ ਖੁਸ਼ੀ ਨਾ ਸਮੋਏ ।
ਜਨਮ ਸਥਾਨ ਸੀਗਾ ਗੋਇੰਦਵਾਲ ਜੀ,
ਨੇਕੀ ਵਾਲੇ ਫੁਲਾਂ ਨਾਲ ਭਰੀ ਡਾਲ ਜੀ,
ਹੋਇਆ ਸੀ ਵਿਆਹ ਮਾਤਾ ਗੰਗਾ ਨਾਲ ਜੀ,
ਪੈਦਾ ਹੋਏ ਫਿਰ ਹਰਿਗੋਬਿੰਦ ਲਾਲ ਜੀ,
ਅੰਮ੍ਰਿਤਸਰ ਪ੍ਰਚਾਰ ਦਾ ਸਥਾਨ ਸੋਹਣਾ ਸੀ ।
ਵਾਤਾਵਰਨ ਕੁਦਰਤ ਦਾ ਮਨਮੋਹਣਾ ਸੀ ।
ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਹੋਏ ਨੇ ।
ਗ੍ਰੰਥ ਦੀ ਸੰਪਾਦਨਾ ਦੇ ਦਾਤਾ ਹੋਏ ਨੇ ।
ਚੌਦਾਂ ਸੌ ਤੀਹ ਪੰਨਿਆਂ ਨੂੰ ਸਿਰਜਿਆ ।
ਸੱਚੇ ਸੁੱਚੇ ਕਵੀਆਂ ਨੂੰ ਮਾਣ ਬਖਸ਼ਿਆ ।
ਭੱਟ, ਗੁਰਸਿੱਖ, ਭਗਤਾਂ ਦੀ ਬਾਣੀ ਹੈ ।
ਗੁਰੂ ਜੀ ਦੀ ਬਾਣੀ ਇਸ 'ਚ ਲਾਸਾਨੀ ਹੈ ।
ਜਾਤ ਪਾਤ ਰੰਗ ਰੂਪ ਨੂੰ ਤਿਆਗ ਕੇ ।
ਇਨਸਾਨੀ ਕਦਰਾਂ ਤੇ ਕੀਮਤਾਂ ਪਿਆਰ ਕੇ ।
ਗੁਰੂ ਜੀ ਦੇ ਦੋ ਸੌ ਸਤੱਤਰ ਸਲੋਕ ਨੇ ।
ਚੰਨ ਅਤੇ ਤਾਰਿਆਂ ਦੇ ਵਾਂਗ ਬੋਲ ਨੇ ।
ਉਹਨਾਂ ਦਾ ਸੀ ਯਾਰ ਮੀਆਂ ਮੀਰ ਬਾਲਮਾ ।
ਉੱਚ ਕੋਟੀ ਵਾਲਾ ਸੀ ਫ਼ਕੀਰ 'ਬਾਲਮ'
ਇਹੋ ਜਿਹੇ ਯਾਰਾਨੇ ਟਾਂਵੇਂ-ਟਾਂਵੇਂ 'ਬਾਲਮਾ'।
ਜਗਦੇ ਨੇ ਦੀਵੇ ਛਾਂਵੇਂ-ਛਾਂਵੇਂ 'ਬਾਲਮਾ'।
ਸੂਰਜ ਦਾ ਜਗਦਾ ਪੈਗਾਮ ਰਵੇਗਾ ।
ਗੁਰੂ ਜੀ ਦਾ ਜੱਗ ਉਤੇ ਨਾਮ ਰਵੇਗਾ ।

**– ਬਲਵਿੰਦਰ 'ਬਾਲਮ'**
**91-98156-25409**

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਿੱਖ ਧਰਮ ਦੀਆਂ ਗੁਰੂ ਮਹਿਲ ਅਤੇ ਸੂਰਬੀਰ ਔਰਤਾਂ



ਡਾ. ਸੰਦੀਪ ਘੰਡ
94782-31000

ਸਿੱਖ ਧਰਮ, ਜੋ ਕਿ ਆਪਣੀ ਸਮਾਨਤਾ, ਅਧਿਆਤਮਿਕ ਡੂੰਘਾਈ ਅਤੇ ਜਿਗਆਸੂ ਭਾਵਨਾ ਲਈ ਜਾਣਿਆ ਜਾਂਦਾ ਹੈ। ਇਸ ਧਰਮ ਦਾ ਕੇਂਦਰ ਬਿੰਦੂ ਸੇਵਾ ਅਤੇ ਸਿਮਰਨ ਤੋਂ ਇਲਾਵਾ ਜਾਤ-ਪਾਤ ਅਤੇ ਸਰਬ ਧਰਮ ਦਾ ਸਤਿਕਾਰ ਅਤੇ ਮਰਦ ਔਰਤ ਦੀ ਬਰਾਬਰਤਾ ਦੇ ਸਿਧਾਤ ਤੇ ਚੱਲਦਾ ਹੈ। ਇਸੇ ਕਾਰਣ ਬੇਸ਼ਕ ਇਸ ਦਰਮ ਦੀ ਉਮਰ ਕੋਈ ਜਿਆਦਾ ਲੰਮੇਰੀ ਨਹੀ ਪਰ ਫੇਰ ਵੀ ਅੱਜ ਇਸ ਧਰਮ ਨੂੰ ਮੰਨਣ ਵਾਲੇ ਦੁਨੀਆਂ ਦੇ ਹਰ ਕੋਨੇ ਵਿੱਚ ਆਪਣੀ ਸੇਵਾ ਦੀ ਛਾਪ ਛੱਡ ਰਹੇ ਹਨ। ਦਸ ਗੁਰੂ ਸਹਿਬਾਨ ਤੋਂ ਇਲਾਵਾ ਇਹਨਾਂ ਦੇ ਗ੍ਰਹਿਸਥੀ ਧਰਮ ਦੀ ਪਾਲਣਾ ਕੀਤੀ। ਦਸ ਗੁਰੂ ਸਹਿਬਾਨ ਦੀਆਂ ਪਤਨੀਆਂ (ਗੁਰੂ ਮਹਿਲ) ਦਾ ਨਾਮ ਦਿੱਤਾ ਜਾਦਾਂ ਤੋਂ ਇਲਾਵਾ ਉਹਨਾਂ ਔਰਤਾਂ ਦਾ ਵੀ ਬਹੁਤ ਵੱਡਾ ਯੋਗਦਾਨ ਹੈ ਜੋ ਕਿਸੇ ਨਾ ਕਿਸੇ ਰੂਪ ਵਿੱਚ ਗੁਰੂ ਸਹਿਬਾਨ ਦੇ ਪ੍ਰੀਵਾਰ ਦਾ ਹਿੱਸਾ ਰਹੀਆਂ ਜੋ ਸਿੱਖ ਇਤਿਹਾਸ ਦਾ ਹਿੱਸਾ ਬਣ ਗਈਆਂ। ਜਿਵੇਂ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਪਹਿਚਾਣ ਕਰਕੇ ਬੇਬੇ ਨਾਨਕੀ ਨੂੰ ਸਿੱਖ ਪੰਥ ਦੀ ਪਹਿਲੀ ਮਹਿਲਾ ਸਿੱਖ ਵੀ ਕਿਹਾ ਜਾਦਾਂ।ਇਸ ਤੋਂ ਬਿਨਾਂ ਮਾਤਾ




ਗੁਜਰ ਕੌਰ,ਮਾਤਾ ਸਾਹਿਬ ਕੌਰ,ਅਤੇ ਮਾਤਾ ਭਾਗ ਕੌਰ ਦੇ ਨਾਮ ਪ੍ਰਮੁੱਖ ਹਨ। ਇਨ੍ਹਾਂ ਮਹਾਨ ਔਰਤਾਂ ਨੇ ਸਿੱਖ ਧਰਮ ਦੇ ਵਿਸ਼ਵਾਸ, ਪਰਿਵਾਰ ਅਤੇ ਕਦਰਾਂ-ਕੀਮਤਾਂ ਨੂੰ ਪਾਲਣ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ। ਇਹ ਲੇਖ ਦਸ ਸਿੱਖ ਗੁਰੂਆਂ ਦੀਆਂ ਪਤਨੀਆਂ ਨੂੰ ਸ਼ਰਧਾਂਜਲੀ ਦਿੰਦਾ ਹੈ, ਜੋ ਆਪਣੀ ਕਿਰਪਾ, ਹਿੰਮਤ ਅਤੇ ਵਚਨਬੱਧਤਾ ਲਈ ਬਰਾਬਰ ਸਤਿਕਾਰ ਦੀਆਂ ਹੱਕਦਾਰ ਹਨ।

### ਮਾਤਾ ਸੁਲੱਖਣੀ ਜੀ
### (ਗੁਰੂ ਨਾਨਕ ਦੇਵ ਜੀ ਦੀ ਪਤਨੀ)

ਮਾਤਾ ਸੁਲੱਖਣੀ ਜੀ ਦਾ ਜਨਮ ਬਟਾਲਾ ਵਿੱਚ ਮੂਲ ਚੰਦ, ਇੱਕ ਚੋਨਾ ਖੱਤਰੀ ਦੇ ਘਰ ਹੋਇਆ ਸੀ। ਉਨ੍ਹਾਂ ਦਾ ਵਿਆਹ 1487 ਵਿੱਚ ਗੁਰੂ ਨਾਨਕ ਦੇਵ ਜੀ ਨਾਲ ਹੋਇਆ ਸੀ। ਭਾਵੇਂ ਉਨ੍ਹਾਂ ਦਾ ਸੁਭਾਅ ਸ਼ਾਂਤ ਸੀ, ਪਰ ਸਿੱਖ ਧਰਮ ਦੀ ਨੀਂਹ ਵਿੱਚ ਉਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਘਰ ਦਾ ਪ੍ਰਬੰਧ ਕੀਤਾ ਅਤੇ ਉਨ੍ਹਾਂ ਦੇ ਦੋ ਪੁੱਤਰਾਂ - ਸ੍ਰੀ ਚੰਦ ਅਤੇ ਲਖਮੀ ਦਾਸ - ਦੀ ਦੇਖ-ਭਾਲ ਵੀ ਕੀਤੀ ਜਦੋਂ ਕਿ ਗੁਰੂ ਨਾਨਕ ਦੇਵ ਜੀ ਨੇ ਲੰਬੀਆਂ ਅਧਿਆਤਮਿਕ ਯਾਤਰਾਵਾਂ (ਉਦਾਸੀਆਂ) ਸ਼ੁਰੂ ਕੀਤੀਆਂ।

### ਮਾਤਾ ਖੀਵੀ ਜੀ (ਗੁਰੂ ਅੰਗਦ ਦੇਵ ਜੀ ਦੀ ਪਤਨੀ)

1506 ਵਿੱਚ ਸੰਘਰ ਦੇ ਦੇਵੀ ਚੰਦ ਦੇ ਘਰ ਜਨਮੀ ਮਾਤਾ ਖੀਵੀ ਜੀ ਸਿੱਖ ਪਰੰਪਰਾ ਵਿੱਚ ਇੱਕ ਮੋਹਰੀ ਹਸਤੀ ਸੀ। ਉਨ੍ਹਾਂ ਦਾ ਵਿਆਹ ਭਾਈ ਲਹਿਣਾ (ਬਾਅਦ ਵਿੱਚ ਗੁਰੂ ਅੰਗਦ ਦੇਵ ਜੀ) ਨਾਲ ਹੋਇਆ ਸੀ ਅਤੇ ਉਨ੍ਹਾਂ ਨੇ ਗੁਰੂ ਕਾ ਲੰਗਰ ਸੰਸਥਾ ਨੂੰ ਵਿਕਸਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਪਿਆਰ ਅਤੇ ਨਿਮਰਤਾ ਨਾਲ ਭੋਜਨ ਪਰੋਸਿਆ, ਜਾਤਾਂ ਵਿੱਚ ਸਮਾਨਤਾ ਦੀ ਧਾਰਨਾ ਸਥਾਪਤ ਕੀਤੀ। ਅੱਜ ਵੀ ਕਈ ਸ਼ਹਿਰਾਂ ਵਿੱਚ ਮਾਤਾ ਖੀਵੀ ਜੀ ਦੇ ਨਾਮ ਤੇ ਬਣੀਆਂ ਸੰਸ਼ਥਾਵਾਂ ਲੰਗਰ ਦੀ ਸੇਵਾ ਕਰ ਰਹੀਆਂ ਹਨ।

### ਮਾਤਾ ਮਨਸਾ ਦੇਵੀ ਜੀ
### (ਗੁਰੂ ਅਮਰਦਾਸ ਜੀ ਦੀ ਪਤਨੀ)

ਮਾਤਾ ਮਨਸਾ ਦੇਵੀ ਜੀ ਗੁਰੂ ਅਮਰਦਾਸ ਜੀ ਦੀ ਪਤਨੀ ਅਤੇ ਬੀਬੀ ਭਾਨੀ ਜੀ ਦੀ ਮਾਤਾ ਸਨ। ਉਨ੍ਹਾਂ ਨੇ ਇੱਕ ਪਵਿੱਤਰ ਵਾਤਾਵਰਣ ਸਿਰਜਿਆ ਜਿਸਨੇ ਉਨ੍ਹਾਂ ਦੀ ਧੀ ਨੂੰ ਗੁਰੂ ਰਾਮਦਾਸ ਜੀ ਨਾਲ ਵਿਆਹ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇ ਵੰਸ਼ ਦੁਆਰਾ, ਗੁਰੂ ਗੱਦੀ ਦੀ ਪਰੰਪਰਾ ਚੌਥੇ ਗੁਰੂ ਨੂੰ ਸੌਂਪੀ ਗਈ। ਉਨ੍ਹਾਂ ਨੇ ਸੇਵਾ, ਨਿਮਰਤਾ ਅਤੇ ਸ਼ਰਧਾ ਨੂੰ ਸਮਰਪਿਤ ਇੱਕ ਘਰ ਦਾ ਪਾਲਣ ਪੋਸ਼ਣ ਕੀਤਾ।

### ਮਾਤਾ ਭੀਲਾਣੀ ਜੀ (ਗੁਰੂ ਰਾਮਦਾਸ ਜੀ ਦੀ ਪਤਨੀ)

ਮਾਤਾ ਭਿਲਾਣੀ ਜੀ, ਜਿਨ੍ਹਾਂ ਨੂੰ ਬੀਬੀ ਭਾਨੀ ਜੀ ਵੀ ਕਿਹਾ ਜਾਂਦਾ ਹੈ, ਗੁਰੂ ਅਮਰਦਾਸ ਜੀ ਦੀ ਧੀ ਸੀ। ਗੁਰੂ ਰਾਮਦਾਸ ਜੀ ਨਾਲ ਉਨ੍ਹਾਂ ਦਾ ਵਿਆਹ ਗੁਰੂ ਵੰਸ਼ ਦੇ ਅੰਦਰ ਇੱਕ ਅਧਿਆਤਮਿਕ ਅਤੇ ਪੀੜ੍ਹੀ-ਦਰ-ਪੀੜ੍ਹੀ ਦੇ ਬੰਧਨ ਨੂੰ ਦਰਸਾਉਂਦਾ ਸੀ।ਉਨ੍ਹਾਂ ਦੀ ਵਚਨਬੱਧਤਾ ਅਤੇ ਨਿਮਰਤਾ ਸਿੱਖ ਕਥਾਵਾਂ ਵਿੱਚ ਪ੍ਰਸਿੱਧ ਹਨ।

### ਮਾਤਾ ਗੰਗਾ ਜੀ (ਗੁਰੂ ਅਰਜਨ ਦੇਵ ਜੀ ਦੀ ਪਤਨੀ)

ਮਾਤਾ ਗੰਗਾ ਜੀ, ਜਿਨ੍ਹਾਂ ਦਾ ਵਿਆਹ 1589 ਵਿੱਚ ਗੁਰੂ ਅਰਜਨ ਦੇਵ ਜੀ ਨਾਲ ਹੋਇਆ ਸੀ, ਇੱਕ ਡੂੰਘੀ ਸ਼ਰਧਾ ਅਤੇ ਸਬਰ ਵਾਲੀ ਔਰਤ ਸੀ। ਪੁੱਤਰ ਦੀ ਤਾਂਘ ਵਿੱਚ, ਉਨ੍ਹਾਂ ਨੇ ਬਾਬਾ ਬੁੱਢਾ ਜੀ ਤੋਂ ਅਸ਼ੀਰਵਾਦ ਮੰਗਿਆ। ਭੋਜਨ ਤਿਆਰ ਕਰਨ ਅਤੇ ਇਸਨੂੰ ਪਰੋਸਣ ਦੇ ਉਨ੍ਹਾਂ ਦੇ ਨਿਮਰ ਕਾਰਜ ਨੇ ਬਾਬਾ ਬੁੱਢਾ ਜੀ ਦਾ ਦਿਲ ਜਿੱਤ ਲਿਆ, ਅਤੇ ਉਨ੍ਹਾਂ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜਨਮ ਦੀ ਭਵਿੱਖਬਾਣੀ ਕੀਤੀ। ਉਹ ਛੇਵੇਂ ਗੁਰੂ ਦੀ ਮਾਣਮੱਤੀ ਮਾਤਾ ਬਣ ਗਈ, ਜੋ ਅਧਿਆਤਮਵਾਦ ਨੂੰ ਬਹਾਦਰੀ ਨਾਲ ਮਿਲਾਉਣ ਲਈ ਜਾਣੀ ਜਾਂਦੀ ਹੈ।

### ਮਾਤਾ ਨਾਨਕੀ ਜੀ
### (ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਹਿਲੀ ਪਤਨੀ)

ਮਾਤਾ ਨਾਨਕੀ ਜੀ, ਗੁਰੂ ਅਰਜਨ ਦੇਵ ਜੀ ਦੀ ਨੂੰਹ ਅਤੇ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਸਨ। ਉਹ ਇੱਕ ਸ਼ਾਂਤ ਸ਼ਕਤੀ ਸਨ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਦੇ ਮੁਸ਼ਕਲ ਸਮੇਂ ਦੌਰਾਨ ਮਜ਼ਬੂਤ ਰਹੀਆਂ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਅਧਿਆਤਮਿਕ ਸਿੱਖਿਆਵਾਂ ਨਾਲ ਸੇਧ ਦਿੱਤੀ ਅਤੇ ਅਤਿਆਚਾਰ ਦੇ ਬਾਵਜੂਦ ਵਿਸ਼ਵਾਸ ਵਿੱਚ ਦ੍ਰਿੜ ਰਹੀਆਂ।

### ਮਾਤਾ ਦਾਮੋਦਰੀ ਜੀ
### (ਗੁਰੂ ਹਰਗੋਬਿੰਦ ਸਾਹਿਬ ਜੀ ਦੀ ਦੂਜੀ ਪਤਨੀ)

ਮਾਤਾ ਦਮੋਦਰੀ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਪਤਨੀਆਂ ਵਿੱਚੋਂ ਇੱਕ ਸਨ। ਭਾਵੇਂ ਉਨ੍ਹਾਂ ਬਾਰੇ ਇਤਿਹਾਸਕ ਰਿਕਾਰਡ ਸੀਮਤ ਹਨ, ਪਰ ਗੁਰੂ ਜੀ ਦੁਆਰਾ ਸਿੱਖ ਧਰਮ ਦੇ ਫੌਜੀਕਰਨ ਦੌਰਾਨ ਉਨ੍ਹਾਂ ਦੀ ਮੌਜੂਦਗੀ ਅਤੇ ਸਮਰਥਨ ਲਈ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ।

### ਮਾਤਾ ਦੇਵੀ ਜੀ (ਗੁਰੂ ਹਰਗੋਬਿੰਦ ਸਾਹਿਬ ਜੀ ਦੀ ਤੀਜੀ ਪਤਨੀ)

ਮਾਤਾ ਦੇਵੀ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਪਤਨੀਆਂ ਵਿੱਚੋਂ ਇੱਕ ਵਜੋਂ ਘੱਟ ਦਸਤਾਵੇਜ਼ੀ ਪਰ ਮਹੱਤਵਪੂਰਨ ਭੂਮਿਕਾ ਨਿਭਾਈ।

### ਮਾਤਾ ਕ੍ਰਿਸ਼ਨ ਕੌਰ ਜੀ
### (ਗੁਰੂ ਹਰਿਰਾਇ ਜੀ ਦੀ ਪਤਨੀ)

ਮਾਤਾ ਕ੍ਰਿਸ਼ਨ ਕੌਰ ਜੀ ਗੁਰੂ ਹਰ ਰਾਏ ਜੀ ਦੀ ਪਤਨੀ ਅਤੇ ਗੁਰੂ ਹਰ ਕ੍ਰਿਸ਼ਨ ਜੀ ਦੀ ਮਾਤਾ ਸਨ। ਉਨ੍ਹਾਂ ਨੇ ਘਰ ਦੀ ਅਧਿਆਤਮਿਕ ਸ਼ਾਂਤੀ ਬਣਾਈ ਰੱਖੀ ਅਤੇ ਆਪਣੇ ਪੁੱਤਰਾਂ ਨੂੰ ਅਧਿਆਤਮਿਕ ਅਨੁਸ਼ਾਸਨ ਨਾਲ ਪਾਲਣ-ਪੋਸ਼ਣ ਵਿੱਚ ਕੇਂਦਰੀ ਭੂਮਿਕਾ ਨਿਭਾਈ। ਉਨ੍ਹਾਂ ਦੇ ਸਬਰ ਅਤੇ ਦ੍ਰਿੜ ਇਰਾਦੇ ਨੇ ਗੁਰੂ ਹਰ ਕ੍ਰਿਸ਼ਨ ਜੀ ਨੂੰ ਛੋਟੀ ਉਮਰ ਵਿੱਚ ਹੀ ਵੱਡੀ ਜ਼ਿੰਮੇਵਾਰੀ ਲਈ ਤਿਆਰ ਹੋਣ ਵਿੱਚ ਮਦਦ ਕੀਤੀ।

### ਮਾਤਾ ਗੁਜਰੀ ਜੀ
### (ਗੁਰੂ ਤੇਗ ਬਹਾਦਰ ਜੀ ਦੀ ਪਤਨੀ)

ਮਾਤਾ ਗੁਜਰੀ ਜੀ, ਜੋ ਗੁਰੂ ਤੇਗ ਬਹਾਦਰ ਜੀ ਨਾਲ ਉਨ੍ਹਾਂ ਦੇ ਵਿਆਹ ਨੇ ਸਿੱਖ ਜਗਤ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਆਸ਼ੀਰਵਾਦ ਦਿੱਤਾ। ਉਨ੍ਹਾਂ ਨੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕੀਤਾ ਅਤੇ ਅੰਤ ਵਿੱਚ ਆਪਣੇ ਪੋਤਿਆਂ, ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਸਮੇਤ ਸਰਹਿੰਦ ਵਿੱਚ ਸ਼ਹਾਦਤ ਪ੍ਰਾਪਤ ਕੀਤੀ।

### ਮਾਤਾ ਸੁੰਦਰੀ ਜੀ
### (ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ)

ਮਾਤਾ ਸੁੰਦਰੀ ਜੀ ਇੱਕ ਨੇਕ ਅਤੇ ਸਿਆਣੀ ਔਰਤ ਸੀ ਜੋ ਸਿੱਖ ਇਤਿਹਾਸ ਦੇ ਕੁਝ ਸਭ ਤੋਂ ਚੁਣੌਤੀਪੂਰਨ ਸਮਿਆਂ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਖੜ੍ਹੀ ਸੀ। ਉਹ ਸਾਹਿਬਜ਼ਾਦਾ ਅਜੀਤ ਸਿੰਘ ਦੀ ਮਾਤਾ ਸੀ ਅਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਜੀ ਦੀ ਵਿਰਾਸਤ ਨੂੰ ਸੰਭਾਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

### ਮਾਤਾ ਜੀਤੋ ਜੀ
### (ਮਾਤਾ ਜੀਤ ਕੌਰ ਜੀ
### ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ)

ਉਹ ਸਾਹਿਬਜ਼ਾਦਿਆਂ ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਦੀ ਮਾਂ ਸੀ। ਖਾਲਸਾ ਪੰਥ ਦੇ ਗਠਨ ਦੌਰਾਨ ਉਨ੍ਹਾਂ ਦੀ ਦ੍ਰਿੜਤਾ, ਵਿਸ਼ਵਾਸ ਅਤੇ ਤਾਕਤ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ। ਉਹ ਆਨੰਦਪੁਰ ਸਾਹਿਬ ਵਿਖੇ ਮੌਜੂਦ ਸਨ




ਅਤੇ ਭਾਵਨਾ ਅਤੇ ਸੇਵਾ ਵਿੱਚ ਯੋਗਦਾਨ ਪਾਇਆ।

### ਮਾਤਾ ਸਾਹਿਬ ਕੌਰ ਜੀ
### (ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਪਤਨੀ)

ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਵਜੋਂ ਸਤਿਕਾਰਿਆ ਜਾਂਦਾ ਹੈ। ਭਾਵੇਂ ਉਨ੍ਹਾਂ ਦੇ ਕੋਈ ਜੈਵਿਕ ਬੱਚੇ ਨਹੀਂ ਸਨ, ਪਰ ਉਨ੍ਹਾਂ ਦਾ ਅਧਿਆਤਮਿਕ ਕੱਦ ਬਹੁਤ ਵੱਡਾ ਹੈ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਿਆਰ ਕੀਤੇ ਅੰਮ੍ਰਿਤ ਵਿੱਚ ਖੰਡ ਦੇ ਕ੍ਰਿਸਟਲ (ਪਤਾਸ਼ਾ) ਮਿਲਾਏ, ਜੋ ਕਿ ਮਾਂ ਦੀ ਦਇਆ ਦਾ ਪ੍ਰਤੀਕ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਖਾਲਸਾ ਪੰਥ ਦੀ ਸਦੀਵੀ ਮਾਤਾ ਘੋਸ਼ਿਤ ਕੀਤਾ।

ਇੰਝ ਕਿਹਾ ਜਾਦਾਂ ਕਿ ਇਹ ਲੋਹੇ ਅਤੇ ਜੋਸ਼ ਵਾਲੀਆਂ ਔਰਤਾਂ ਸਿਰਫ਼ ਪਤਨੀਆਂ ਹੀ ਨਹੀਂ ਸਨ, ਸਗੋਂ ਸਿੱਖ ਸੱਭਿਅਤਾ ਦੀਆਂ ਆਰਕੀਟੈਕਟ ਵੀ ਸਨ। ਉਨ੍ਹਾਂ ਦੀ ਸ਼ਰਧਾ, ਹਿੰਮਤ ਅਤੇ ਅਗਵਾਈ ਨੇ ਸੇਵਾ, ਕੁਰਬਾਨੀ ਅਤੇ ਸਮਾਨਤਾ 'ਤੇ ਬਣੇ ਭਾਈਚਾਰੇ ਦੀ ਨੀਂਹ ਰੱਖੀ।

ਸਿੱਖ ਗੁਰੂਆਂ ਦੀਆਂ ਪਤਨੀਆਂ ਤੋਂ ਇਲਾਵਾ, ਉਨ੍ਹਾਂ ਔਰਤਾਂ 'ਤੇ ਵੀ ਰੌਸ਼ਨੀ ਪਾਉਣਾ ਜ਼ਰੂਰੀ ਹੈ ਜਿਨ੍ਹਾਂ ਨੇ ਗੁਰੂਆਂ ਦੇ ਸਮੇਂ ਦੌਰਾਨ ਸੇਵਾ ਕੀਤੀ ਅਤੇ ਸਿੱਖ ਇਤਿਹਾਸ ਵਿੱਚ ਸਥਾਈ ਯੋਗਦਾਨ ਪਾਇਆ।

ਮਾਤਾ ਭਾਗੋ ਦੀ ਲੜਾਈ ਵਿੱਚ ਬਹਾਦਰੀ ਵਾਲੀ ਅਗਵਾਈ ਤੋਂ ਲੈ ਕੇ ਬੀਬੀ ਭਾਨੀ ਦੀ ਅਧਿਆਤਮਿਕ ਵਿਰਾਸਤ ਤੱਕ, ਉਨ੍ਹਾਂ ਦੀਆਂ ਕਹਾਣੀਆਂ ਸਾਡੇ ਪ੍ਰੀਵਾਰਾਂ ਲਈ ਜਰੂਰੀ ਅਤੇ ਪ੍ਰੇਰਨਾਦਾਇਕ ਹਨ।

1. ਬੀਬੀ ਨਾਨਕੀ ਜੀ (ਗੁਰੂ ਨਾਨਕ ਦੇਵ ਜੀ ਦੀ ਭੈਣ): ਬੀਬੀ ਨਾਨਕੀ ਜੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਸਨ ਅਤੇ ਉਨ੍ਹਾਂ ਦੇ ਬ੍ਰਹਮ ਪ੍ਰਕਾਸ਼ ਨੂੰ ਪਛਾਣਨ ਵਾਲੀ ਪਹਿਲੀ ਔਰਤ ਸਨ।ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪਾਲਣ ਵਿੱਚ ਉਨ੍ਹਾਂ ਦੀ ਭੂਮਿਕਾ ਬੇਮਿਸਾਲ ਹੈ।

2. ਬੀਬੀ ਅਮਰੋ ਜੀ (ਗੁਰੂ ਅੰਗਦ ਦੇਵ ਜੀ ਦੀ ਪੁੱਤਰੀ): ਉਨ੍ਹਾਂ ਨੇ ਆਪਣੇ ਸਹੁਰੇ, ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨਾਲ ਜਾਣੂ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦੇ ਗੁਰਬਾਣੀ ਦੇ ਪਾਠ ਨੇ ਗੁਰੂ ਅਮਰਦਾਸ ਜੀ ਨੂੰ ਇੱਕ ਸਮਰਪਿਤ ਸਿੱਖ ਬਣਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇ ਪ੍ਰਭਾਵ ਨੇ ਤੀਜੇ ਗੁਰੂ ਵਜੋਂ ਉਨ੍ਹਾਂ ਦੇ ਅੰਤਮ ਉੱਤਰਾਧਿਕਾਰੀ ਲਈ ਨੀਂਹ ਰੱਖੀ।

3. ਬੀਬੀ ਭਾਨੀ ਜੀ (ਗੁਰੂ ਅਮਰਦਾਸ ਜੀ ਦੀ ਪੁੱਤਰੀ): ਗੁਰੂ ਰਾਮਦਾਸ ਜੀ ਨਾਲ ਵਿਆਹੀ ਅਤੇ ਗੁਰੂ ਅਰਜਨ ਦੇਵ ਜੀ ਦੀ ਮਾਤਾ, ਬੀਬੀ ਭਾਨੀ ਸ਼ਰਧਾ ਦੀ ਇੱਕ ਥੰਮ੍ਹ ਸੀ।ਉਨ੍ਹਾਂ ਦੇ ਕਾਰਜ ਨਿਮਰਤਾ, ਸੇਵਾ ਅਤੇ ਕੁਰਬਾਨੀ ਨੂੰ ਦਰਸਾਉਂਦੇ ਸਨ, ਅਤੇ ਉਨ੍ਹਾਂ ਨੇ ਗੁਰੂ ਵੰਸ਼ ਦੀ ਨਿਰੰਤਰਤਾ ਨੂੰ ਯਕੀਨੀ ਬਣਾਇਆ।

4. ਬੀਬੀ ਰਜਨੀ ਜੀ: ਬਹੁਤ ਸ਼ਰਧਾ ਵਾਲੀ ਇੱਕ ਸ਼ਰਧਾਲੂ, ਉਸਨੇ ਆਪਣੇ ਪਿਤਾ ਦੇ ਸਰਾਪ ਅਨੁਸਾਰ ਇੱਕ ਕੋੜ੍ਹੀ ਨਾਲ ਵਿਆਹ ਕੀਤਾ ਪਰ ਵਾਹਿਗੁਰੂ ਪ੍ਰਤੀ ਆਪਣੀ ਸ਼ਰਧਾ ਵਿੱਚ ਅਡੋਲ ਰਹੀ। ਉਹ ਦੁਖ ਭੰਜਨੀ ਬੇਰੀ, ਅੰਮ੍ਰਿਤਸਰ ਵਿਖੇ ਪਵਿੱਤਰ ਸਰੋਵਰ (ਸਰੋਵਰ) ਦੀ ਸਥਾਪਨਾ ਨਾਲ ਜੁੜੀ ਹੋਈ ਹੈ। ।

5. ਮਾਤਾ ਭਾਗੋ ਜੀ (ਮਾਈ ਭਾਗੋ): ਇੱਕ ਸੱਚੀ ਯੋਧਾ-ਸੰਤ, ਮਾਤਾ ਭਾਗੋ ਨੇ 40 ਸਿੱਖ ਭਗੌੜਿਆਂ (ਚਾਲੀ ਮੁਕਤੇ) ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਜੰਗ ਦੇ ਮੈਦਾਨ ਵਿੱਚ ਵਾਪਸ ਆਉਣ ਅਤੇ ਲੜਨ ਲਈ ਪ੍ਰੇਰਿਤ ਕੀਤਾ। ਉਸਨੇ ਖੁਦ ਹਥਿਆਰ ਚੁੱਕੇ ਅਤੇ ਮੁਕਤਸਰ ਦੀ ਲੜਾਈ ਵਿੱਚ ਬਹਾਦਰੀ ਨਾਲ ਉਨ੍ਹਾਂ ਦੀ ਅਗਵਾਈ ਕੀਤੀ। ਉਸਨੇ ਬਾਅਦ ਵਿੱਚ ਗੁਰੂ ਜੀ ਦੀ ਇੱਕ ਅੰਗ ਰੱਖਿਅਕ ਵਜੋਂ ਸੇਵਾ ਕੀਤੀ। ਉਸਦੀ ਬਹਾਦਰੀ, ਅਗਵਾਈ ਅਤੇ ਵਚਨਬੱਧਤਾ ਮਹਾਨ ਹੈ।

6. ਬੀਬੀ ਹਰਸ਼ਰਨ ਕੌਰ ਜੀ: ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ, ਮੁਗਲ ਸਜ਼ਾ ਦੇ ਡਰੋਂ ਕਿਸੇ ਨੇ ਵੀ ਉਨ੍ਹਾਂ ਦੀਆਂ ਲਾਸ਼ਾਂ ਦਾ ਸਸਕਾਰ ਕਰਨ ਦੀ ਹਿੰਮਤ ਨਹੀਂ ਕੀਤੀ। ਬੀਬੀ ਹਰਸ਼ਰਨ ਕੌਰ, ਇੱਕ ਨੌਜਵਾਨ ਸਿੱਖ ਕੁੜੀ, ਨੇ ਮੌਤ ਦਾ ਸਾਹਮਣਾ ਕੀਤਾ ਅਤੇ ਉਨ੍ਹਾਂ ਦੇ ਅੰਤਿਮ ਸੰਸਕਾਰ ਕੀਤੇ। ਇਸ ਪ੍ਰਕਿਰਿਆ ਵਿੱਚ ਉਹ ਮਾਰੀ ਗਈ ਪਰ ਬੇਮਿਸਾਲ ਹਿੰਮਤ ਅਤੇ ਵਿਸ਼ਵਾਸ ਦਾ ਪ੍ਰਤੀਕ ਬਣੀ ਹੋਈ ਹੈ।

7. ਮਾਤਾ ਗੁਜਰ ਕੌਰ (ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ): ਭਾਵੇਂ ਉਹ ਇੱਕ ਗੁਰੂ ਦੀ ਪਤਨੀ ਵੀ ਸੀ, ਪਰ ਉਹ ਇੱਕ ਮਾਂ ਅਤੇ ਸ਼ਹੀਦ ਵਜੋਂ ਆਪਣੀ ਭੂਮਿਕਾ ਲਈ ਵਾਧੂ ਸਨਮਾਨ ਦੀ ਹੱਕਦਾਰ ਹੈ। ਉਸਨੇ ਆਪਣੇ ਪੋਤਿਆਂ, ਸਾਹਿਬਜ਼ਾਦਿਆਂ ਨੂੰ ਮੌਤ ਦੇ ਮੂੰਹ ਵਿੱਚ ਵੀ ਸਿੱਖ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ। ਉਸਦੀ ਸੰਜਮ ਅਤੇ ਅਧਿਆਤਮਿਕ ਤਾਕਤ ਸਤਿਕਾਰਯੋਗ ਹੈ।

ਸਿੱਖ ਮਹਿਲਾ ਸੇਵਾਦਾਰ ਅਤੇ ਲੰਗਰ ਪ੍ਰਬੰਧਕਾਂ ਨੇ ਗੁਰੂ ਕਾਲ ਦੌਰਾਨ, ਅਣਗਿਣਤ ਅਣਜਾਣ ਔਰਤਾਂ ਨੇ ਲੰਗਰ ਤਿਆਰ ਕਰਨ, ਯਾਤਰੀਆਂ ਦੀ ਦੇਖਭਾਲ ਕਰਨ ਅਤੇ ਨੌਜਵਾਨ ਸਿੱਖਾਂ ਨੂੰ ਸਿੱਖਿਆ ਦੇਣ ਵਿੱਚ ਯੋਗਦਾਨ ਪਾਇਆ। ਉਨ੍ਹਾਂ ਦੀ ਨਿਰਸਵਾਰਥ ਸੇਵਾ ਨੇ ਭਾਈਚਾਰੇ ਅਤੇ ਸਮਾਨਤਾ ਦੀਆਂ ਕਦਰਾਂ-ਕੀਮਤਾਂ ਦੀ ਨੀਂਹ ਰੱਖੀ ਜੋ ਅੱਜ ਸਿੱਖ ਧਰਮ ਨੂੰ ਪਰਿਭਾਸ਼ਿਤ ਕਰਦੇ ਹਨ।ਇਹ ਔਰਤਾਂ ਸਿੱਖ ਕਦਰਾਂ-ਕੀਮਤਾਂ ਅਤੇ ਵਿਰਾਸਤ ਦੀਆਂ ਸ਼ਾਂਤ ਆਰਕੀਟੈਕਟ ਅਤੇ ਕਰੜੇ ਰਖਵਾਲੇ ਸਨ। ਉਨ੍ਹਾਂ ਨੇ ਦਿਖਾਇਆ ਕਿ ਅਧਿਆਤਮਿਕ ਤਾਕਤ ਅਤੇ ਲੀਡਰਸ਼ਿਪ ਕੋਈ ਲਿੰਗ ਨਹੀਂ ਜਾਣਦੀ, ਅਤੇ ਉਨ੍ਹਾਂ ਦੀ ਵਿਰਾਸਤ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ।



# 31 ਮਈ ਲਈ ''ਵਿਸ਼ਵ ਤੰਬਾਕੂ ਰਹਿਤ ਦਿਵਸ'' ਸਬੰਧੀ ਵਿਸ਼ੇਸ਼



ਐਡਵੋਕੇਟ ਕੁਲਦੀਪ ਚੰਦ
91-9417563054

ਵਿਸ਼ਵ ਸਿਹਤ ਸੰਸਥਾ ਵੱਲੋਂ ਹਰ ਸਾਲ 31 ਮਈ ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਤੰਬਾਕੂ ਦੀ ਵਰਤੋਂ ਦੇ ਵਿਆਪਕ ਪ੍ਰਸਾਰ ਅਤੇ ਇਸਦੇ ਸਿਹਤ ਤੇ ਪੈਣ ਵਾਲੇ ਨਾਕਾਰਾਤਮਕ ਪ੍ਰਭਾਵਾਂ ਵੱਲ ਆਮ ਲੋਕਾਂ ਦਾ ਧਿਆਨ ਆਕਰਸ਼ਿਤ ਕਰਨਾ ਹੈ ਜਿਸ ਕਾਰਨ ਮੌਜੂਦਾ ਸਮੇਂ ਦੁਨੀਆਂ ਵਿੱਚ ਹਰ ਸਾਲ ਲੱਖਾਂ ਵਿਅਕਤੀਆਂ ਦੀਆਂ ਮੋਤਾਂ ਹੁੰਦੀਆਂ ਹਨ ਅਤੇ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਵਿੱਚ ਗੈਰ ਸਿਗਰਟਨੋਸ਼ੀ ਵਾਲੇ ਵਿਅਕਤੀਆਂ ਦੀ ਵੱਡੀ ਗਿਣਤੀ ਹੈ। ਇਹ ਦਿਨ ਇਹ ਸਮਝਣ ਵਿੱਚ ਮੱਦਦ ਕਰਦਾ ਹੈ ਕਿ ਤੰਬਾਕੂ ਸਿਹਤ ਲਈ ਕਿੰਨਾ ਨੁਕਸਾਨਦੇਹ ਹੈ। ਤੰਬਾਕੂ ਦਾ ਅਰਥ ਹੈ ਸਿਗਰਟ, ਬੀੜੀਆਂ, ਚਬਾਉਣ ਵਾਲਾ ਤੰਬਾਕੂ ਅਤੇ ਤੰਬਾਕੂ ਦੇ ਪੱਤਿਆਂ ਤੋਂ ਬਣੇ ਹੋਰ ਉਤਪਾਦਨ। ਇਸ ਦਿਨ ਨੂੰ ਤੰਬਾਕੂ ਵਿਰੋਧੀ ਦਿਵਸ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਬੰਦ ਕਰਨ ਅਤੇ ਸਿਹਤਮੰਦ ਜੀਵਨ ਜਿਉਣ ਲਈ ਉਤਸ਼ਾਹਿਤ ਕਰਦਾ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਹਰ ਸਾਲ ਤੰਬਾਕੂ ਕਾਰਨ ਲਗਭਗ 8.7 ਮਿਲੀਅਨ ਲੋਕ ਮਰਦੇ ਹਨ। ਤੰਬਾਕੂ ਦੀ ਵਰਤੋਂ ਵਿਸ਼ਵ ਪੱਧਰ ਤੇ ਜਨਤਕ ਸਿਹਤ ਲਈ ਇੱਕ ਵੱਡਾ ਖਤਰਾ ਹੈ। ਧੂੰਆਂ ਰਹਿਤ ਤੰਬਾਕੂ ਵਰਤਣ ਵਾਲੇ ਸਭ ਤੋਂ ਪਹਿਲਾਂ ਘਾਤਕ ਬਿਮਾਰੀਆਂ ਅਤੇ ਜਲਦੀ ਮੌਤ ਦਾ ਸ਼ਿਕਾਰ ਹੁੰਦੇ ਹਨ, ਦੂਜਾ ਤੰਬਾਕੂ ਵਰਤਣ ਵਾਲੇ ਬਹੁਤੇ ਉਪਭੋਗਤਾਵਾਂ ਵਿੱਚ ਜਨਤਕ ਥਾਵਾਂ ਤੇ ਥੁੱਕਣ ਦੀ ਪ੍ਰਵਿਰਤੀ ਹੁੰਦੀ ਹੈ ਅਤੇ ਇਹ ਛੂਤ ਦੀਆਂ ਬਿਮਾਰੀਆਂ ਫੈਲਾਕੇ ਸਿਹਤ ਦੇ ਜੋਖਮਾਂ ਨੂੰ ਹੋਰ ਵਧਾਉਂਦਾ ਹੈ। ਜੇਕਰ ਭਾਰਤ ਵਿੱਚ ਤੰਬਾਕੂ ਦੀ ਵਰਤੋਂ ਦਾ ਪਿਛੋਕੜ ਵੇਖੀਏ ਤਾਂ ਮੁਗਲਕਾਲ ਦੇ ਸਮੇਂ 17ਵੀਂ ਸਦੀ ਵਿੱਚ ਪੱਛਮ ਤੋਂ ਆਏ ਤੰਬਾਕੂ ਨੇ ਭਾਰਤੀਆ ਨੂੰ ਅਜਿਹਾ ਜਕੜਿਆ ਕਿ ਅੱਜ ਬਹੁਤੀ ਆਬਾਦੀ ਕਿਸੇ ਨਾਂ ਕਿਸੇ ਰੂਪ ਵਿੱਚ ਤੰਬਾਕੂ ਦਾ ਸੇਵਨ ਕਰਦੀ ਹੈ। ਤੰਬਾਕੂ ਵਿੱਚ ਲਗਭੱਗ 4000 ਹਜ਼ਾਰ ਤੋਂ ਵੱਧ ਨਿਕੋਟੀਨ, ਅਮੋਨੀਆਂ, ਆਰਸੈਨਿਕ, ਕਾਰਬਨ ਮੋਨੋਆਕਸਾਈਡ, ਹਾਈਡਰੋਜਨ ਸਾਈਆਨਾਈਡ, ਨੈਪਥਾਲੀਨ, ਤਾਰਕੋਲ, ਰੇਡੀਓਐਕਟਿਵ ਤੱਤ ਆਦਿ ਜ਼ਹਿਰੀਲੇ ਤੱਤ ਹਨ ਜੋ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਤੰਬਾਕੂ ਕਈ ਕਿਸਮਾਂ ਖੈਣੀ, ਜ਼ਰਦਾ, ਗੁਟਕਾ, ਪਾਨ ਮਸਾਲਾ, ਸਿਗਰਟ ਅਤੇ ਬੀੜੀ ਆਦਿ ਦੇ ਰੂਪ ਵਿੱਚ ਮਿਲਦਾ ਹੈ। ਸਿਗਰਟ ਜਾਂ ਬੀੜੀ ਪੀਣ ਵਾਲੇ ਲੋਕਾਂ ਵੱਲੋਂ ਛੱਡੇ ਗਏ ਧੂਏਂ ਦਾ ਜੋ ਕਿ ਸਿਗਰਟ ਜਾਂ ਬੀੜੀ ਨਹੀਂ ਪੀਂਦੇ ਉਹਨਾਂ ਦੀ ਸਿਹਤ ਤੇ ਵੀ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਕੈਂਸਰ ਦੀਆਂ ਵੱਖ-ਵੱਖ ਕਿਸਮਾਂ ਵਿਚੋਂ ਬਹੁਤੀਆਂ ਦਾ ਕਾਰਨ ਤੰਬਾਕੂ ਹੀ ਹੈ। ਹਰ ਸਾਲ ਲਗਭੱਗ 3,00,000 ਲੋਕ ਤੰਬਾਕੂ ਕਾਰਨ ਇਹ ਅਲਾਮਤ ਸਹੇੜਦੇ ਹਨ ਜਦ ਕਿ ਛਾਤੀ ਦੇ ਕੈਂਸਰ ਦੇ ਕਰੀਬ 80,000 ਕੇਸ ਪ੍ਰਤੀ ਸਾਲ ਮਿਲ ਰਹੇ ਹਨ ਤੇ ਬੱਚੇਦਾਨੀ ਨਾਲ ਸਬੰਧਤ ਅਤੇ ਹੋਰ ਕਿਸਮਾਂ ਦੇ ਕੈਂਸਰ ਦੇ ਕਰੀਬ 1,00,000 ਕੇਸ ਸਾਲਾਨਾ ਹਨ। ਤੰਬਾਕੂ ਨਾਲ ਭਾਰਤ ਵਿੱਚ ਰੋਜ਼ਾਨਾ ਲੱਗਭੱਗ 3500 ਲੋਕਾਂ ਦੀ ਮੌਤ ਹੁੰਦੀ ਹੈ ਅਤੇ ਤੰਬਾਕੂ ਦੀ ਵਰਤੋਂ ਕਾਰਨ ਭਾਰਤ ਵਿੱਚ ਸਿਰ, ਗਲਾ ਅਤੇ ਫੇਫੜਿਆਂ ਦੇ ਸਭ ਤੋਂ ਵੱਧ ਕੈਂਸਰ ਕੇਸ ਹੁੰਦੇ ਹਨ। ਕੈਂਸਰ ਦੇ ਸਮੁੱਚੇ ਕੇਸਾਂ ਵਿੱਚੋਂ 40 ਫੀਸਦੀ ਤੰਬਾਕੂ ਕਾਰਨ ਹੁੰਦੇ ਹਨ। ਤੰਬਾਕੂ ਪੀਣ ਵਾਲੇ 89 ਫੀਸਦੀ ਵਿਅਕਤੀ 18 ਸਾਲ ਦੀ ਉਮਰ ਤੱਕ ਇਸ ਦੇ ਆਦੀ ਹੋ ਜਾਂਦੇ ਹਨ। ਤੰਬਾਕੂ ਪੀਣ ਵਾਲੇ 50 ਫਿਸਦੀ ਤੋਂ ਵੱਧ ਨੌਜੁਆਨ ਤੰਬਾਕੂ ਕਾਰਨ ਹੋਣ ਵਾਲੀਆਂ ਬੀਮਾਰੀਆਂ ਕਾਰਨ ਮਰਦੇ ਹਨ। ਤੰਬਾਕੂ ਦੀ ਵਰਤੋਂ ਨਾ ਕਰਨ ਵਾਲੇ ਦੇ ਮੁਕਾਬਲੇ ਵਰਤੋਂ ਕਰਨ ਵਾਲੇ ਦੀ ਜ਼ਿੰਦਗੀ 22 ਤੋਂ 26 ਸਾਲ ਤੱਕ ਘੱਟ ਜਾਂਦੀ ਹੈ। ਤੰਬਾਕੂ ਦੀ ਵਰਤੋਂ ਮੂੰਹ, ਗਲਾ, ਫੇਫੜਿਆਂ, ਘੰਡੀ ਭੋਜਨ-ਨਲੀ, ਪਿਸ਼ਾਬ ਦਾ ਬਲੈਡਰ, ਗੁਰਦਾ ਅਤੇ ਗਰਦਨ ਆਦਿ ਦੇ ਕੈਂਸਰ ਦਾ ਕਾਰਨ ਬਣਦੀ ਹੈ। ਤੰਬਾਕੂ ਕਾਰਨ ਸਾਹ ਨਲੀ ਦੀ ਸੋਜ ਅਤੇ ਪੇਟ ਗੈਸ ਹੁੰਦੀ ਹੈ ਜਿਸ ਨਾਲ ਸਾਹ ਲੈਣ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਤੰਬਾਕੂ ਨਾਲ ਦਿਲ ਅਤੇ ਖੂਨ ਦੀਆਂ ਬੀਮਾਰੀਆਂ ਵਿੱਚ ਵਾਧਾ ਹੁੰਦਾ ਹੈ। ਤੰਬਾਕੂ ਕਾਰਨ ਹੋਣ ਵਾਲੀਆਂ ਜ਼ਿਆਦਾ ਮੌਤਾਂ ਦਿਲ ਦੇ ਦੌਰੇ ਨਾਲ ਹੁੰਦੀਆਂ ਹਨ। ਤੰਬਾਕੂ ਪੀਣ ਵਾਲੇ ਦੇ ਧੂੰਏ ਤੋ ਦੂਜੇ ਲੋਕਾਂ ਨੂੰ ਫੇਫੜਿਆਂ ਅਤੇ ਨੱਕ ਦੀ ਸਾਹ ਨਲੀ ਦਾ ਕੈਂਸਰ, ਦਿਲ ਦਾ ਦੌਰਾ, ਅੱਖਾਂ-ਨੱਕ ਤੇ ਗਲੇ ਵਿੱਚ ਜਲਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਤੰਬਾਕੂ ਦਾ ਧੂੰਆਂ ਬੱਚਿਆਂ ਲਈ ਬਹੁਤ ਹਾਨੀਕਾਰਕ ਹੈ। ਇਸ ਨਾਲ ਨਮੋਨੀਆ ਅਤੇ ਸਾਹ ਦੀ ਨਲੀ ਦੀ ਸੋਜ, ਦਮਾ, ਫੇਫੜਿਆਂ ਦੇ ਵਿਕਾਸ ਵਿੱਚ ਕਮੀ, ਜਨਮ ਵੇਲੇ ਬੱਚਿਆਂ ਦੇ ਵਜ਼ਨ ਦੀ ਕਮੀ, ਅਚਾਨਕ ਮੌਤ ਅਤੇ ਕਈ ਹੋਰ ਪੇਚੀਦਗੀਆ ਪੈਦਾ ਹੋ ਸਕਦੀਆਂ ਹਨ। ਇਸ ਗੰਭੀਰ ਸਮੱਸਿਆ ਨੂੰ ਵੇਖਦੇ ਹੋਏ ਵਿਸ਼ਵ ਸਿਹਤ ਸਗੰਠਨ ਦੀ ਅਸੈਂਬਲੀ ਨੇ ਮਤਾ ਨੰਬਰ 40.38 ਪਾਸ ਕੀਤਾ ਜਿਸ ਵਿੱਚ 07 ਅਪ੍ਰੈਲ 1988 ਨੂੰ ਸਿਗਰਟਨੋਸ਼ੀ ਨਾ ਕਰਨ ਵਾਲਾ ਇੱਕ ਸੰਸਾਰ ਕਿਹਾ ਗਿਆ। ਇਸ ਦਿਨ ਦਾ ਉਦੇਸ਼ ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਨੂੰ 24 ਘੰਟੇ ਲਈ ਤੰਬਾਕੂ ਉਤਪਾਦਨਾਂ ਦੀ ਵਰਤੋਂ ਕਰਨ ਤੋਂ ਰੋਕਣ ਦੀ ਅਪੀਲ ਕਰਨਾ ਸੀ। 1988 ਵਿੱਚ ਵਿਸ਼ਵ ਸਿਹਤ ਅਸੈਂਬਲੀ ਵਲੋਂ ਮਤਾ ਨੰਬਰ 42.19 ਪਾਸ ਕੀਤਾ ਗਿਆ ਅਤੇ ਹਰ ਸਾਲ 31 ਮਈ ਦਾ ਦਿਹਾੜਾ ''ਵਿਸ਼ਵ ਤੰਬਾਕੂ ਰਹਿਤ ਦਿਵਸ'' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਸਾਲ ਵਿਸ਼ਵ ਤੰਬਾਕੂ ਰਹਿਤ ਦਿਵਸ 31 ਮਈ ਨੂੰ ''ਅਪੀਲ ਨੂੰ ਉਜਾਗਰ ਕਰਨਾ'' ਥੀਮ ਨਾਲ ਮਨਾਇਆ ਜਾਵੇਗਾ। ਇਹ ਥੀਮ ਇਸ ਗੱਲ ਤੇ ਕੇਂਦ੍ਰਿਤ ਹੈ ਕਿ ਤੰਬਾਕੂ ਕੰਪਨੀਆਂ ਨੌਜਵਾਨਾਂ ਨੂੰ ਕਿਵੇਂ ਭਰਮਾਉਂਦੀਆਂ ਹਨ। ਉਹ ਤੰਬਾਕੂ ਨੂੰ ਮਜ਼ੇਦਾਰ ਬਣਾਉਣ ਲਈ




ਮਿੱਠੇ ਸੁਆਦਾਂ, ਰੰਗੀਨ ਪੈਕੇਜਿੰਗ ਅਤੇ ਝੂਠੇ ਇਸ਼ਤਿਹਾਰਾਂ ਦੀ ਵਰਤੋਂ ਕਰਦੀਆਂ ਹਨ। ਇਹ ਕੰਪਨੀਆਂ ਬੱਚਿਆਂ ਅਤੇ ਕਿਸ਼ੋਰਾਂ ਨੂੰ ਤੰਬਾਕੂ ਦੀ ਵਰਤੋਂ ਸ਼ੁਰੂ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਜੋ ਉਹ ਜੀਵਨ ਭਰ ਗਾਹਕ ਬਣ ਸਕਣ। ਇਸ ਸਾਲ ਦਾ ਥੀਮ ਸਾਨੂੰ ਇਨ੍ਹਾਂ ਕੰਪਨੀਆਂ ਦੀਆਂ ਚਾਲਾਂ ਨੂੰ ਦੇਖਣਾ ਅਤੇ ਸ਼ੁਰੂ ਤੋਂ ਹੀ ਤੰਬਾਕੂ ਨੂੰ ਨਾਂਹ ਕਹਿਣਾ ਸਿਖਾਉਂਦਾ ਹੈ। ਦੁਨੀਆ ਭਰ ਵਿੱਚ ਹਰ ਸਾਲ ਲਗਭਗ 3.5 ਮਿਲੀਅਨ ਹੈਕਟੇਅਰ ਜ਼ਮੀਨ ਤੰਬਾਕੂ ਉਗਾਉਣ ਲਈ ਵਰਤੀ ਜਾਂਦੀ ਹੈ। ਵੱਧ ਰਹੀ ਤੰਬਾਕੂ ਦੀ ਮੰਗ ਦੀ ਪੂਰਤੀ ਲਈ ਹਰ ਸਾਲ ਲੱਗਭੱਗ 200000 ਹੈਕਟੇਅਰ ਜੰਗਲਾਂ ਦੀ ਕਟਾਈ ਕਰਨੀ ਪੈਂਦੀ ਹੈ। ਤੰਬਾਕੂ ਉਗਾਉਣ ਲਈ ਕੀਟਨਾਸ਼ਕਾਂ ਅਤੇ ਖਾਦਾਂ ਦੀ ਵਰਤੋਂ ਦੀ ਲੋੜ ਹੁੰਦੀ ਹੈ ਜੋ ਧਰਤੀ ਨੂੰ ਨੁਕਸਾਨ ਪਹੁੰਚਾਂਦੇ ਹਨ। ਤੰਬਾਕੂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਘਟਾਉਂਦਾ ਹੈ ਅਤੇ ਤੰਬਾਕੂ ਦੇ ਖੇਤਾਂ ਵਿੱਚ ਮਾਰੂਥਲੀਕਰਨ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਤੰਬਾਕੂ ਦੇ 10 ਸਭ ਤੋਂ ਵੱਡੇ ਕਾਸ਼ਤਕਾਰਾਂ ਵਿੱਚੋਂ 9 ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ ਹਨ ਅਤੇ ਇਹਨਾਂ ਵਿੱਚੋਂ 4 ਨੂੰ ਘੱਟ ਆਮਦਨੀ ਵਾਲੇ ਭੋਜਨ-ਘਾਟੇ ਵਾਲੇ ਦੇਸ਼ਾਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਤੰਬਾਕੂ ਉਪਭੋਗਤਾਵਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਭਾਰਤ ਵਿੱਚ ਬਹੁਤ ਸਾਰੇ ਲੋਕ ਬੀੜੀਆਂ-ਸਿਗਰਟਾਂ ਪੀਂਦੇ ਹਨ, ਗੁਟਕਾ ਚਬਾਉਂਦੇ ਹਨ ਜਾਂ ਹੁੱਕਾ ਵਰਤਦੇ ਹਨ। ਭਾਰਤ ਵਿੱਚ ਹਰ ਸਾਲ ਤੰਬਾਕੂ ਕਾਰਨ 13 ਲੱਖ ਤੋਂ ਵੱਧ ਮੌਤਾਂ ਹੁੰਦੀਆਂ ਹਨ। ਇਸਦਾ ਮਤਲਬ ਹੈ ਕਿ ਤੰਬਾਕੂ ਨਾਲ ਸਬੰਧਤ ਬਿਮਾਰੀਆਂ ਕਾਰਨ ਹਰ ਰੋਜ਼ ਲਗਭਗ 3,500 ਲੋਕ ਮਰਦੇ ਹਨ। ਤੰਬਾਕੂ ਦੀ ਵਰਤੋਂ ਨਾ ਸਿਰਫ਼ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਬਲਕਿ ਦੇਸ਼ ਦੀ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰਦੀ ਹੈ। ਵਿਸ਼ਵ ਸਿਹਤ ਸੰਗਠਨ ਦੇ ਇੱਕ ਅਧਿਐਨ ਅਨੁਸਾਰ ਭਾਰਤ ਵਿੱਚ ਤੰਬਾਕੂ ਦੀ ਵਰਤੋਂ ਨਾਲ ਹਰ ਸਾਲ ਲੱਗਭੱਗ 1.77 ਲੱਖ ਕਰੋੜ ਦਾ ਨੁਕਸਾਨ ਹੁੰਦਾ ਹੈ ਜੋਕਿ ਕੁੱਲ ਆਮਦਨ ਦੇ 1ਗ਼ ਦੇ ਬਰਾਬਰ ਹੈ। ਇਨ੍ਹਾਂ ਮਾਰੂ ਪ੍ਰਭਾਵਾਂ ਨੂੰ ਵੇਖਦਿਆਂ ਹੀ ਭਾਰਤ ਸਰਕਾਰ ਨੇ 2003 ਵਿੱਚ ਤੰਬਾਕੂ ਨਿਯੰਤਰਣ ਐਕਟ ਲਾਗੂ ਕੀਤਾ ਹੈ ਜਿਸ ਅਨੁਸਾਰ ਤੰਬਾਕੂ ਅਤੇ ਤੰਬਾਕੂ ਉਤਪਾਦਾਂ ਦੇ ਵਿਉਪਾਰ, ਪ੍ਰਚਾਰ ਆਦਿ ਤੇ ਨਿਯੰਤਰਣ ਕੀਤਾ ਗਿਆ ਹੈ। ਇਸ ਐਕਟ ਵਿੱਚ ਸਮੇਂ-ਸਮੇਂ ਤੇ ਸੋਧ ਕੀਤੀ ਗਈ ਹੈ। ਇਸ ਐਕਟ ਅਨੁਸਾਰ ਕਿਸੇ ਵੀ ਤੰਬਾਕੂ ਉਤਪਾਦਨ ਦਾ ਪ੍ਰਚਾਰ ਨਹੀਂ ਕੀਤਾ ਜਾਵੇਗਾ। ਵਿੱਦਿਅਕ ਅਦਾਰਿਆਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਨ ਨਹੀਂ ਵੇਚੇ ਜਾ ਸਕਦੇ ਹਨ, ਨਾਬਾਲਗ ਬੱਚਿਆਂ ਨੂੰ ਤੰਬਾਕੂ ਉਤਪਾਦਨ ਵੇਚਣਾ ਕਾਨੂੰਨਨ ਜੁਰਮ ਕਰਾਰ ਦਿਤਾ ਗਿਆ ਹੈ, ਤੰਬਾਕੂ ਉਤਪਾਦਨਾ ਸਬੰਧੀ ਸੱਖਤ ਨਿਯਮ ਬਣਾਏ ਗਏ ਹਨ। ਭਾਰਤ ਸਰਕਾਰ ਨੇ 11ਵੀਂ ਪੰਜ ਸਾਲਾ ਯੋਜਨਾ ਦੌਰਾਨ ਸਾਲ 2007-08 ਵਿੱਚ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਿਸਦਾ ਉਦੇਸ਼ ਤੰਬਾਕੂ ਦੇ ਸੇਵਨ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਤੰਬਾਕੂ ਉਤਪਾਦਨ ਨੂੰ ਘਟਾਉਣਾ ਹੈ। ਤੰਬਾਕੂ ਉਤਪਾਦਾਂ ਦੀ ਸਪਲਾਈ, ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦ (ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਵੰਡ) ਐਕਟ 2003 ਅਧੀਨ ਉਪਬੰਧਾਂ ਦੇ ਪ੍ਰਭਾਵੀ ਅਮਲ ਨੂੰ ਯਕੀਨੀ ਬਣਾਉਣਾ ਹੈ। ਤੰਬਾਕੂ ਦੀ ਵਰਤੋਂ ਛੱਡਣ ਵਿੱਚ ਲੋਕਾਂ ਦੀ ਮੱਦਦ ਕਰਨਾ ਅਤੇ ਤੰਬਾਕੂ ਨਿਯੰਤਰਣ ਦੇ ਵਿਸ਼ਵ ਸਿਹਤ ਸੰਸਥਾ ਫਰੇਮਵਰਕ ਕਨਵੈਨਸ਼ਨ ਦੁਆਰਾ ਵਕਾਲਤ ਕੀਤੇ ਤੰਬਾਕੂ ਦੀ ਰੋਕਥਾਮ ਅਤੇ ਨਿਯੰਤਰਣ ਲਈ ਰਣਨੀਤੀਆਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਨਾ ਹੈ। 02 ਅਕਤੂਬਰ 2008 ਤੋਂ ਜਨਤਕ ਸਥਾਨਾਂ ਤੇ ਸਿਗਰਟਨੋਸ਼ੀ ਤੇ ਮੁਕੰਮਲ ਪਬੰਦੀ ਲਗਾਈ ਗਈ ਹੈ ਅਤੇ ਅਜਿਹਾ ਕਰਨ ਵਾਲ਼ਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਰਾਸ਼ਟਰ ਪੱਧਰ ਤੇ ਤੰਬਾਕੂ ਨਿਯੰਤਰਣ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜੋਕਿ ਹੁਣ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਲਾਗੂ ਕੀਤਾ ਗਿਆ ਹੈ। ਤੰਬਾਕੂ ਉਤਪਾਦਾਂ ਦੇ ਪੈਕ ਦੇ ਮੁੱਖ ਡਿਸਪਲੇ ਖੇਤਰ ਦੇ ਦੋਵੇਂ ਪਾਸੇ 85% ਨੂੰ ਕਵਰ ਕਰਨ ਵਾਲੇ ਉਤਪਾਦਾਂ ਤੇ ਵੱਡੀਆਂ ਵਿਸ਼ੇਸ਼ ਸਿਹਤ ਚੇਤਾਵਨੀਆਂ ਅਤੇ ਤੰਬਾਕੂ ਉਪਭੋਗਤਾਵਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਸਿਹਤ ਚੇਤਾਵਨੀਆਂ ਵਿੱਚ ਹੈਲਪਲਾਇਨ ਨੰਬਰ 1800112356 ਸ਼ਾਮਲ ਕਰਨਾ ਅਤੇ ਉਹਨਾਂ ਨੂੰ ਸਲਾਹ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨਾ ਹੈ। ਰਾਸ਼ਟਰੀ ਤੰਬਾਕੂ ਟੈਸਟਿੰਗ ਲੈਬਾਰਟਰੀਆਂ ਦੀ ਸਥਾਪਨਾ ਕੀਤੀ ਗਈ ਹੈ। ਗਲੋਬਲ ਬਾਲਗ ਤੰਬਾਕੂ ਸਰਵੇਖਣ ਅਨੁਸਾਰ ਪੰਜਾਬ ਵਿੱਚ 13.6% ਮਰਦ, 0.4% ਔਰਤਾਂ ਅਤੇ ਸਾਰੇ ਬਾਲਗਾਂ ਵਿੱਚੋਂ 7.3% ਇਸ ਵੇਲੇ ਤੰਬਾਕੂ ਪੀਂਦੇ ਹਨ। 15.0% ਮਰਦ, 0.3% ਔਰਤਾਂ ਅਤੇ 8.0 ਸਾਰੇ ਬਾਲਗ ਇਸ ਵੇਲੇ ਧੂੰਆਂ ਰਹਿਤ ਤੰਬਾਕੂ ਦੀ ਵਰਤੋਂ ਕਰਦੇ ਹਨ। 25.3% ਮਰਦ, 0.5% ਔਰਤਾਂ ਅਤੇ ਸਾਰੇ ਬਾਲਗਾਂ ਵਿੱਚੋਂ 13.4% ਜਾਂ ਤਾਂ ਤੰਬਾਕੂ ਪੀਂਦੇ ਹਨ ਜਾਂ ਧੂੰਆਂ ਰਹਿਤ ਤੰਬਾਕੂ ਦੀ ਵਰਤੋਂ ਕਰਦੇ ਹਨ। ਪੰਜਾਬ ਸਰਕਾਰ ਵਲੋਂ ਰਾਜ ਪੱਧਰ ਅਤੇ ਜਿਲ੍ਹਾ ਪੱਧਰ ਤੇ ਤੰਬਾਕੂ ਨਿਯੰਤਰਣ ਸੈਲ ਬਣਾਏ ਗਏ ਹਨ। ਇਸ ਸਬੰਧੀ ਇੱਕ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿਹਤ ਵਿਭਾਗ, ਵਿੱਤ ਵਿਭਾਗ, ਲੇਬਰ ਵਿਭਾਗ, ਕਾਮਰਸ, ਗ੍ਰਹਿ ਵਿਭਾਗ, ਲੋਕ ਸੰਪਰਕ ਵਿਭਾਗ, ਸਿਖਿਆ ਵਿਭਾਗ, ਕਾਨੂੰਨ ਅਤੇ ਖੇਤੀਬਾੜੀ ਵਿਭਾਗ ਤੋਂ ਇਲਾਵਾ ਗੈਰ ਸਰਕਾਰੀ ਸੰਸਥਾਵਾਂ ਦੇ ਨੁਮਾਇਦੇ ਨੌਜਵਾਨ ਆਦਿ ਸ਼ਾਮਿਲ ਕੀਤੇ ਗਏ ਹਨ। ਇਸ ਐਕਟ ਦੀ ਉਲੰਘਣਾ ਕਰਕੇ ਵਪਾਰ ਕਰਨ ਅਤੇ ਉਤਪਾਦਨ ਵੇਚਣ ਵਾਲੇ ਵਿਅਕਤੀ ਨੂੰ ਪਹਿਲੀ ਵਾਰ 2 ਸਾਲ ਤੱਕ ਦੀ ਸਜਾ ਅਤੇ 1000/- ਰੁਪਏ ਜੁਰਮਾਨਾ ਹੋ ਸਕਦਾ ਹੈ ਅਤੇ ਦੁਬਾਰਾ ਪਕੜੇ ਜਾਣ ਤੇ 5 ਸਾਲ ਤੱਕ ਦੀ ਕੈਦ ਅਤੇ 5000/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਕਾਨੂੰਨ ਅਨੁਸਾਰ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਕਰਨ ਵਾਲੇ ਵਿਅਕਤੀ ਨੂੰ 200/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਐਕਟ ਅਨੁਸਾਰ ਪੰਜਾਬ ਸਰਕਾਰ ਨੇ ਕਾਰਵਾਈ ਕਰਦੇ ਹੋਏ ਨੋਟੀਫਿਕੇਸ਼ਨ ਨੰਬਰ 21/51/95-5 ਐਚ ਬੀ ਵੀ /1022 ਮਿਤੀ 24 ਮਈ 2010 ਨੂੰ ਜਾਰੀ ਕੀਤੀ ਗਈ ਹੈ ਜਿਸ ਅਨੁਸਾਰ ਇਸ ਐਕਟ ਅਧੀਨ ਲੱਗਭੱਗ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਕਾਰਵਾਈ ਕਰਨ ਦੇ ਅਧਿਕਾਰ ਦਿਤੇ ਹਨ। ਇਸ ਅਨੁਸਾਰ ਰਾਜ ਦੇ ਸਮੂਹ ਡਿਪਟੀ ਕਮਿਸਨਰਾਂ ਅਤੇ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਕਿਸੇ ਵੀ ਵਿੱਦਿਅਕ ਅਦਾਰੇ ਦੇ 100 ਗਜ਼ ਦੇ ਘੇਰੇ ਵਿੱਚ ਆਂਦੇ ਤੰਬਾਕੂ ਉਤਪਾਦਨ ਵੇਚਣ ਵਾਲ਼ੀਆਂ ਦੁਕਾਨਾ ਹਟਾ ਦਿੱਤੀਆਂ ਗਈਆਂ ਹਨ ਅਤੇ ਉਹ ਤੰਬਾਕੂ ਉਤਪਾਦਾਂ ਦੀ ਵਿਕਰੀ ਸਬੰਧੀ ਮਨਾਹੀ ਬੋਰਡ ਲਗਾਉਣੇ ਯਕੀਨੀ ਬਣਾਉਣ। ਇਸ ਸਬੰਧੀ ਹੋਰ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਫੂਡ ਸੇਫਟੀ ਕਮਿਸ਼ਨਰ ਕਮ ਸਕੱਤਰ ਨੇ ਪੱਤਰ ਨੰਬਰ 11/10/12-3 ਐਚ ਬੀ 4/2524 ਮਿਤੀ 05.09.2012 ਰਾਹੀਂ ਨੋਟੀਫਿਕੇਸ਼ਨ ਜਾਰੀ ਕਰਕੇ ਤੰਬਾਕੂ, ਪਾਨ ਮਸਾਲਾ ਅਤੇ ਨਿਕੋਟੀਨ ਯੁਕਤ ਪਦਾਰਥਾਂ ਦੇ ਉਤਪਾਦਨ, ਸਟੋਰ ਕਰਨ ਅਤੇ ਵਿਕਰੀ ਕਰਨ ਤੇ ਪਾਬੰਦੀ ਲਗਾ ਦਿੱਤੀ ਹੈ। ਪੰਜਾਬ ਨੂੰ ਤੰਬਾਕੂ ਮੁਕਤ ਰਾਜ ਬਣਾਉਣ ਦੀ ਮੁਹਿੰਮ ਅਧੀਨ 31 ਮਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਪੰਜਾਬ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਸੀ ਅਤੇ ਮਿਤੀ 6 ਜੁਲਾਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਸਮੋਕ ਫਰੀ ਬਣਾਉਣ ਲਈ ਮੁਹਿੰਮ ਚਲਾਈ ਗਈ ਅਤੇ 23 ਫਰਵਰੀ 2012 ਨੂੰ ਰਾਜ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਹੁਣ ਸਾਰੇ ਜਿਲ੍ਹੇ ਤੰਬਾਕੂ ਮੁੱਕਤ ਘੋਸ਼ਿਤ ਕੀਤੇ ਗਏ ਹਨ। ਪੰਜਾਬ ਵਿੱਚ ਐਂਟੀ ਤੰਬਾਕੂ ਟਾਸਕ ਫੋਰਸ ਬਣਾਈ ਗਈ ਹੈ ਜੋ ਕਿ ਸਰਵਜਨਕ ਸਥਾਨਾਂ ਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟਦੀ ਹੈ। ਪੰਜਾਬ ਵਿੱਚ ਵਿੱਚ ਹਰ ਸਾਲ ਇਸ ਐਕਟ ਦੀ ਉਲੰਘਣਾ ਸਬੰਧੀ ਹਜਾਰਾਂ ਚਲਾਨ ਜਾਂਦੇ ਹਨ। ਪੰਜਾਬ ਸਰਕਾਰ ਵਲੋਂ ਸੂਬੇ ਦੇ ਸੈਕੜ੍ਹੇ ਪਿੰਡਾਂ ਨੂੰ ਤੰਬਾਕੂ ਮੁੱਕਤ ਘੋਸ਼ਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਇਸ ਸਬੰਧੀ ਕੀਤੇ ਗਏ ਕੰਮਾਂ ਕਾਰਨ ਹੀ ਵਿਸ਼ਵ ਸਿਹਤ ਸੰਗਠਨ ਵਲੋਂ 2015 ਵਿੱਚ ਵਿਸ਼ੇਸ ਤੋਰ ਤੇ ਸਨਮਾਨਿਤ ਕੀਤਾ ਗਿਆ ਹੈ। ਪੰਜਾਬ ਵਿੱਚ ਪਾਸ ਕੀਤੇ ਮਤਿਆਂ ਰਾਹੀਂ 729 ਪਿੰਡਾਂ ਨੂੰ ਤੰਬਾਕੂ ਮੁੱਕਤ ਘੋਸ਼ਿਤ ਕੀਤਾ ਹੈ ਜਿਸ ਵਿੱਚ 10.93 ਲੱਖ ਦੀ ਆਬਾਦੀ ਸ਼ਾਮਲ ਹੈ। ਪੰਜਾਬ ਸਰਕਾਰ ਵਲੋਂ ਸੂੱਬਾ ਪੱਧਰ ਤੇ 01 ਨਵੰਬਰ ਦਾ ਦਿਹਾੜਾ ਪੰਜਾਬ ਰਾਜ ਨੋ ਤੰਬਾਕੂ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਾਰੇ ਜ਼ਿਲ੍ਹਿਆਂ ਵਿੱਚ ਤੰਬਾਕੂ ਮੁਕਤੀ ਕੇਂਦਰ ਸਥਾਪਿਤ ਕੀਤੇ ਗਏ ਹਨ। ਬੇਸ਼ੱਕ ਕੇਂਦਰ ਅਤੇ ਰਾਜ ਸਰਕਾਰਾਂ ਨੇ ਦਫ਼ਤਰਾਂ, ਬੱਸਾਂ ਅਤੇ ਹੋਰ ਸਰਵਜਨਕ ਥਾਵਾਂ ਤੇ ਸਿਗਰਟ, ਬੀੜੀ ਪੀਣ ਉੱਤੇ ਪਾਬੰਦੀ ਲਗਾਈ ਹੈ ਪਰ ਇਸ ਉਤੇ ਬਹੁਤ ਘੱਟ ਅਮਲ ਹੋ ਰਿਹਾ ਹੈ। ਤੰਬਾਕੂ ਦੀ ਵਰਤੋਂ ਕਾਰਨ ਹੋ ਰਹੇ ਨੁਕਸਾਨਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਇਸ ਸਬੰਧੀ ਜਾਗਰੁਕਤਾ ਫੈਲਾਉਣ ਲਈ ਅਤੇ ਤੰਬਾਕੂ ਦੀ ਵਰਤੋਂ ਤੇ ਮੁਕੰਮਲ ਪਾਬੰਦੀ ਲਗਾਉਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ।

# ਮੋਦੀ ਦੀਆਂ ਧਮਕੀਆਂ ਦੀ ਪਾਕਿਸਤਾਨ ਵਿਚ ਚਰਚਾ

**ਨਵੀਂ ਦਿੱਲੀ (ਬਿਊਰੋ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗੁਜਰਾਤ ਦੌਰੇ ਦੌਰਾਨ ਦਿੱਤੇ ਗਏ ਸਖ਼ਤ ਅੱਤਵਾਦ ਵਿਰੋਧੀ ਚੇਤਾਵਨੀ ਵਾਲੇ ਬਿਆਨਾਂ ਨੇ ਪਾਕਿਸਤਾਨ ਵਿੱਚ ਹਲਚਲ ਮਚਾ ਦਿੱਤੀ ਹੈ। ਪੀਐਮ ਮੋਦੀ ਨੇ ਪਾਕਿਸਤਾਨ ਨੂੰ ਸ਼ਾਂਤੀ ਨਾਲ ਰਹਿਣ ਅਤੇ ਰੋਟੀ ਖਾਣ ਦੀ ਸਲਾਹ ਦਿੱਤੀ ਨਹੀਂ ਤਾਂ ਗੋਲੀ ਹੈ ਅਤੇ ਸਖ਼ਤ ਸੁਰ ਵਿੱਚ ਚੇਤਾਵਨੀ ਦਿੱਤੀ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਬਿਆਨ ਨੂੰ ਨਫ਼ਰਤ ਫੈਲਾਉਣ ਵਾਲਾ ਦੱਸਿਆ ਹੈ। ਗੁਜਰਾਤ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨਾਂ ਨੇ ਪਾਕਿਸਤਾਨ ਵਿੱਚ ਹਲਚਲ ਮਚਾ ਦਿੱਤੀ ਹੈ। ਦਰਅਸਲ, ਪੀਐਮ ਮੋਦੀ ਨੇ ਗੁਜਰਾਤ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਅੱਤਵਾਦ ਵਿਰੁੱਧ ਸਖ਼ਤ ਚੇਤਾਵਨੀ ਦਿੱਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਕਿਸਤਾਨ ਨੂੰ ਸਿੱਧਾ ਸੁਨੇਹਾ ਦਿੰਦੇ ਹੋਏ ਕਿਹਾ ਸੀ ਕਿ ਖੁਸ਼ਹਾਲ ਜ਼ਿੰਦਗੀ ਜੀਓ, ਰੋਟੀ ਖਾਓ... ਨਹੀਂ ਤਾਂ ਮੇਰੀ ਗੋਲੀ ਹੈ। ਭਾਰਤ ਦੀ ਦਿਸ਼ਾ ਬਹੁਤ ਸਪੱਸ਼ਟ ਹੈ... ਭਾਰਤ ਨੇ ਵਿਕਾਸ ਦਾ ਰਸਤਾ ਚੁਣਿਆ ਹੈ, ਸ਼ਾਂਤੀ ਅਤੇ ਖੁਸ਼ਹਾਲੀ ਦਾ ਰਸਤਾ। ਹੁਣ ਪਾਕਿਸਤਾਨ ਨੇ ਉਨ੍ਹਾਂ ਦੇ ਬਿਆਨ 'ਤੇ ਇਤਰਾਜ਼ ਜਤਾਇਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਪ੍ਰਧਾਨ ਮੰਤਰੀ ਮੋਦੀ ਦੇ ਬਿਆਨ ਨੂੰ ਨਫ਼ਰਤ ਫੈਲਾਉਣ ਵਾਲਾ ਦੱਸਿਆ ਹੈ।



**'ਅਸੀਂ ਸ਼ਾਂਤੀ ਚਾਹੁੰਦੇ ਹਾਂ, ਜੇਕਰ ਸਾਨੂੰ ਧਮਕੀ ਦਿੱਤੀ ਗਈ ਤਾਂ...',**

ਪਾਕਿਸਤਾਨ ਨੇ ਇੱਕ ਵਾਰ ਫਿਰ ਭਾਰਤ ਨੂੰ ਧਮਕੀ ਦਿੱਤੀ ਅਤੇ ਕਿਹਾ, ਅਸੀਂ ਸ਼ਾਂਤੀ ਚਾਹੁੰਦੇ ਹਾਂ, ਪਰ ਜੇਕਰ ਸਾਨੂੰ ਧਮਕੀ ਦਿੱਤੀ ਗਈ ਤਾਂ ਅਸੀਂ ਜਵਾਬ ਦੇਵਾਂਗੇ। ਪਾਕਿਸਤਾਨ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਮੋਦੀ ਨੇ ਹਿੰਸਾ ਬਾਰੇ ਗੱਲ ਕੀਤੀ ਹੈ ਉਹ ਇੱਕ ਪ੍ਰਮਾਣੂ ਸ਼ਕਤੀ ਵਾਲੇ ਦੇਸ਼ ਨੂੰ ਢੁਕਵਾਂ ਨਹੀਂ ਹੈ। ਇਹ ਖੇਤਰੀ ਸ਼ਾਂਤੀ ਲਈ ਖ਼ਤਰਾ ਪੈਦਾ ਕਰਦਾ ਹੈ।

**ਪਾਕਿਸਤਾਨ ਦਾ ਤਣਾਅ ਵਧਿਆ**

ਆਪਰੇਸ਼ਨ ਸਿੰਦੂਰ ਤੋਂ ਬਾਅਦ ਪਾਕਿਸਤਾਨ ਪਹਿਲਾਂ ਹੀ ਪਰੇਸ਼ਾਨ ਹੈ। ਹੁਣ ਪ੍ਰਧਾਨ ਮੰਤਰੀ ਮੋਦੀ ਵੱਲੋਂ ਦਿੱਤੇ ਗਏ ਬਿਆਨ ਤੋਂ ਬਾਅਦ, ਉਹ ਹੋਰ ਘਬਰਾ ਗਿਆ ਹੈ। ਪਾਕਿਸਤਾਨ ਨੇ ਇਹ ਵੀ ਦੋਸ਼ ਲਗਾਇਆ ਕਿ ਭਾਰਤ ਸਰਕਾਰ ਅਜਿਹੇ ਬਿਆਨ ਦੇ ਕੇ ਜੰਮੂ-ਕਸ਼ਮੀਰ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਤੋਂ ਧਿਆਨ ਹਟਾਉਣਾ ਚਾਹੁੰਦੀ ਹੈ। ਆਪਣੇ ਆਪ ਨੂੰ ਸ਼ਾਂਤੀ ਦਾ ਸਮਰਥਕ ਦੱਸਦਿਆਂ, ਪਾਕਿਸਤਾਨ ਨੇ ਕਿਹਾ ਕਿ ਉਹ ਸੰਯੁਕਤ ਰਾਸ਼ਟਰ ਮਿਸ਼ਨਾਂ ਵਿਚ ਸਭ ਤੋਂ ਅੱਗੇ ਰਿਹਾ ਹੈ ਅਤੇ ਅੱਤਵਾਦ ਵਿਰੁੱਧ ਵਿਸ਼ਵਵਿਆਪੀ ਲੜਾਈ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

# ਸੈਮੀਕੰਡਕਟਰ ਉਦਯੋਗ ਵਿੱਚ ਉੱਭਰ ਰਹੇ ਕਰੀਅਰ ਮਾਰਗ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸੈਮੀਕੰਡਕਟਰ ਉਦਯੋਗ ਆਧੁਨਿਕ ਵਪਾਰ ਦਾ ਇੱਕ ਮਹੱਤਵਪੂਰਨ ਖੇਤਰ ਹੈ ਜਿਸ ਵਿੱਚ ਚਿਪਸ ਦੇ ਡਿਜ਼ਾਈਨ, ਨਿਰਮਾਣ ਅਤੇ ਵੰਡ ਸ਼ਾਮਲ ਹੈ, ਜਿਸਨੂੰ ਏਕੀਕ੍ਰਿਤ ਸਰਕਟ ਵੀ ਕਿਹਾ ਜਾਂਦਾ ਹੈ।

ਆਈਸੀ ਸੈਮੀਕੰਡਕਟਰ ਸਮੱਗਰੀ ਤੋਂ ਬਣੇ ਇਲੈਕਟ੍ਰਾਨਿਕ ਹਿੱਸੇ ਹਨ ਜੋ ਇੰਸੂਲੇਟਰਾਂ ਅਤੇ ਕੰਡਕਟਰਾਂ ਵਿਚਕਾਰ ਬਿਜਲੀ ਚਾਲਕਤਾ ਪ੍ਰਦਾਨ ਕਰਦੇ ਹਨ ਅਤੇ ਕੰਪਿਊਟਰ, ਸਮਾਰਟਫੋਨ, ਕੈਮਰੇ, ਸਮਾਰਟਫੋਨ, ਆਟੋਮੋਟਿਵ ਸਿਸਟਮ ਅਤੇ ਉਦਯੋਗਿਕ ਮਸ਼ੀਨਰੀ ਵਰਗੇ ਰੋਜ਼ਾਨਾ ਇਲੈਕਟ੍ਰਾਨਿਕ ਉਪਕਰਣਾਂ ਲਈ ਮਹੱਤਵਪੂਰਨ ਹਨ।

ਪਿਛਲੇ ਕੁਝ ਸਾਲਾਂ ਵਿੱਚ, ਤੁਸੀਂ ਸ਼ਾਇਦ ਚਿੱਪ ਦੀ ਘਾਟ ਬਾਰੇ ਸੁਣਿਆ ਹੋਵੇਗਾ। ਚੱਲ ਰਹੀ ਸਪਲਾਈ ਚੇਨ ਰਿਕਵਰੀ ਅਤੇ 2022 ਦੇ ਯੂਐਸ ਚਿੱਪਸ ਅਤੇ ਸਾਇੰਸ ਐਕਟ ਦੇ ਕਾਰਨ, ਇਹ ਉਦਯੋਗ ਪੂਰੇ ਜੋਸ਼ ਵਿੱਚ ਹੈ, ਵਧ-ਫੁੱਲ ਰਿਹਾ ਹੈ, ਅਤੇ ਇਸਨੂੰ ਚਿੱਪ ਸੈਮੀਕੰਡਕਟਰ ਕਰੀਅਰ ਦੀ ਭਾਲ ਕਰਨ ਵਾਲੇ ਮਿਹਨਤੀ ਪੇਸ਼ੇਵਰਾਂ ਦੀ ਲੋੜ ਹੈ।

ਮਈ 2023 ਦੇ ਸੈਮੀਕੰਡਕਟਰ ਇੰਡਸਟਰੀ ਆਰਗੇਨਾਈਜ਼ੇਸ਼ਨ ਦੇ ਇੱਕ ਲੇਖ ਦੇ ਅਨੁਸਾਰ, 2022 ਵਿੱਚ ਗਲੋਬਲ ਸੈਮੀਕੰਡਕਟਰ ਵਿਕਰੀ $574 ਬਿਲੀਅਨ ਤੱਕ ਪਹੁੰਚ ਗਈ, ਜਿਸ ਵਿੱਚ ਯੂਐਸ ਦੀ ਵਿਕਰੀ $275 ਬਿਲੀਅਨ ਸੀ। ਜਿਵੇਂ-ਜਿਵੇਂ ਉਦਯੋਗ ਮੁੜ ਉੱਭਰ ਰਿਹਾ ਹੈ, ਇਸਨੂੰ ਚੱਲ ਰਹੀਆਂ ਜ਼ਰੂਰਤਾਂ ਅਤੇ ਨਵੇਂ ਵਿਕਾਸ ਦਾ ਸਮਰਥਨ ਕਰਨ ਲਈ ਪੇਸ਼ੇਵਰਾਂ ਦੀ ਜ਼ਰੂਰਤ ਹੋਏਗੀ।

ਜਦੋਂ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਗਲੋਬਲ ਸੈਮੀਕੰਡਕਟਰ ਉਦਯੋਗ ਵਿੱਚ ਬਹੁਤ ਸਾਰੀਆਂ ਕੰਪਨੀਆਂ ਹਨ, ਦੂਜੇ ਦੇਸ਼ ਇਸ ਖੇਤਰ ਵਿੱਚ ਹਾਵੀ ਹਨ, ਜਿਨ੍ਹਾਂ ਵਿੱਚ ਜਾਪਾਨ, ਤਾਈਵਾਨ, ਦੱਖਣੀ ਕੋਰੀਆ ਅਤੇ ਨੀਦਰਲੈਂਡ ਸ਼ਾਮਲ ਹਨ।

ਸੈਮੀਕੰਡਕਟਰ ਉਦਯੋਗ ਵਿੱਚ ਕਰੀਅਰ ਜੇਕਰ ਤੁਸੀਂ ਹੁਣੇ ਹੀ ਇਸ ਦਿਲਚਸਪ ਖੇਤਰ ਵਿੱਚ ਕਰੀਅਰ ਬਾਰੇ ਵਿਚਾਰ ਕਰਨਾ ਸ਼ੁਰੂ ਕੀਤਾ ਹੈ, ਤਾਂ ਇਹ ਤੁਹਾਨੂੰ ਕੁਝ ਕਰੀਅਰ ਵਿਸ਼ੇਸ਼ਤਾਵਾਂ ਨੂੰ ਸਮਝਣ ਵਿੱਚ ਮਦਦ ਕਰ ਸਕਦਾ ਹੈ ਜਿਨ੍ਹਾਂ 'ਤੇ ਤੁਸੀਂ ਸਹੀ ਫਿਟ ਲਈ ਵਿਚਾਰ ਕਰ ਸਕਦੇ ਹੋ।

ਇੱਥੇ ਕੁਝ ਸੈਮੀਕੰਡਕਟਰ ਉਦਯੋਗ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ 'ਤੇ ਤੁਸੀਂ ਧਿਆਨ ਕੇਂਦਰਿਤ ਕਰ ਸਕਦੇ ਹੋ:
ਸਿਸਟਮ ਅਤੇ ਐਪਲੀਕੇਸ਼ਨ ਸਾਫਟਵੇਅਰ ਵਿਕਾਸ ਸਿਸਟਮ ਏਕੀਕਰਨ ਅਤੇ ਟੈਸਟਿੰਗ ਗਰਮੀ ਅਤੇ ਪੁੰਜ ਟ੍ਰਾਂਸਫਰ ਇਮੇਜਿੰਗ ਅਤੇ ਲਿਥੋਗ੍ਰਾਫੀ ਪ੍ਰਦਰਸ਼ਨ ਇਲੈਕਟ੍ਰਾਨਿਕਸ ਮੇਕਾਟ੍ਰੋਨਿਕਸ ਇਲੈਕਟ੍ਰੌਨ ਆਪਟਿਕਸ ਮੁੱਢਲੀਆਂ ਨੌਕਰੀਆਂ ਦੀਆਂ ਡਿਊਟੀਆਂ ਅਤੇ ਸਮੁੱਚੀਆਂ ਲੋੜਾਂ ਜਦੋਂ ਕਿ ਇਸ ਉਦਯੋਗ ਵਿੱਚ ਪੇਸ਼ੇਵਰਾਂ ਲਈ ਕੁਝ ਫਰਜ਼ ਖਾਸ ਕਰੀਅਰ ਨਾਲ ਸਬੰਧਤ ਹਨ, ਕੁਝ ਵਿਆਪਕ ਹੁਨਰਾਂ ਦੀ ਵੀ ਲੋੜ ਹੁੰਦੀ ਹੈ:

ਸੈਮੀਕੰਡਕਟਰਾਂ ਦੀ ਵਰਤੋਂ ਕਰਕੇ ਨਿਰਮਿਤ ਯੰਤਰਾਂ ਨੂੰ ਡਿਜ਼ਾਈਨ ਕਰਨਾ, ਵਿਕਸਤ ਕਰਨਾ ਅਤੇ ਟੈਸਟ ਕਰਨਾ ਆਈਸੀ ਅਤੇ ਸੈਮੀਕੰਡਕਟਰਾਂ ਦੇ ਡਿਜ਼ਾਈਨ ਅਤੇ ਨਿਰਮਾਣ ਪ੍ਰਕਿਰਿਆ ਨੂੰ ਅਨੁਕੂਲ ਬਣਾਉਣਾ ਚਿੱਪਸ ਅਤੇ ਸੈਮੀਕੰਡਕਟਰਾਂ ਦੀ ਉਪਜ, ਭਰੋਸੇਯੋਗਤਾ ਅਤੇ ਪ੍ਰਦਰਸ਼ਨ ਵਿੱਚ ਸੁਧਾਰ ਏਕੀਕ੍ਰਿਤ ਸਰਕਟਾਂ ਦਾ ਡਿਜ਼ਾਈਨ ਅਤੇ ਵਿਕਾਸ ਸੈਮੀਕੰਡਕਟਰ ਯੰਤਰਾਂ ਦੇ ਨਿਰਮਾਣ ਵਿੱਚ ਵਰਤੇ ਜਾਣ ਵਾਲੇ ਉਪਕਰਣਾਂ ਦਾ ਸੰਚਾਲਨ ਅਤੇ ਰੱਖ-ਰਖਾਅ ਸੈਮੀਕੰਡਕਟਰ ਯੰਤਰਾਂ ਦੀ ਸ਼ਿਪਮੈਂਟ ਲਈ ਸਹੀ ਪੈਕੇਜਿੰਗ ਨੂੰ ਯਕੀਨੀ ਬਣਾਉਣਾ ਸੈਮੀਕੰਡਕਟਰ ਡਿਵਾਈਸਾਂ ਦੀ ਮਾਰਕੀਟਿੰਗ ਚਿੱਪਸ ਅਤੇ ਸੈਮੀਕੰਡਕਟਰਾਂ ਦੀ ਵਰਤੋਂ ਦੇ ਨਵੇਂ ਤਰੀਕੇ ਲੱਭਣ ਅਤੇ ਵਿਕਸਤ ਕਰਨ ਲਈ ਖੋਜ ਅਤੇ ਵਿਕਾਸ (R&D) ਕਰਨਾ ਰਿਲੀਜ਼ ਅਤੇ ਸ਼ਿਪਮੈਂਟ ਤੋਂ ਪਹਿਲਾਂ ਸੈਮੀਕੰਡਕਟਰ ਡਿਵਾਈਸਾਂ ਦੀ ਜਾਂਚ ਕਰਕੇ ਗੁਣਵੱਤਾ ਨਿਯੰਤਰਣ ਅਤੇ ਭਰੋਸਾ ਪ੍ਰਦਾਨ ਕਰਨਾ ਤੁਸੀਂ ਆਪਣੀ ਭੂਮਿਕਾ ਵਿੱਚ ਉਦਯੋਗ ਦਾ ਕਿਵੇਂ ਸਮਰਥਨ ਕਰੋਗੇ? ਜਿਵੇਂ ਕਿ ਤੁਸੀਂ ਦੇਖ ਸਕਦੇ ਹੋ, ਇਸ ਉਦਯੋਗ ਦਾ ਸਮਰਥਨ ਕਰਨ ਦੇ ਬਹੁਤ ਸਾਰੇ ਤਰੀਕੇ ਹਨ। ਜੇਕਰ ਤੁਸੀਂ ਮਾਰਕੀਟਿੰਗ ਵਰਗੇ ਖੇਤਰ ਨੂੰ ਅਪਣਾਉਂਦੇ ਹੋ ਤਾਂ ਤੁਹਾਨੂੰ ਸਭ ਤੋਂ ਵੱਧ ਤਕਨੀਕੀ, ਵਿਗਿਆਨ-ਅਧਾਰਤ ਹੁਨਰਾਂ ਦੀ ਲੋੜ ਨਹੀਂ ਹੋ ਸਕਦੀ। ਹਾਲਾਂਕਿ, ਤੁਹਾਨੂੰ ਅਜੇ ਵੀ ਉਨ੍ਹਾਂ ਉਤਪਾਦਾਂ ਦੀ ਪੱਕੀ ਸਮਝ ਹੋਣੀ ਚਾਹੀਦੀ ਹੈ ਜਿਨ੍ਹਾਂ ਦੀ ਤੁਸੀਂ ਮਾਰਕੀਟਿੰਗ ਕਰੋਗੇ।

ਪਰ ਤੁਹਾਡੇ ਦੁਆਰਾ ਚੁਣਿਆ ਗਿਆ ਕੋਈ ਵੀ ਰਸਤਾ ਇਸ ਦਿਲਚਸਪ ਉਦਯੋਗ ਨੂੰ ਵਧਾਉਣ ਵਾਲੇ ਵਿਕਾਸ ਲਈ ਸਮਰਥਨ ਕਰਨ ਵਿੱਚ ਮਦਦ ਕਰ ਸਕਦਾ ਹੈ।

ਸੈਮੀਕੰਡਕਟਰ ਇੰਜੀਨੀਅਰ ਇੱਕ ਸੈਮੀਕੰਡਕਟਰ ਇੰਜੀਨੀਅਰ ਦੇ ਤੌਰ 'ਤੇ, ਤੁਸੀਂ ਸੈਮੀਕੰਡਕਟਰ ਡਿਵਾਈਸਾਂ, ਏਕੀਕ੍ਰਿਤ ਸਰਕਟਾਂ (ICs, ਜਾਂ ਮਾਈਕ੍ਰੋਚਿੱਪਸ), ਸੌਫਟਵੇਅਰ, ਮੋਡੀਊਲ, ਅਤੇ ਇੰਟਰਫੇਸ ਅਤੇ ਢਾਂਚਿਆਂ ਨੂੰ ਡਿਜ਼ਾਈਨ, ਵਿਕਸਤ ਅਤੇ ਟੈਸਟ ਕਰਨ ਵਿੱਚ ਮਦਦ ਕਰੋਗੇ। ਤੁਸੀਂ ਸਰਕਟ ਡਿਜ਼ਾਈਨ, ਡਿਵਾਈਸ ਇੰਜੀਨੀਅਰਿੰਗ, ਜਾਂ ਪ੍ਰਕਿਰਿਆ ਇੰਜੀਨੀਅਰਿੰਗ ਵਰਗੇ ਅਧਿਐਨਾਂ ਵਿੱਚ ਮੁਹਾਰਤ ਹਾਸਲ ਕਰਨਾ ਚੁਣ ਸਕਦੇ ਹੋ।

ਪ੍ਰਕਿਰਿਆ ਇੰਜੀਨੀਅਰ ਇੱਕ ਪ੍ਰਕਿਰਿਆ ਇੰਜੀਨੀਅਰ ਸੈਮੀਕੰਡਕਟਰ ਯੰਤਰਾਂ ਦਾ ਉਤਪਾਦਨ ਕਰਨ ਵਾਲੀਆਂ ਨਿਰਮਾਣ ਪ੍ਰਕਿਰਿਆਵਾਂ ਦੇ ਵਿਕਾਸ ਅਤੇ ਅਨੁਕੂਲਤਾ 'ਤੇ ਧਿਆਨ ਕੇਂਦ੍ਰਤ ਕਰਦਾ ਹੈ। ਤੁਹਾਡੇ ਕੰਮ ਵਿੱਚ ਵਰਤੇ ਗਏ ਉਪਕਰਣਾਂ, ਪ੍ਰਕਿਰਿਆ ਡਿਜ਼ਾਈਨ ਅਤੇ ਅਨੁਕੂਲਤਾ ਵਰਗੇ ਕਾਰਕਾਂ ਨੂੰ ਵਿਵਸਥਿਤ ਕਰਕੇ ਪ੍ਰਦਰਸ਼ਨ, ਉਪਜ ਅਤੇ ਭਰੋਸੇਯੋਗਤਾ ਵਿੱਚ ਸੁਧਾਰ ਕਰਨਾ ਸ਼ਾਮਲ ਹੋਵੇਗਾ।

ਤਸਦੀਕ ਇੰਜੀਨੀਅਰ ਇੱਕ ਤਸਦੀਕ ਇੰਜੀਨੀਅਰ ਇਹ ਯਕੀਨੀ ਬਣਾਉਂਦਾ ਹੈ ਕਿ ਉਤਪਾਦਾਂ ਨੂੰ ਬਾਜ਼ਾਰ ਵਿੱਚ ਜਾਰੀ ਕਰਨ ਤੋਂ ਪਹਿਲਾਂ ਉਹ ਉਦੇਸ਼ ਅਨੁਸਾਰ ਕੰਮ ਕਰਦੇ ਹਨ। ਉਹ ਆਈਸੀ ਦੇ ਨਕਲੀ ਸੰਸਕਰਣ ਬਣਾਉਂਦੇ ਹਨ ਅਤੇ ਜਾਂਚ ਕਰਦੇ ਹਨ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਉਹ ਪ੍ਰਦਰਸ਼ਨ ਵਿਸ਼ੇਸ਼ਤਾਵਾਂ ਅਤੇ ਗੁਣਵੱਤਾ ਦੇ ਮਿਆਰਾਂ ਨੂੰ ਪੂਰਾ ਕਰਦੇ ਹਨ।

ਸੈਮੀਕੰਡਕਟਰ ਨਿਰਮਾਣ ਟੈਕਨੀਸ਼ੀਅਨ ਇਸ ਕੈਰੀਅਰ ਵਿੱਚ, ਤੁਸੀਂ ਸੈਮੀਕੰਡਕਟਰ ਯੰਤਰਾਂ ਦੇ ਉਤਪਾਦਨ ਅਤੇ ਅਸੈਂਬਲੀ, ਉਪਕਰਣਾਂ ਦੇ ਸੰਚਾਲਨ ਅਤੇ ਰੱਖ-ਰਖਾਅ, ਉਤਪਾਦਨ ਪ੍ਰਕਿਰਿਆਵਾਂ ਦੀ ਨਿਗਰਾਨੀ, ਅਤੇ ਗੁਣਵੱਤਾ ਨਿਯੰਤਰਣ ਜਾਂਚਾਂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਓਗੇ।

ਇੰਟੀਗ੍ਰੇਟਿਡ ਸਰਕਟ ਡਿਜ਼ਾਈਨਰ ਇਹ ਬਹੁਤ ਹੀ ਤਕਨੀਕੀ ਕਰੀਅਰ ਚੋਣ ਿਛਸ 'ਤੇ ਕੇਂਦ੍ਰਿਤ ਹੈ, ਅਤੇ ਤੁਸੀਂ ਸਰਕਟ ਫਰੇਮਵਰਕ ਡਿਜ਼ਾਈਨ ਕਰਨ, ਚਿੱਪ ਪ੍ਰਦਰਸ਼ਨ ਨੂੰ ਅਨੁਕੂਲ ਬਣਾਉਣ, ਅਤੇ ਚਿੱਪ ਪਲੇਸਮੈਂਟ ਨਿਰਧਾਰਤ ਕਰਨ ਲਈ VHDL ਜਾਂ Veirlog ਸਮੇਤ ਟੂਲਸ ਅਤੇ ਪ੍ਰੋਗਰਾਮਿੰਗ ਭਾਸ਼ਾਵਾਂ ਦੀ ਵਰਤੋਂ ਕਰੋਗੇ।

ਇਸ ਕਰੀਅਰ ਲਈ ਵਿਕਲਪਿਕ ਨੌਕਰੀਆਂ ਦੇ ਸਿਰਲੇਖਾਂ ਵਿੱਚ ਸ਼ਾਮਲ ਹਨ:

ਹਾਰਡਵੇਅਰ ਇੰਜੀਨੀਅਰ ASIC ਡਿਜ਼ਾਈਨ ਇੰਜੀਨੀਅਰ ਪੀਸੀਬੀ ਲੇਆਉਟ ਇੰਜੀਨੀਅਰ ਸੈਮੀਕੰਡਕਟਰ ਪੈਕੇਜਿੰਗ ਇੰਜੀਨੀਅਰ ਇੱਕ ਸੈਮੀਕੰਡਕਟਰ ਪੈਕੇਜਿੰਗ ਇੰਜੀਨੀਅਰ ਆਈਸੀ ਦੇ ਭੌਤਿਕ ਅਤੇ ਇਲੈਕਟ੍ਰੀਕਲ ਪੈਕੇਜਿੰਗ ਦਾ ਸਮਰਥਨ ਕਰਨ ਲਈ ਡਿਜ਼ਾਈਨ ਅਤੇ ਵਿਕਾਸ ਗਤੀਵਿਧੀਆਂ ਕਰਦਾ ਹੈ, ਵਿਚਾਰ ਤੋਂ ਲੈ ਕੇ ਸਿਮੂਲੇਸ਼ਨ ਤੱਕ, ਅੰਤਿਮ ਪੈਕੇਜਿੰਗ ਫੈਸਲੇ ਤੱਕ। ਤੁਸੀਂ ਚਿਪਸ ਦੀ ਸਹੀ ਸੁਰੱਖਿਆ, ਇੰਟਰਕਨੈਕਸ਼ਨ ਅਤੇ ਥਰਮਲ ਪ੍ਰਬੰਧਨ ਨੂੰ ਯਕੀਨੀ ਬਣਾ ਗੇ।

ਫੀਲਡ ਸਰਵਿਸ ਇੰਜੀਨੀਅਰ ਸੈਮੀਕੰਡਕਟਰ ਉਦਯੋਗ ਵਿੱਚ ਇੱਕ ਫੀਲਡ ਸਰਵਿਸ ਇੰਜੀਨੀਅਰ (FSE) ਇੱਕ ਟੈਕਨੀਸ਼ੀਅਨ ਹੁੰਦਾ ਹੈ ਜੋ ਸੈਮੀਕੰਡਕਟਰ ਪ੍ਰੋਸੈਸਿੰਗ ਉਪਕਰਣਾਂ ਦੀ ਸਥਾਪਨਾ, ਰੱਖ-ਰਖਾਅ ਅਤੇ ਮੁਰੰਮਤ ਲਈ ਜ਼ਿੰਮੇਵਾਰ ਹੁੰਦਾ ਹੈ। ਇਸ ਭੂਮਿਕਾ ਵਿੱਚ, ਤੁਸੀਂ ਨਵੇਂ ਉਪਕਰਣ ਸਥਾਪਤ ਕਰੋਗੇ, ਮੌਜੂਦਾ ਉਪਕਰਣਾਂ ਦੀ ਸਮੱਸਿਆ ਦਾ ਨਿਪਟਾਰਾ ਅਤੇ ਮੁਰੰਮਤ ਕਰੋਗੇ, ਗਾਹਕ ਸਹਾਇਤਾ ਅਤੇ ਸਿਖਲਾਈ ਪ੍ਰਦਾਨ ਕਰੋਗੇ, ਅਤੇ ਹੋਰ ਬਹੁਤ ਕੁਝ ਕਰੋਗੇ। ਤੁਹਾਨੂੰ ਗਾਹਕਾਂ ਅਤੇ ਹੋਰ ਇੰਜੀਨੀਅਰਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਦੇ ਯੋਗ ਹੋਣ ਦੀ ਵੀ ਜ਼ਰੂਰਤ ਹੋਏਗੀ। ਟੈਸਟ ਇੰਜੀਨੀਅਰ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਹਰੇਕ ਸੈਮੀਕੰਡਕਟਰ ਯੰਤਰ ਨੂੰ ਜਨਤਾ ਲਈ ਵਿਕਰੀ ਲਈ ਜਾਰੀ ਕਰਨ ਤੋਂ ਪਹਿਲਾਂ ਕਿੰਨੀ ਚੰਗੀ ਤਰ੍ਹਾਂ ਕੰਮ ਕਰਦਾ ਹੈ। ਇੱਕ ਟੈਸਟ ਇੰਜੀਨੀਅਰ ਹੋਣ ਦੇ ਨਾਤੇ, ਤੁਸੀਂ ਡਿਵਾਈਸਾਂ ਦੀ ਕਾਰਜਸ਼ੀਲਤਾ ਅਤੇ ਪ੍ਰਦਰਸ਼ਨ ਨੂੰ ਮਾਪਣ ਲਈ ਟੈਸਟ ਵਿਧੀਆਂ ਨੂੰ ਵਿਕਸਤ ਕਰਨ ਅਤੇ ਲਾਗੂ ਕਰਨ, ਟੈਸਟ ਕਰਵਾਉਣ, ਨਤੀਜਿਆਂ ਦਾ ਵਿਸ਼ਲੇਸ਼ਣ ਕਰਨ, ਸਮੱਸਿਆਵਾਂ ਦਾ ਨਿਪਟਾਰਾ ਕਰਨ ਅਤੇ ਸੰਤੁਸ਼ਟ ਹੋਣ ਤੱਕ ਪੂਰੀ ਪ੍ਰਕਿਰਿਆ ਨੂੰ ਦੁਹਰਾਉਣ ਲਈ ਜ਼ਿੰਮੇਵਾਰ ਹੋਵੋਗੇ।

ਵਿਕਰੀ ਅਤੇ ਮਾਰਕੀਟਿੰਗ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਵਿਕਰੀ ਅਤੇ ਮਾਰਕੀਟਿੰਗ ਹਰ ਕਿਸੇ ਦੀ ਮਿਹਨਤ ਨੂੰ ਖਪਤਕਾਰਾਂ ਤੱਕ ਪਹੁੰਚਾਉਣ ਲਈ ਮਹੱਤਵਪੂਰਨ ਹਿੱਸੇ ਹਨ। ਇਸ ਭੂਮਿਕਾ ਵਿੱਚ, ਤੁਸੀਂ ਨਿਰਮਿਤ ਸੈਮੀਕੰਡਕਟਰ ਡਿਵਾਈਸਾਂ ਨੂੰ ਉਤਸ਼ਾਹਿਤ ਅਤੇ ਵੇਚੋਗੇ, ਬਾਜ਼ਾਰ ਦੇ ਮੌਕਿਆਂ ਦੀ ਪਛਾਣ ਕਰੋਗੇ, ਗਾਹਕ ਸਬੰਧ ਬਣਾ ਗੇ, ਵਪਾਰਕ ਰਣਨੀਤੀਆਂ ਵਿਕਸਤ ਕਰੋਗੇ, ਅਤੇ ਮਾਲੀਆ ਵਾਧਾ ਯਕੀਨੀ ਬਣਾਓਗੇ।

**ਲੋਕ ਇੱਕ ਮੇਜ਼ ਦੁਆਲੇ ਸਹਿਯੋਗ ਕਰਦੇ ਹੋਏ**

ਖੋਜ ਅਤੇ ਵਿਕਾਸ (R&D) ਖੋਜ ਅਤੇ ਵਿਕਾਸ ਵਿੱਚ, ਤੁਸੀਂ ਨਵੀਆਂ ਸੈਮੀਕੰਡਕਟਰ ਤਕਨਾਲੋਜੀਆਂ ਨੂੰ ਉਤਸ਼ਾਹਿਤ ਕਰਨ ਅਤੇ ਵਿਕਸਤ ਕਰਨ ਲਈ ਨਵੀਆਂ ਤਕਨਾਲੋਜੀਆਂ, ਸਮੱਗਰੀਆਂ ਅਤੇ ਡਿਵਾਈਸ ਫਰੇਮਵਰਕ ਦੀ ਪੜਚੋਲ ਕਰੋਗੇ। ਇਸ ਕਰੀਅਰ ਵਿੱਚ, ਤੁਸੀਂ ਰੁਝਾਨਾਂ, ਨਵੀਨਤਾਵਾਂ ਅਤੇ ਭਵਿੱਖ ਦੀਆਂ ਤਕਨਾਲੋਜੀਆਂ 'ਤੇ ਧਿਆਨ ਕੇਂਦਰਿਤ ਕਰੋਗੇ ਤਾਂ ਜੋ ਤੁਹਾਨੂੰ ਅਤੇ ਤੁਹਾਡੇ ਕਾਰੋਬਾਰ ਨੂੰ ਤੁਹਾਡੇ ਸੰਗਠਨ ਲਈ ਨਵੇਂ ਵਿਚਾਰਾਂ ਵੱਲ ਸੇਧਿਤ ਕੀਤਾ ਜਾ ਸਕੇ।

ਐਪਲੀਕੇਸ਼ਨ ਇੰਜੀਨੀਅਰ ਇੱਕ ਐਪਲੀਕੇਸ਼ਨ ਇੰਜੀਨੀਅਰ ਹੋਣ ਦੇ ਨਾਤੇ, ਤੁਸੀਂ ਆਪਣੇ ਸੰਗਠਨ ਦੇ ਸੈਮੀਕੰਡਕਟਰ ਡਿਵਾਈਸਾਂ ਦੇ ਉਪਭੋਗਤਾ ਅਨੁਭਵ (UX) ਵਿੱਚ ਸੂਝ ਪ੍ਰਾਪਤ ਕਰਨ ਲਈ ਗਾਹਕਾਂ ਨਾਲ ਮਿਲ ਕੇ ਕੰਮ ਕਰੋਗੇ। ਤੁਸੀਂ ਆਪਣੇ ਉਤਪਾਦਾਂ ਨਾਲ ਗਾਹਕਾਂ ਦੀਆਂ ਜ਼ਰੂਰਤਾਂ, ਇੱਛਾਵਾਂ ਅਤੇ ਨਿਰਾਸ਼ਾਵਾਂ ਨੂੰ ਸੁਣਦੇ ਹੋਏ ਆਪਣੀ ਸੂਝ ਅਤੇ ਹਮਦਰਦੀ ਦੀ ਵਰਤੋਂ ਕਰੋਗੇ। ਤੁਸੀਂ ਤਕਨੀਕੀ ਸਹਾਇਤਾ ਪ੍ਰਦਾਨ ਕਰਕੇ ਉਨ੍ਹਾਂ ਦੀ ਮਦਦ ਵੀ ਕਰ ਸਕਦੇ ਹੋ ਜੋ ਉਨ੍ਹਾਂ ਨੂੰ ਉਨ੍ਹਾਂ ਦੇ ਜੀਵਨ ਦੇ ਅਨੁਸਾਰ ਵੱਖ-ਵੱਖ ਐਪਲੀਕੇਸ਼ਨਾਂ ਵਿੱਚ ਸੈਮੀਕੰਡਕਟਰ ਉਤਪਾਦਾਂ ਨੂੰ ਏਕੀਕ੍ਰਿਤ ਕਰਨ ਦੀ ਆਗਿਆ ਦੇਵੇਗੀ।

ਇਸ ਭੂਮਿਕਾ ਵਿੱਚ ਆਪਣੇ ਕੰਮ ਨਾਲ, ਤੁਸੀਂ ਮੌਜੂਦਾ ਉਤਪਾਦਾਂ ਨੂੰ ਬਿਹਤਰ ਬਣਾਉਣ ਅਤੇ ਉਹਨਾਂ ਦਾ ਵਿਸਤਾਰ ਕਰਨ ਵਿੱਚ ਮਦਦ ਕਰ ਸਕਦੇ ਹੋ।

ਸਪਲਾਈ ਚੇਨ ਅਤੇ ਓਪਰੇਸ਼ਨ ਇੰਜੀਨੀਅਰ ਇਹ ਖਾਸ ਕੰਮ ਸ਼ਾਇਦ ਪਿਛਲੇ ਕੁਝ ਸਾਲਾਂ ਤੋਂ ਪੇਸ਼ੇਵਰਾਂ ਲਈ ਬਹੁਤ ਚੁਣੌਤੀਪੂਰਨ ਰਿਹਾ ਹੈ, ਪਰ ਕਿਉਂਕਿ ਉਦਯੋਗ ਵਿੱਚ ਚੀਜ਼ਾਂ ਸੁਧਰ ਰਹੀਆਂ ਹਨ, ਦਬਾਅ ਸ਼ਾਇਦ ਘੱਟ ਗਿਆ ਹੈ।

ਇੱਕ ਸਪਲਾਈ ਚੇਨ ਅਤੇ ਓਪਰੇਸ਼ਨ ਇੰਜੀਨੀਅਰ ਦੇ ਤੌਰ 'ਤੇ, ਤੁਸੀਂ ਸੈਮੀਕੰਡਕਟਰ ਉਤਪਾਦਾਂ ਦੀ ਯੋਜਨਾਬੰਦੀ, ਸੋਰਸਿੰਗ, ਨਿਰਮਾਣ, ਵੰਡ ਅਤੇ ਡਿਲੀਵਰੀ ਦੀ ਨਿਗਰਾਨੀ ਕਰਨ ਲਈ ਕੰਮ ਕਰੋਗੇ। ਇਸ ਨੌਕਰੀ ਦੇ ਮੁੱਖ ਟੀਚੇ ਕੁਸ਼ਲਤਾ ਨੂੰ ਅਨੁਕੂਲ ਬਣਾਉਣ, ਲਾਗਤਾਂ ਨੂੰ ਘਟਾਉਣ ਅਤੇ ਲੌਜਿਸਟਿਕਸ ਦਾ ਪ੍ਰਬੰਧਨ ਕਰਨ 'ਤੇ ਕੇਂਦ੍ਰਤ ਕਰਦੇ ਹਨ।

ਗੁਣਵੱਤਾ ਅਤੇ ਭਰੋਸੇਯੋਗਤਾ ਇੰਜੀਨੀਅਰ ਇੱਕ ਗੁਣਵੱਤਾ ਅਤੇ ਭਰੋਸੇਯੋਗਤਾ ਇੰਜੀਨੀਅਰ ਦੇ ਰੂਪ ਵਿੱਚ, ਤੁਸੀਂ ਸੈਮੀਕੰਡਕਟਰ ਉਤਪਾਦਾਂ ਦੀ ਗੁਣਵੱਤਾ ਅਤੇ ਭਰੋਸੇਯੋਗਤਾ ਦਾ ਭਰੋਸਾ ਪ੍ਰਦਾਨ ਕਰੋਗੇ। ਤੁਸੀਂ ਟੈਸਟਿੰਗ ਪ੍ਰਕਿਰਿਆਵਾਂ ਨੂੰ ਵਿਕਸਤ ਅਤੇ ਲਾਗੂ ਕਰੋਗੇ। ਸੈਮੀਕੰਡਕਟਰਾਂ ਵਿੱਚ ਪੇਸ਼ਿਆਂ ਲਈ ਤਨਖਾਹ ਉੱਪਰ ਦਿੱਤੇ ਗਏ ਕਰੀਅਰ ਇਸ ਉਦਯੋਗ ਵਿੱਚ ਤੁਹਾਡੇ ਕੋਲ ਹੋਣ ਵਾਲੇ ਬਹੁਤ ਸਾਰੇ ਵਿਕਲਪਾਂ ਵਿੱਚੋਂ ਕੁਝ ਕੁ ਹਨ। ਬਿਊਰੋ ਆਫ਼ ਲੇਬਰ ਸਟੈਟਿਸਟਿਕਸ (BLS) ਦੇ ਅਨੁਸਾਰ, ਤਨਖਾਹ ਵਿਕਲਪਾਂ ਦੀ ਵਿਸ਼ਾਲ ਸ਼੍ਰੇਣੀ ਨੂੰ ਦਰਸਾਉਂਦੀ ਹੈ, ਜੋ ਕਿ ਲਗਭਗ $52,000 ਤੋਂ ਸ਼ੁਰੂ ਹੁੰਦੀ ਹੈ ਅਤੇ ਲਗਭਗ $177,000 ਤੱਕ ਜਾਂਦੀ ਹੈ।

ਉਦਯੋਗ ਦੇ ਅੰਦਰ ਕਈ ਕਰੀਅਰ ਖੇਤਰਾਂ ਦੀ ਪੜਚੋਲ ਕਰੋ ਸੈਮੀਕੰਡਕਟਰ ਉਦਯੋਗ ਵਿੱਚ ਤੁਹਾਡੇ ਲਈ ਬਹੁਤ ਸਾਰੇ ਦਿਲਚਸਪ ਕਰੀਅਰ ਦੇ ਮੌਕੇ ਉਡੀਕ ਰਹੇ ਹਨ।

# ਭਾਸ਼ਾ ਇੱਕ ਪੁਲ ਬਣ ਜਾਂਦੀ ਹੈ

**ਵਿਜੈ ਗਰਗ**

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਸ਼ਾਈ ਵਿਭਿੰਨਤਾ, ਰੰਗੀਨ ਫੁੱਲਾਂ ਵਾਂਗ, ਭਾਰਤ ਦੀ ਸੁੰਦਰਤਾ ਦੀ ਵਾਹਕ ਹੈ। ਇਸ ਦੇ ਨਾਲ ਹੀ, ਇਹ ਵਿਭਿੰਨਤਾ ਦੇਸ਼ ਦੀ ਸੱਭਿਆਚਾਰਕ ਖੁਸ਼ਹਾਲੀ ਦਾ ਆਧਾਰ ਵੀ ਹੈ। ਇਹ ਵਿਡੰਬਨਾ ਹੈ ਕਿ ਰਾਜਨੀਤਿਕ ਲਾਭ ਲਈ, ਖੇਤਰੀ ਭਾਸ਼ਾ ਦੇ ਮਾਣ ਦੇ ਨਾਮ 'ਤੇ ਅਕਸਰ ਹਿੰਦੀ ਵਿਰੁੱਧ ਮੋਰਚਾ ਖੋਲ੍ਹਿਆ ਜਾਂਦਾ ਹੈ। ਬਿਨਾਂ ਸ਼ੱਕ, ਸਮੇਂ-ਸਮੇਂ 'ਤੇ ਉੱਠਣ ਵਾਲੇ ਵਿਵਾਦ ਖੇਤਰੀ ਮਾਣ ਅਤੇ ਰਾਸ਼ਟਰੀ ਏਕਤਾ ਵਿਚਕਾਰ ਸੰਤੁਲਨ ਬਣਾਈ ਰੱਖਣ ਦੀਆਂ ਚੁਣੌਤੀਆਂ ਨੂੰ ਹੀ ਉਜਾਗਰ ਕਰਦੇ ਹਨ। ਕੁਝ ਸਮਾਂ ਪਹਿਲਾਂ, ਇੱਕ ਅਜਿਹਾ ਹੀ ਵਿਵਾਦ ਸਾਹਮਣੇ ਆਇਆ ਸੀ ਜਿਸ ਵਿੱਚ ਇੱਕ ਅਧਿਕਾਰੀ ਨੂੰ ਵਿਵਹਾਰ ਵਿੱਚ ਮਰਾਠੀ ਦੀ ਵਰਤੋਂ ਨਾ ਕਰਨ ਦੇ ਦੋਸ਼ ਵਿੱਚ ਥੱਪੜ ਮਾਰਿਆ ਗਿਆ ਸੀ। ਬਾਅਦ ਵਿੱਚ, ਭਾਜਪਾ ਸ਼ਾਸਿਤ ਰਾਜ ਦੇ ਕੰਮਕਾਜ ਵਿੱਚ ਮਰਾਠੀ ਦੀ ਲਾਜ਼ਮੀ ਵਰਤੋਂ ਲਾਗੂ ਕੀਤੀ ਗਈ। ਹੁਣ ਕਰਨਾਟਕ ਵਿੱਚ ਸਟੇਟ ਬੈਂਕ ਆਫ਼ ਇੰਡੀਆ ਦੇ ਇੱਕ ਮੈਨੇਜਰ ਵੱਲੋਂ ਕੰਨੜ ਵਿੱਚ ਬੋਲਣ ਤੋਂ ਇਨਕਾਰ ਕਰਨ 'ਤੇ ਤਾਜ਼ਾ ਵਿਵਾਦ ਖੜ੍ਹਾ ਹੋ ਗਿਆ ਹੈ। ਕਿਸਨੇ ਕਿਹਾ ਕਿ ਉਹ ਹਿੰਦੀ ਬੋਲਣ ਵਾਲਾ ਹੈ ਅਤੇ ਹਿੰਦੀ ਵਿੱਚ ਗੱਲ ਕਰੇਗਾ। ਇਸ ਮਾਮਲੇ ਵਿੱਚ, ਅਧਿਕਾਰੀ ਦਾ ਤਬਾਦਲਾ ਕਰ ਦਿੱਤਾ ਗਿਆ ਅਤੇ ਬਹੁਤ ਵਿਵਾਦ ਹੋਇਆ। ਕੁਦਰਤੀ ਤੌਰ 'ਤੇ, ਖੇਤਰੀ ਭਾਸ਼ਾ ਦੀ ਰਾਜਨੀਤੀ ਕਰਨ ਵਾਲੀਆਂ ਰਾਜਨੀਤਿਕ ਪਾਰਟੀਆਂ ਕਾਫ਼ੀ ਸਰਗਰਮ ਹੋ ਗਈਆਂ। ਇਸ ਦੌਰਾਨ, ਜਨਤਕ ਸੇਵਾ ਵਿੱਚ ਭਾਸ਼ਾਈ ਸੰਵੇਦਨਸ਼ੀਲਤਾ ਦੀ ਸਿਖਲਾਈ ਦੀ ਮੰਗ ਵੀ ਉੱਠੀ। ਕਿਸੇ ਵੀ ਹਾਲਤ ਵਿੱਚ, ਕੇਂਦਰੀ ਸੇਵਾਵਾਂ ਵਜੋਂ ਕੰਮ ਕਰਨ ਵਾਲੇ ਵਿਭਾਗਾਂ ਅਤੇ ਬੈਂਕਾਂ ਆਦਿ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਅਕਸਰ ਵੱਖ-ਵੱਖ ਰਾਜਾਂ ਵਿੱਚ ਤਬਦੀਲ ਕੀਤਾ ਜਾਂਦਾ ਹੈ। ਹਰ ਵਿਅਕਤੀ ਲਈ ਹਰ ਰਾਜ ਦੀ ਭਾਸ਼ਾ ਬੋਲਣਾ ਸੰਭਵ ਨਹੀਂ ਹੈ, ਪਰ ਜਨਤਕ ਸੇਵਾਵਾਂ ਵਿੱਚ ਸਿੱਧੇ ਤੌਰ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਖਪਤਕਾਰਾਂ ਨਾਲ ਆਸਾਨ ਸੰਚਾਰ ਲਈ ਰਾਜ ਦੀ ਸਥਾਨਕ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ। ਦੂਜੇ ਪਾਸੇ, ਬੰਗਲੁਰੂ ਵਿੱਚ ਇੱਕ ਤਕਨੀਕੀ ਪੇਸ਼ੇਵਰ ਨੂੰ ਪਾਰਕਿੰਗ ਸਹੂਲਤ ਤੋਂ ਇਨਕਾਰ ਕਰ ਦਿੱਤਾ ਗਿਆ ਕਿਉਂਕਿ ਉਹ ਹਿੰਦੀ ਵਿੱਚ ਬੋਲਦਾ ਸੀ। ਇਸ ਘਟਨਾ ਨੇ ਗ਼ੈਰ-ਹਿੰਦੀ ਭਾਸ਼ੀ ਇਲਾਕਿਆਂ ਵਿੱਚ ਭਾਸ਼ਾਈ ਸਹਿਣਸ਼ੀਲਤਾ 'ਤੇ ਬਹਿਸ ਨੂੰ ਮੁੜ ਸੁਰਜੀਤ ਕਰ ਦਿੱਤਾ। ਯਕੀਨਨ ਇਹ ਦੋਵੇਂ ਘਟਨਾਵਾਂ ਭਾਸ਼ਾਈ ਅਤੇ ਸੱਭਿਆਚਾਰਕ ਏਕਤਾ ਲਈ ਚੁਣੌਤੀ ਪੇਸ਼ ਕਰਦੀਆਂ ਹਨ। ਜਿਸ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਇਹ ਧਿਆਨ ਦੇਣ ਯੋਗ ਹੈ ਕਿ ਇਹ ਘਟਨਾਵਾਂ ਰਾਸ਼ਟਰੀ ਸਿੱਖਿਆ ਨੀਤੀ ਯਾਨੀ ਓਫ 2020 ਦੇ ਤਿੰਨ-ਭਾਸ਼ਾਈ ਫਾਰਮੂਲੇ ਦੇ ਪਿਛੋਕੜ ਵਿੱਚ ਵਾਪਰੀਆਂ ਹਨ। ਦਰਅਸਲ, ਰਾਸ਼ਟਰੀ ਸਿੱਖਿਆ ਨੀਤੀ ਵਿੱਚ, ਵਿਦਿਆਰਥੀਆਂ ਨੂੰ ਤਿੰਨ ਭਾਸ਼ਾਵਾਂ ਸਿੱਖਣ ਦੀ ਸਲਾਹ ਦਿੱਤੀ ਗਈ ਹੈ। ਜਿਸ ਵਿੱਚ ਘੱਟੋ-ਘੱਟ ਦੋ ਭਾਰਤ ਦੀਆਂ ਮੂਲ ਭਾਸ਼ਾਵਾਂ ਹੋਣੀਆਂ ਚਾਹੀਦੀਆਂ ਹਨ। ਭਾਵੇਂ ਇਸ ਸਿੱਖਿਆ ਨੀਤੀ ਦਾ ਉਦੇਸ਼ ਬਹੁਭਾਸ਼ਾਈਵਾਦ ਅਤੇ ਰਾਸ਼ਟਰੀ ਏਕਤਾ ਨੂੰ ਉਤਸ਼ਾਹਿਤ ਕਰਨਾ ਹੈ, ਪਰ ਤਾਮਿਲਨਾਡੂ ਵਿੱਚ ਇਸ ਨੀਤੀ ਦਾ ਵਿਰੋਧ ਹੋਇਆ ਹੈ। ਰਾਜਨੀਤਿਕ ਪਾਰਟੀਆਂ ਇਸਨੂੰ ਹਿੰਦੀ ਥੋਪਣ ਅਤੇ ਆਪਣੀ ਭਾਸ਼ਾਈ ਪਛਾਣ ਲਈ ਖ਼ਤਰਾ ਦੱਸ ਰਹੀਆਂ ਹਨ। ਤਾਮਿਲਨਾਡੂ ਦਾ ਹਿੰਦੀ ਦੇ ਸੰਬੰਧ ਵਿੱਚ ਵਿਰੋਧੀ ਰਾਜਨੀਤੀ ਦਾ ਇੱਕ ਲੰਮਾ ਇਤਿਹਾਸ ਰਿਹਾ ਹੈ। ਖਾਸ ਕਰਕੇ ਜਦੋਂ ਤੋਂ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਬਣਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ ਹਨ। ਹਾਲਾਂਕਿ, ਰਾਸ਼ਟਰੀ ਸਿੱਖਿਆ ਨੀਤੀ ਲਚਕਦਾਰ ਰਹੀ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਕਿਸੇ ਵੀ ਰਾਜ 'ਤੇ ਕੋਈ ਵੀ ਭਾਸ਼ਾ ਨਹੀਂ ਥੋਪੀ ਜਾਵੇਗੀ। ਇਸ ਦੇ ਨਾਲ ਹੀ, ਭਾਸ਼ਾਵਾਂ ਦੀ ਚੋਣ ਦਾ ਮੁੱਦਾ ਰਾਜਾਂ, ਖੇਤਰਾਂ ਅਤੇ ਵਿਦਿਆਰਥੀਆਂ 'ਤੇ ਛੱਡ ਦਿੱਤਾ ਜਾਵੇਗਾ। ਇਸ ਦੇ ਨਾਲ ਹੀ, ਕੁਝ ਰਾਜਨੀਤਿਕ ਪਾਰਟੀਆਂ ਦੋਸ਼ ਲਗਾ ਰਹੀਆਂ ਹਨ ਕਿ ਰਾਸ਼ਟਰੀ ਸਿੱਖਿਆ ਨੀਤੀ ਵਿੱਚ ਭਾਸ਼ਾ ਨੂੰ ਵਿਵਹਾਰਕ ਤੌਰ 'ਤੇ ਲਾਗੂ ਕਰਨਾ ਇੱਕ ਵਿਵਾਦਪੂਰਨ ਮੁੱਦਾ ਹੈ। ਹਾਲਾਂਕਿ, ਖੇਤਰੀ ਭਾਸ਼ਾਵਾਂ 'ਤੇ ਇਸਦੇ ਪ੍ਰਭਾਵ ਅਤੇ ਹਿੰਦੀ ਦੇ ਕਥਿਤ ਦਬਦਬੇ ਬਾਰੇ ਇਸ ਮੁੱਦੇ 'ਤੇ ਬਹਿਸ ਜਾਰੀ ਹੈ। ਹਾਲਾਂਕਿ, ਅਜਿਹੇ ਵਿਵਾਦਾਂ ਤੋਂ ਅੱਗੇ ਵਧਣ ਲਈ, ਆਪਸੀ ਸਤਿਕਾਰ ਅਤੇ ਸਮਝ ਦਾ ਮਾਹੌਲ ਬਣਾਉਣ ਦੀ ਲੋੜ ਹੈ।

ਜਨਤਕ ਸੰਸਥਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਸੇਵਾਵਾਂ ਸਥਾਨਕ ਭਾਸ਼ਾਵਾਂ ਵਿੱਚ ਪ੍ਰਦਾਨ ਕੀਤੀਆਂ ਜਾਣ। ਇਸ ਦੇ ਨਾਲ ਹੀ, ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਸੱਭਿਆਚਾਰਕ ਅਤੇ ਭਾਸ਼ਾਈ ਸੰਵੇਦਨਸ਼ੀਲਤਾ ਵਿੱਚ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਬਿਨਾਂ ਸ਼ੱਕ, ਵਿਦਿਅਕ ਨੀਤੀਆਂ ਨੂੰ ਪੂਰੀ ਲਚਕਤਾ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਜਿਸ ਵਿੱਚ ਬਹੁ-ਭਾਸ਼ਾਈ ਮੁਹਾਰਤ ਨੂੰ ਉਤਸ਼ਾਹਿਤ ਕਰਦੇ ਹੋਏ ਖੇਤਰੀ ਤਰਜੀਹਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਬਿਨਾਂ ਸ਼ੱਕ, ਭਾਰਤ ਦੀ ਭਾਸ਼ਾਈ ਬਹੁਲਤਾ ਨੂੰ ਵੰਡਣ ਵਾਲੇ ਕਾਰਕ ਦੀ ਬਜਾਏ ਇੱਕ ਏਕਤਾ ਸ਼ਕਤੀ ਵਜੋਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਦੇਸ਼ ਦੀਆਂ ਵਿਭਿੰਨ ਭਾਸ਼ਾਵਾਂ ਨੂੰ ਹਮਦਰਦੀ ਅਤੇ ਖੁੱਲ੍ਹੇਪਣ ਨਾਲ ਅਪਣਾ ਕੇ, ਅਸੀਂ ਆਪਣੇ ਰਾਸ਼ਟਰ ਦੇ ਤਾਣੇ-ਬਾਣੇ ਨੂੰ ਮਜ਼ਬੂਤ ਕਰ ਸਕਦੇ ਹਾਂ। ਅਸੀਂ ਇਹ ਵੀ ਯਕੀਨੀ ਬਣਾ ਸਕਦੇ ਹਾਂ ਕਿ ਭਾਸ਼ਾ ਇੱਕ ਪੁਲ ਬਣੇ, ਰੁਕਾਵਟ ਨਹੀਂ।

# ਖੁੱਲ੍ਹੇ ਕਾਗਜ਼ਾਤ ਅਤੇ ਪਹੁੰਚ ਦੀ ਸਥਿਤੀ

ਇੱਥੇ ਅਜਿਹੇ ਪਾਗਲ ਲੋਕ ਹਨ ਜੋ ਆਪਣੇ ਗੁੱਟ 'ਤੇ ਘੜੀ ਦੀ ਬਜਾਏ ਹੈਲਮੇਟ ਪਾਉਂਦੇ ਹਨ। ਭਾਰਤ ਵਿੱਚ ਟ੍ਰੈਫਿਕ ਨਿਯਮ ਉਸ ਪ੍ਰੇਮਿਕਾ ਵਾਂਗ ਹਨ ਜਿਸ ਨਾਲ ਹਰ ਕੋਈ ਵਾਅਦੇ ਕਰਦਾ ਹੈ ਪਰ ਕੋਈ ਉਨ੍ਹਾਂ ਨੂੰ ਪੂਰਾ ਨਹੀਂ ਕਰਦਾ। ਟ੍ਰੈਫਿਕ ਸਿਗਨਲ ਇੱਕ ਬਜ਼ੁਰਗ ਵਿਅਕਤੀ ਵਾਂਗ ਹੈ ਜਿਸਨੂੰ ਸਾਰੇ ਸਤਿਕਾਰ ਨਾਲ ਦੇਖਦੇ ਹਨ, ਪਰ ਕੋਈ ਉਸਦੀ ਗੱਲ ਨਹੀਂ ਸੁਣਦਾ। ਇੱਥੇ ਸੜਕਾਂ 'ਤੇ ਸਭ ਤੋਂ ਭਰੋਸੇਮੰਦ ਸਹਾਰਾ ਨਾ ਤਾਂ ਹੈਲਮੇਟ ਹੈ, ਨਾ ਸੀਟ ਬੈਲਟ, ਨਾ ਵਾਹਨ ਦੇ ਕਾਗਜ਼ਾਤ ਅਤੇ ਨਾ ਹੀ ਡਰਾਈਵਿੰਗ ਲਾਇਸੈਂਸ। ਸਭ ਤੋਂ ਪ੍ਰਭਾਵਸ਼ਾਲੀ ਸੁਰੱਖਿਆ ਢਾਲ ਹੈ- ਮੋਬਾਈਲ। ਇੱਕ ਵਾਰ ਜਦੋਂ ਤੁਸੀਂ ਆਪਣੇ ਪ੍ਰਭਾਵਸ਼ਾਲੀ ਚਾਚੇ ਜਾਂ ਮਾਮੇ ਦੇ ਮੋਬਾਈਲ 'ਤੇ ਕਾਲ ਕਰਦੇ ਹੋ ਅਤੇ ਇਸਨੂੰ ਟ੍ਰੈਫਿਕ ਪੁਲਿਸ ਨੂੰ ਦਿੰਦੇ ਹੋ, ਤਾਂ ਤੁਹਾਡੀਆਂ ਸਾਰੀਆਂ ਚਿੰਤਾਵਾਂ ਦੂਰ ਹੋ ਜਾਣਗੀਆਂ। ਇਹ ਫ਼ੋਨ ਕਾਲ ਇੱਕ ਅਜਿਹਾ ਮਹਾਨ ਮੰਤਰ ਹੈ ਜੋ ਉੱਚ ਦਰਜੇ ਦੇ ਭਾਰਤੀ ਡਰਾਈਵਰਾਂ ਦੀ ਰੂਹ ਵਿੱਚ ਇੱਕ ਸੰਸਕਾਰ ਦੇ ਰੂਪ ਵਿੱਚ ਬੈਠਾ ਹੈ। ਜਦੋਂ ਬੱਚਾ ਸਾਈਕਲ ਛੱਡ ਕੇ ਸਕੂਟਰ 'ਤੇ ਚੜ੍ਹ ਜਾਂਦਾ ਹੈ, ਤਾਂ ਮਾਂ ਕਹਿੰਦੀ ਹੈ - ਪੁੱਤਰ! ਧਿਆਨ ਨਾਲ ਗੱਡੀ ਚਲਾ ਅਤੇ ਪਿਤਾ ਜੀ ਮੇਰੇ ਕੰਨ ਵਿੱਚ ਫੁਸਫੁਸਾਉਂਦੇ ਹਨ ਕਿ ਜੇ ਕੁਝ ਹੋ ਜਾਵੇ, ਤਾਂ ਚਾਚਾ ਜੀ ਨੂੰ ਫ਼ੋਨ ਕਰੋ। ਭਾਰਤ ਵਿੱਚ ਜ਼ਿਆਦਾਤਰ ਵਾਹਨ ਦੋ ਇੰਜਣਾਂ ਨਾਲ ਚੱਲਦੇ ਹਨ - ਇੱਕ ਪੈਟਰੋਲ ਜਾਂ ਡੀਜ਼ਲ ਇੰਜਣ ਹੈ ਅਤੇ ਦੂਜਾ ਇੱਕ ਸ਼ਕਤੀਸ਼ਾਲੀ ਕਨੈਕਸ਼ਨ ਇੰਜਣ ਹੈ। ਕਿੰਨਾ ਤਰਸਯੋਗ ਜੀਵ ਹੈ ਇਹ ਗਰੀਬ ਆਮ ਆਦਮੀ! ਜਿਸ ਕੋਲ ਨਾ ਤਾਂ ਕਿਸੇ ਵਿਧਾਇਕ ਜਾਂ ਕੌਂਸਲਰ, ਨਾ ਹੀ ਆਪਣੇ ਚਾਚੇ ਜਾਂ ਚਾਚੇ ਦਾ ਨੰਬਰ ਹੈ, ਅਤੇ ਨਾ ਹੀ ਕਿਸੇ ਸੀਨੀਅਰ ਅਧਿਕਾਰੀ ਦਾ ਜਿਸਨੂੰ ਉਹ ਜਾਣਦਾ ਹੈ। ਜਦੋਂ ਟ੍ਰੈਫਿਕ ਪੁਲਿਸ ਕਿਸੇ ਡਰਾਈਵਰ ਨੂੰ ਰੋਕਦੀ ਹੈ, ਤਾਂ ਉਹ ਨਾ ਤਾਂ ਆਪਣਾ ਡਰਾਈਵਿੰਗ ਲਾਇਸੈਂਸ ਕੱਢਦਾ ਹੈ, ਨਾ ਹੀ ਆਪਣਾ ਆਰਸੀ ਜਾਂ ਬੀਮਾ। ਸਭ ਤੋਂ ਪਹਿਲਾਂ ਉਹ ਆਪਣਾ ਮੋਬਾਈਲ ਕੱਢਦਾ ਹੈ ਅਤੇ ਆਪਣੀਆਂ ਉਂਗਲਾਂ ਨੂੰ ਤੇਜ਼ੀ ਨਾਲ ਹਿਲਾ ਕੇ ਆਪਣੇ ਜਾਣ-ਪਛਾਣ ਵਾਲੇ ਦਾ ਇੱਕ ਸ਼ਕਤੀਸ਼ਾਲੀ ਨਾਮ ਲੱਭਦਾ ਹੈ ਅਤੇ ਫਿਰ ਫ਼ੋਨ ਕਰਦਾ ਹੈ। ਇੱਕ ਸ਼ਕਤੀਸ਼ਾਲੀ ਵਿਅਕਤੀ ਨੂੰ ਜਾਣਨਾ ਸੱਚਮੁੱਚ ਇੱਕ ਅਦਿੱਖ ਬੀਮਾ ਹੈ। ਇਹ ਅਦਿੱਖ ਬੀਮੇ ਹਰ ਨਿਯਮ ਨੂੰ ਉਲਟਾ ਦਿੰਦੇ ਹਨ। ਦੇਸ਼ ਸੜਕਾਂ 'ਤੇ ਨਹੀਂ ਵਿਗੜਦਾ, ਇਹ ਉਸ ਮੋਬਾਈਲ ਕਾਲ ਕਾਰਨ ਵਿਗੜਦਾ ਹੈ ਜਿਸ ਵਿੱਚ ਇੱਕ ਡਰਾਈਵਰ ਗਰਜਦਾ ਹੈ, "ਸੁਣੋ, ਮੇਰੇ ਵਿਧਾਇਕ ਅੰਕਲ ਨਾਲ ਗੱਲ ਕਰੋ।" ਜਿੱਥੇ ਦੇਸ਼ ਰਿਸ਼ਤਿਆਂ ਨਾਲ ਚਲਾਇਆ ਜਾਂਦਾ ਹੈ, ਉੱਥੇ ਕਾਨੂੰਨ ਅਤੇ ਨਿਯਮ ਸਿਰਫ਼ ਇੱਕ ਕਿਤਾਬਚਾ ਬਣ ਜਾਂਦੇ ਹਨ ਅਤੇ ਟ੍ਰੈਫਿਕ ਪੁਲਿਸ ਇੱਕ ਉਲਝਿਆ ਹੋਇਆ ਪਾਤਰ ਬਣ ਜਾਂਦੀ ਹੈ ਜਾਂ ਕਹਿ ਲ ਕਿ ਇੱਕ ਹਿੰਦੀ ਸੀਰੀਅਲ ਵਿੱਚ ਇੱਕ ਜੂਨੀਅਰ ਕਲਾਕਾਰ ਬਣ ਜਾਂਦੀ ਹੈ। ਜਦੋਂ ਤੱਕ ਵਾਹਨਾਂ ਵਿੱਚ ਘੱਟ ਦਸਤਾਵੇਜ਼ ਅਤੇ ਜ਼ਿਆਦਾ ਪਛਾਣ ਪੱਤਰ ਨਹੀਂ ਮਿਲਣਗੇ, ਸੜਕਾਂ ਅਸੁਰੱਖਿਅਤ ਰਹਿਣਗੀਆਂ ਅਤੇ ਕਾਨੂੰਨ ਹਾਸ਼ੀਏ 'ਤੇ ਧੱਕਿਆ ਜਾਵੇਗਾ। ਇਹ ਦੇਸ਼ ਉਦੋਂ ਬਦਲੇਗਾ ਜਦੋਂ 'ਕੌਣ ਜਾਣਦਾ ਹੈ' ਪੁੱਛਣ ਦੀ ਬਜਾਏ, ਅਸੀਂ 'ਕੀ ਸਹੀ ਹੈ' ਪੁੱਛਾਂਗੇ। ਨਹੀਂ ਤਾਂ, ਜਿਵੇਂ ਹੀ ਲੋਕਾਂ ਨੂੰ ਪਤਾ ਲੱਗੇਗਾ ਕਿ ਚਲਾਨ ਜਾਰੀ ਕੀਤੇ ਜਾ ਰਹੇ ਹਨ, ਉਹ ਆਪਣੇ ਤਰੀਕੇ ਬਦਲਦੇ ਰਹਿਣਗੇ ਅਤੇ ਸਿਫਾਰਸ਼ਾਂ ਚਲਾਨ ਜਾਰੀ ਕਰਨ ਵਾਲਿਆਂ ਨੂੰ ਚੁੱਪ ਕਰਾ ਦੇਣਗੀਆਂ।

# ਪੁਸਤਕ ਸਮੀਖਿਆ

**ਟੁੱਟੇ ਵਾਅਦਿਆਂ ਦੀ ਦਾਸਤਾਨ**
**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਲੇਖਕ: ਗੁਰਮੀਤ ਸਿੰਘ ਪਲਾਹੀ**
**ਪ੍ਰਕਾਸ਼ਕ: ਪੰਜਾਬੀ ਵਿਰਸਾ ਟਰੱਸਟ ਪਲਾਹੀ, (ਫਗਵਾੜਾ)**
**ਪੰਨੇ: 256 ਮੁੱਲ: 300/-**

ਸੋਨੇ ਦੀ ਚਿੜੀ ਅਖਵਾਉਣ ਵਾਲਾ ਦੇਸ਼ ਭਾਰਤ ਅੱਜ ਅਨੇਕਾਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਦੇਸ਼ ਵਾਸੀ ਰੋਟੀ ਦੇ ਟੁਕੜਿਆਂ ਲਈ ਤਰਸ ਰਹੇ ਹਨ। ਪੜ੍ਹੇ ਲਿਖੇ ਨੌਜਵਾਨ ਮੁੰਡੇ ਕੁੜੀਆਂ ਰੁਜ਼ਗਾਰ ਦੀ ਭਾਲ ਵਿੱਚ ਇਧਰ ਉਧਰ ਧੱਕੇ ਖਾ ਰਹੇ ਹਨ। ਤੁਸੀਂ ਇਸ ਗੱਲ ਦਾ ਅੰਦਾਜ਼ਾ ਇਥੋਂ ਹੀ ਲਗਾ ਸਕਦੇ ਹੋ ਕਿ ਜਿਸ ਦੇਸ਼ ਦੇ 80 ਕਰੋੜ ਵਾਸੀ ਮੁਫ਼ਤ ਅਨਾਜ ਲੈਂਦੇ ਹੋਣ ਉਸ ਦੇਸ਼ ਵਿੱਚ ਗਰੀਬਾਂ ਦੀ ਗਿਣਤੀ ਕਿੰਨੀ ਹੋਵੇਗੀ। ਦੇਸ਼ ਦੇ ਦਰਪੇਸ਼ ਸਮੱਸਿਆਵਾਂ, ਰਾਜਨੀਤੀ ਦਾ ਨਿਘਾਰ, ਆਰਥਿਕ ਮੰਦਹਾਲੀ, ਬੌਧਿਕਤਾ ਦੀ ਕੰਗਾਲੀ ਜਿਹੇ ਮਸਲਿਆਂ ਨੂੰ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਆਪਣੀ ਪੁਸਤਕ 'ਟੁੱਟੇ ਵਾਅਦਿਆਂ ਦੀ ਦਾਸਤਾਨ' ਵਿੱਚ ਦਰਜ ਕਰਕੇ ਭਾਰਤ ਵਾਸੀਆਂ ਨੂੰ ਨਵਾਂ




ਸੁਨੇਹਾ ਦੇਣ ਦਾ ਉਪਰਾਲਾ ਕੀਤਾ ਹੈ। ਪੁਸਤਕ ਵਿੱਚ ਦਰਜ 56 ਲੇਖ ਸਮੇਂ ਸਮੇਂ ਤੇ ਭਾਰਤ ਵਿੱਚ ਵਾਪਰੇ ਵਰਤਾਰਿਆਂ ਨੂੰ ਪੇਸ਼ ਕਰਦੇ ਹਨ। ਇਹਨਾਂ ਵਰਤਾਰਿਆਂ ਦੇ ਪਿਛੇ ਕਿਹੜੀਆਂ ਤਾਕਤਾਂ ਕੰਮ ਕਰਦੀਆਂ ਹਨ ਅਤੇ ਇਹ ਅਜਿਹਾ ਕਿਉਂ ਕਰਦੇ ਹਨ? ਇਸ ਬਾਰੇ ਸਪੱਸ਼ਟ ਕੀਤਾ ਗਿਆ ਹੈ। ਹਾਕਮਾਂ ਦੁਆਰਾ ਦੇਸ਼ ਦੇ ਕੁਦਰਤੀ ਸੋਮਿਆਂ ਨੂੰ ਕਿਵੇਂ ਨਿਜੀ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ ਅਤੇ ਆਮ ਲੋਕਾਂ ਦੀ ਕਿਵੇਂ ਲੁੱਟ ਹੋ ਰਹੀ ਹੈ? ਇਸ ਬਾਰੇ ਸਭ ਕੁਝ ਬਾਖੂਬੀ ਬਿਆਨਿਆ ਗਿਆ ਹੈ। ਪੁਸਤਕ ਦਾ ਹਰ ਪੰਨਾ ਸਾਨੂੰ ਹੋਰ ਅਗੇਰੇ ਪੜ੍ਹਨ ਲਈ ਤਿਆਰ ਕਰਦਾ ਹੈ। ਅਸਲ ਵਿੱਚ ਲੇਖਕ ਨੇ ਉਹ ਡੂੰਘੀਆਂ ਗੱਲਾਂ ਇਸ ਪੁਸਤਕ ਵਿੱਚ ਦਰਜ ਕੀਤੀਆਂ ਹਨ ਜਿਹੜੀਆਂ ਆਮ ਲੋਕਾਂ ਦੇ ਜ਼ਿਹਨ ਤੋਂ ਕਿਤੇ ਦੂਰ ਹਨ। ਸਿਹਤ, ਸਿੱਖਿਆ, ਧਰਮ, ਆਰਥਿਕਤਾ, ਰਾਜਨੀਤੀ, ਰਾਜਾਂ ਦੇ ਅਧਿਕਾਰ, ਸੰਵਿਧਾਨ ਅਤੇ ਹਕੂਮਤਾਂ ਦੇ ਤੌਰ ਤਰੀਕੇ ਦਰਸਾ ਕੇ ਆਮ ਜਨਤਾ ਨੂੰ ਸੁਚੇਤ ਕੀਤਾ ਗਿਆ ਹੈ।

ਦਰਜਨ ਤੋਂ ਵੱਧ ਖੋਜ ਭਰਪੂਰ ਪੁਸਤਕਾਂ ਦੀ ਰਚਨਹਾਰੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਕਹਾਣੀ ਜਗਤ ਵਿੱਚ ਵੀ ਆਪਣਾ ਨਾਮ ਸਥਾਪਿਤ ਕਰ ਚੁੱਕੇ ਹਨ। ਲੇਖਕ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਣ ਕਰਕੇ ਦੇਸ਼ ਦੀ ਦਸ਼ਾ ਅਤੇ ਦਿਸ਼ਾ ਪ੍ਰਤੀ ਚਿੰਤਿਤ ਹੈ। ਇਸ ਚਿੰਤਾ ਤੇ ਚਿੰਤਨ ਕਰਦਿਆਂ ਹੀ ਉਸ ਨੇ ਤਾਜ਼ਾ ਪੁਸਤਕ ਦਾ ਪ੍ਰਕਾਸ਼ਨ ਕੀਤਾ ਹੈ ਤਾਂ ਕਿ ਆਮ ਜਨਤਾ ਸੁਚੇਤ ਹੋ ਕੇ ਆਪਣੇ ਹੱਕਾਂ ਅਤੇ ਫਰਜ਼ਾਂ ਦੀ ਸਹੀ ਤਰੀਕੇ ਨਾਲ ਇਸਤੇਮਾਲ ਕਰ ਸਕੇ। ਪੁਸਤਕ ਵਿੱਚ ਦਰਜ ਲੇਖਾਂ ਦੇ ਸਿਰਲੇਖ ਪਾਠਕਾਂ ਨੂੰ ਆਕਰਸ਼ਕ ਕਰਦੇ ਹਨ। ਜਿਵੇਂ ਰਾਮ ਰਾਜ ਦੀ ਉਡੀਕ ਵਿੱਚ, ਤਪਦੀ ਧਰਤੀ ਦੀ ਕੁੱਖ ਦਾ ਦੁਖਾਂਤ, ਲੋਕਤੰਤਰ ਵਿੱਚ ਹਿੰਸਾ, ਦਾਅਵੇ ਅਤੇ ਹਕੀਕਤਾਂ, ਫੈਂਡੀਆਂ ਵਾਲੀ ਸਰਕਾਰ ਬਨਾਮ ਲੋਕਤੰਤਰ, ਨੂਰਾ ਕੁਸ਼ਤੀ ਮੋਦੀ ਬਨਾਮ ਆਰਐਸਐਸ, ਪੰਜਾਬ ਨੂੰ ਇੱਕ ਨਹੀਂ ਅਨੇਕਾਂ ਚੁਣੌਤੀਆਂ ਦਰਪੇਸ਼, ਮੁੱਦਿਆਂ ਰਹਿਤ ਰਹੇਗੀ ਲੋਕ ਸਭਾ ਚੋਣ, ਵੱਡੇ ਨੇਤਾਵਾਂ ਦੇ ਭਾਸ਼ਣਾਂ ਤੇ ਪੰਜਾਬ ਚੋਣ ਦੰਗਲ, ਲੋਕ ਸਭਾ ਚੋਣਾਂ 'ਚ ਸਿੱਖਿਆ ਦਾ ਮੁੱਦਾ ਗਾਇਬ ਕਿਉਂ ,ਕਿਸਾਨ ਅੰਦੋਲਨ ਵੱਧ ਰਿਹਾ ਖੇਤੀ ਸੰਕਟ, ਸਥਾਨਕ ਸਰਕਾਰਾਂ ਸਰਕਾਰੀ ਹੱਥ ਠੋਕਾ ਨਾ ਬਣਨ, ਬੰਦ ਰਵਾਜ਼ਿਆਂ ਦੀਆਂ ਚੀਥਾਂ ਵਿੱਚ ਝਾਕਦਿਆਂ ਡਾਕਟਰ ਮਨਮੋਹਨ ਸਿੰਘ ਆਦਿ ਜ਼ਿਕਰਯੋਗ ਹਨ। ਲੇਖਕ ਨੇ ਸੌਖਾ ਨਹੀਂ ਵਿਕਾਸਸ਼ੀਲ ਤੋਂ ਵਿਕਸਿਤ ਦੇਸ਼ ਬਣਨ ਦਾ ਸਫ਼ਰ ਵਿੱਚ ਕੁਝ ਸਤਰਾਂ ਇੰਜ ਦਰਜ ਕੀਤੀਆਂ ਹਨ :- ਵਿਕਾਸ ਕੋਈ ਅੰਕੜਿਆਂ ਦੀ ਖੇਡ ਨਹੀਂ ਹੈ। ਨਾ ਹੀ ਵਿਕਾਸ ਹਿਸਾਬ ਦਾ ਸਵਾਲ ਦੋ ਤੇ ਦੋ ਚਾਰ ਹੈ। ਵਿਕਾਸ ਦਾ ਮੂਲ ਤਾਂ ਆਰਥਿਕ, ਵਿਤੀ ਅਤੇ ਬੁਨਿਆਦੀ ਸੁਧਾਰਾਂ 'ਚ ਛੁਪਿਆ ਹੋਇਆ ਹੈ। ਵਿਕਾਸ ਦੀ ਰੂਪ ਰੇਖਾ ਤਾਂ ਖੇਤੀ, ਬੁਨਿਆਦੀ ਢਾਂਚੇ, ਸਿੱਖਿਆ, ਰੁਜ਼ਗਾਰ, ਉਦਯੋਗ, ਸੇਵਾ ਖੇਤਰ, ਵਪਾਰ, ਉਰਜਾ ਦੇ ਨਵੇਂ ਸਾਧਨਾਂ ਦੀ ਵਰਤੋਂ, ਸਿਹਤ, ਗਰੀਬੀ 'ਚ ਕਮੀ, ਸੰਤੁਲਿਤ ਖੇਤਰੀ ਵਿਕਾਸ, ਪ੍ਰਭਾਵੀ ਨਿਆਂ ਵਿਵਸਥਾ ਜਿਹੇ ਮੁੱਦਿਆਂ ਦੇ ਟਿਕੀ ਹੋਈ ਹੈ ਅਤੇ ਇਸ ਤੋਂ ਵੀ ਵੱਧ ਦੇਸ਼ 'ਚ ਸਿਆਸੀ ਸਥਿਰਤਾ ਵਿਕਾਸ ਨੂੰ ਹੁਲਾਰਾ ਦੇਣ 'ਚ ਸਹਾਈ ਹੁੰਦੀ ਹੈ।

ਲੇਖਕ ਨੇ ਸਰਕਾਰਾਂ ਅਤੇ ਲੋਕਾਂ ਨੂੰ ਵਾਤਾਵਰਨ ਸਬੰਧੀ ਤਪਦੀ ਧਰਤੀ ਦੀ ਕੁੱਖ ਦਾ ਦੁਖਾਂਤ ਲੇਖ ਵਿੱਚ ਸੁਚੇਤ ਕੀਤਾ ਹੈ। ਜਿਸ ਵਿੱਚ ਲਿਖਿਆ ਹੈ:- ਇੰਟਰਨੈਟ ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀ ਛੇਵੀਂ ਮੁਲਾਂਕਣ ਰਿਪੋਰਟ ਦੱਸਦੀ ਹੈ ਕਿ ਦੁਨੀਆਂ ਪਹਿਲੇ ਮੁਲਾਂਕਣ ਦੇ ਹਿਸਾਬ ਨਾਲ 2030 ਤੱਕ ਡੇਢ ਡਿਗਰੀ ਸੈਲਸੀਅਸ ਤੋਂ ਵੱਧ ਗਰਮ ਹੋ ਸਕਦੀ ਹੈ। ਇਸ ਸਥਿਤੀ ਵਿੱਚ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਨਾ ਸਿਰਫ ਤੇਜ਼ ਗਰਮੀ, ਭਾਰੀ ਮੀਂਹ ਅਤੇ ਅਨਿਸ਼ਚਿਤ ਮਾਨਸੂਨ ਦੇ ਨਾਲ ਨਾਲ ਮੌਸਮ ਸਬੰਧੀ ਹੋਰ ਆਫ਼ਤਾਂ ਦਾ ਸਾਹਮਣਾ ਕਰਨਾ ਪਵੇਗਾ। ਭਾਰਤ ਵਿੱਚ ਪਹਿਲਾਂ ਹੀ ਚੱਕਰਵਾਤ, ਤੂਫਾਨ, ਹੜ੍ਹਾਂ ,ਸੋਕੇ, ਲੂ ਆਦਿ 'ਚ ਵੱਡਾ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

ਲੇਖਕ ਨੇ ਭਾਰਤ ਨਾਲ ਸੰਬੰਧਿਤ ਗਹਿਰ ਗੰਭੀਰ ਵਿਸ਼ਿਆਂ ਨੂੰ ਛੋਹਿਆ ਹੈ ਤੇ ਸਮੇਂ ਸਮੇਂ ਤੇ ਵਾਪਰ ਰਹੇ ਹਾਦਸਿਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਕਾਫੀ ਲੰਮੇ ਸਮੇਂ ਤੋਂ ਲੇਖਕ ਭਾਰਤ ਅਤੇ ਪੰਜਾਬ ਦੀਆਂ ਪਰਿਸਥਿਤੀਆਂ ਦਾ ਬਾਖੂਬੀ ਵਿਸ਼ਲੇਸ਼ਣ ਕਰਦੇ ਹੋਣ ਕਰਕੇ ਹਰ ਵਿਸ਼ੇ ਨੂੰ ਤਕਨੀਕੀ ਢੰਗ ਨਾਲ ਨਿਖਾਰਦੇ ਅਤੇ ਵਿਚਾਰਦੇ ਹਨ। ਸਮੇਂ ਸਮੇਂ ਤੇ ਅਖਬਾਰਾਂ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੋਏ ਇਹ ਲੇਖ ਸਾਨੂੰ ਸਮੇਂ ਦੇ ਹਾਣੀ ਬਣਨ ਵਿੱਚ ਸਹਾਇਕ ਸਿੱਧ ਹੁੰਦੀ ਹਨ ਕਿਉਂਕਿ ਜਦੋਂ ਅਸੀਂ ਪਰਿਸਥਿਤੀਆਂ ਦੇ ਵਾਕਫ ਹੁੰਦੇ ਹਾਂ ਤਾਂ ਅਸੀਂ ਸਹੀ ਰਾਹ ਚੁਣਨ ਦੇ ਕਾਬਲ ਬਣਦੇ ਹਾਂ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਦਾ ਮਨੋਰਥ ਤਦ ਹੀ ਸੰਪੂਰਨ ਹੋਵੇਗਾ ਜਦੋਂ ਆਮ ਜਨਤਾ ਅਤੇ ਸਰਕਾਰਾਂ ਇਹਨਾਂ ਵਿਚਾਰਾਂ ਤੇ ਅਮਲ ਕਰਨਗੀਆਂ।

# ਤਰਕਸ਼ੀਲ ਲਹਿਰ ਦੇ ਹੋਕੇ ਦਾ ਅਮਲ

**ਜਸਵੰਤ ਚਾਹਲ ਮੱਤੀ 99885-00460**

1925 ਵਿੱਚ ਬਣੀ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਬੇਸੁੱਝ ਅਨਪੜ੍ਹ ਲੋਕਾਂ ਨੂੰ ਸਾਧਾਂ - ਸੰਤਾਂ। ਵਹਿਮਾਂ - ਭਰਮਾਂ, ਟੂਣੇ -ਟਾਮਣਾ ਤੇ ਭੂਤਾਂ - ਪ੍ਰੇਤਾਂ ਵਿੱਚੋਂ ਕੱਢਣ ਲਈ। ਸੈਮੀਨਾਰਾਂ, ਲੈਕਚਰਾਂ ਤਰਕਸ਼ੀਲ ਯਾਦੂਆ ਤੇ ਤਰਕਸ਼ੀਲ ਮੇਲਿਆਂ ਰਾਹੀਂ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਮਾਨਸਾ ਦੇ ਇੱਕ ਨੇੜਲੇ ਪਿੰਡ ਤਾਮਕੋਟ ਵਿਖੇ ਦਸੰਬਰ 1995 ਦੌਰਾਨ ਤਰਕਸ਼ੀਲ ਸੁਸਾਇਟੀ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਨਕਲਾਬੀ ਤਰਕਸ਼ੀਲ ਮੇਲਾ ਕਰਵਾਇਆ ਗਿਆ। ਉਨ੍ਹਾਂ ਸਮਿਆਂ ਵਿੱਚ ਪਿੰਡਾਂ ਵਿੱਚ ਮਨ ਪਰਚਾਵੇ ਦਾ ਸਾਧਨ ਟੈਲੀਵਿਜ਼ਨ ਵਗੈਰਾ ਨਹੀਂ ਹੁੰਦੇ ਸਨ । ਉਨ੍ਹਾਂ ਸਮਿਆਂ ਵਿੱਚ ਗਾਇਕਾਂ ਦੇ ਅਖਾੜੇ ਜਾ ਤਰਕਸ਼ੀਲ ਮੇਲੇ ਹੀ ਲੋਕਾਂ ਲਈ ਮਨਪ੍ਰਚਾਵੇ ਦੇ ਸਾਧਨ ਹੁੰਦੇ ਸਨ। ਪਿੰਡ ਤਾਮਕੋਟ ਵਿਖੇ ਤਰਕਸ਼ੀਲ ਮੇਲਾ ਵੇਖਣ ਲਈ, ਠੂਠਿਆਂਵਾਲੀ। ਖਿਆਲਾਂ ਮਲਕਪੁਰ, ਖਿਆਲਾ ਕਲਾਂ, ਖਿਆਲਾ ਖੁਰਦ ਤੇ ਭੁਪਾਲ ਪਿੰਡਾਂ ਦੇ ਲੋਕਾਂ ਬਹੁਤ ਭਾਰੀ ਇਕੱਠ ਸੀ। ਮੇਲੇ ਦੌਰਾਨ ਦੱਬੇ-ਕੁਚਲੇ, ਪ੍ਰੋਲੇਤਾਰੀ ਤੇ ਕਿਰਤ ਕਰਨ ਵਾਲੇ ਲੋਕਾਂ ਦੀ ਦੁੱਖਾਂ ਭਰੀ ਜ਼ਿੰਦਗੀ ਦੇ ਅਧਾਰਿਤ ਇਨਕਲਾਬੀ ਨਾਟਕ ਖੇਡੇ ਜਾ ਰਹੇ ਸਨ। ਤਰਕਸ਼ੀਲ ਮੇਲੇ ਦੇ ਅਖੀਰ ਵਿੱਚ ਇੱਕ ਮਾਸੂਮ ਜਿਹੀ ਕਲਾਕਾਰ ਬੱਚੀ ਵੱਲੋਂ 'ਭਰੂਣ ਹੱਤਿਆਂ ਦੇ ਖਿਲਾਫ' ਇੱਕ ਕੋਰੀ ਗ੍ਰਾਫੀ। ਮੈਨੂੰ ਕੁੱਖ ਵਿੱਚ ਨਾ ਕਤਲ ਕਰਵਾ ਨੀ। ਮਾਏ ਮੇਰੀਏ। ਮੈਨੂੰ ਜੱਗ ਵੇਖਣ ਦਾ ਚਾਅ। ਨੀ ਮਾਏ ਮੇਰੀਏ।

ਇਸ ਬੱਚੀ ਨੇ ਕੋਰੀ ਗ੍ਰਾਫੀ ਦੀ ਪ੍ਰਭਾਵਸ਼ਾਲੀ ਐਕਟਿੰਗ ਕਰਦਿਆਂ। ਅੱਖਿ ਹੰਝੂ ਕੇਰਦਿਆਂ। ਹੋਕੇ ਭਰਦਿਆਂ। ਪੰਡਾਲ ਵਿੱਚ ਬੈਠੇ ਦਰਸ਼ਕਾਂ ਨੂੰ ਵੀ ਜਜ਼ਬਾਤੀ ਤੇ ਭਾਵੁਕ ਕਰ ਦਿੱਤਾ। ਕੋਰੀ ਗ੍ਰਾਫੀ ਵੇਖਦਿਆਂ ਦਰਸ਼ਕਾਂ ਦੇ ਅੱਖਾਂ ਵਿੱਚੋਂ ਵੀ ਹੰਝੂ ਡਿਗਣ ਲੱਗ ਪਏ ਸਨ। ਖਿਆਲਾਂ ਮਲਕਪੁਰ ਦਾ ਭਗਵੰਤ ਸਿੰਘ



ਪਟਵਾਰੀ ਨੇ ਨਾਟਕ ਮੇਲੇ ਦੌਰਾਨ ਕੀਤੀ ਗਈ ਕੋਰੀ ਗ੍ਰਾਫੀ ਤੋਂ ਭਾਵਿਕ ਹੋ ਕੇ ਆਪਣੇ ਮਨ ਦੇ ਵਿੱਚ ਨਿਸ਼ਚਾ ਕਰ ਲਿਆ ਕਿ ਧਰਮ ਪਤਨੀ ਦੇ ਗਰਭ ਵਾਲਾ ਬੱਚਾ ਭਾਵੇਂ ਪੁੱਤਰੀ ਹੀ ਹੋਵੇ। ਉਸ ਨੂੰ ਜਨਮ ਦਿਵਾਏਗੀ ਭਗਵੰਤ ਸਿੰਘ ਪਟਵਾਰੀ ਦੀ ਧਰਮ ਪਤਨੀ ਮਾਤਾ ਬਲਜੀਤ ਕੌਰ ਦਾ ਭਰਾ ਤੇ ਉਨ੍ਹਾਂ ਦੇ ਪਿਤਾ ਜੀ ਉਸ ਦੇ ਛੋਟੇ ਹੁੰਦਿਆਂ ਹੀ ਇਸ ਸੰਸਾਰ ਵਿੱਚੋਂ ਰੁਖਸਤ ਹੋ ਗਏ ਸਨ । ਮਾਤਾ ਬਲਜੀਤ ਕੌਰ ਦੀਆਂ ਮਨ ਦੀਆਂ ਇੱਛਾਵਾਂ ਸਨ ਕਿ ਉਨ੍ਹਾਂ ਦੀ ਕੁੱਖੋਂ ਹੋਣ ਵਾਲਾ ਬੱਚਾ ਪੁੱਤਰ ਹੀ ਪੈਦਾ ਹੋਵੇ। ਭਗਵੰਤ ਸਿੰਘ ਪਟਵਾਰੀ ਦੀ ਧਰਮ ਪਤਨੀ। ਉਨ੍ਹਾਂ ਦੀਆਂ ਭਰਜਾਈਆਂ ਤੇ ਆਂਢ - ਗੁਆਂਢ ਦੀਆਂ ਔਰਤਾਂ ਵੱਲੋਂ ਭਗਵੰਤ ਸਿੰਘ ਪਟਵਾਰੀ ਤੇ ਬਹੁਤ ਹੀ ਦਬਾਅ ਪਾਇਆ ਗਿਆ ਕਿ ਉਹ ਅਲਟਰਾਸਾਊਂਡ ਕਰਵਾ ਲੈਣ। ਗਰਭ ਵਿੱਚ ਜੇ ਪੁੱਤਰੀ ਹੋਈ। ਤਾਂ ਗਰਭਪਾਤ ਕਰਵਾਉਣ ਪਰ ਤਰਕਸ਼ੀਲ ਮੇਲੇ ਤੇ ਇੱਕ ਨੰਨ੍ਹੀ ਜਿਹੀ ਬੱਚੀ ਦੀ ਕੋਰੀ ਗ੍ਰਾਫੀ ਭਗਵੰਤ ਸਿੰਘ ਪਟਵਾਰੀ ਦੇ ਦਿੱਲ ਤੇ ਦਿਮਾਗ ਵਿੱਚ ਵਾਰ ਵਾਰ ਘੁੰਮ ਰਹੀ ਸੀ । ਭਗਵੰਤ ਸਿੰਘ ਪਟਵਾਰੀ ਨੇ ਕੋਰੀ ਨਾਂਹ ਕਰ ਦਿੱਤੀ। ਅਖੀਰ ਇੱਕ ਫਰਵਰੀ 1996 ਨੂੰ ਮਾਤਾ ਬਲਜੀਤ ਕੌਰ ਦੀ ਕੁੱਖੋਂ ਤਰਕਸ਼ੀਲ ਮੇਲੇ ਦੌਰਾਨ ਹੋਕੇ ਤੇ ਅਮਲ ਹੋਣ ਦੀ ਬਦੌਲਤ ਪੁੱਤਰੀ ਕੁਲਵਿੰਦਰ ਕੌਰ ਨੇ ਜਨਮ ਲਿਆ। ਪੁੱਤਰੀ ਦੇ ਪੈਦਾ ਹੋਣ ਤੇ ਉਨ੍ਹਾਂ ਦੇ ਸਕੇ - ਸਬੰਧੀ। ਤੇ ਆਂਢ - ਗੁਆਂਢ ਦੀਆਂ ਔਰਤਾਂ ਤਾਂ 'ਲੈ ਇੱਕ ਪੱਥਰ ਹੋਰ ਆ ਗਿਆ' ਜੇ ਪ੍ਰਮਾਤਮਾ ਪੁੱਤਰ ਦੇ ਦਿੰਦਾ। ਇਹ ਕਹਿ ਕੇ ਪੁਕਾਰ ਰਹੀਆਂ ਸਨ । ਸਾਰੀਆਂ ਦੇ ਚਿਹਰਿਆਂ ਤੇ ਉਦਾਸੀ ਤੇ ਖਾਮੋਸ਼ੀ ਛਾਈ ਹੋਈ ਸੀ । ਪਰ ਭਗਵੰਤ ਸਿੰਘ ਪਟਵਾਰੀ ਆਪਣੀ ਦ੍ਰਿੜਤਾ ਦਲੇਰੀ ਤੇ ਹੌਸਲੇ ਨਾਲ ਤਰਕਸ਼ੀਲ ਲਹਿਰ ਵੱਲੋਂ ਸਮਾਜਿਕ ਕੁਰੀਤੀਆਂ ਸਬੰਧੀ ਦਿੱਤੇ ਜਾ ਰਹੇ 'ਹੋਕੇ ਦੇ ਅਮਲ' ਦਾ ਫ਼ਖ਼ਰ ਮਹਿਸੂਸ ਕਰ ਰਿਹਾ ਸੀ। ਪਰ ਅਫਸੋਸ ਹੋਇਆ ਕਿ ਆਪਣੀਆਂ ਪੁੱਤਰੀਆਂ ਸੱਧਰਾਂ ਪੂਰੀਆਂ ਕਰਨ ਤੋਂ ਪਹਿਲਾਂ ਹੀ 29 ਅਪ੍ਰੈਲ 2019 ਨੂੰ ਮਾਤਾ ਬਲਜੀਤ ਕੌਰ ਇਸ ਸੰਸਾਰ ਤੋਂ ਤੁਰ ਗਈ ਸੀ । ਅਖੀਰ ਭਗਵੰਤ ਸਿੰਘ ਪਟਵਾਰੀ ਵੱਲੋਂ ਵੱਡੀ ਪੁੱਤਰੀ ਅਮਰਿੰਦਰ ਕੌਰ ਜ਼ਿਲ੍ਹਾ ਸੰਗਰੂਰ ਦੇ ਪਿੰਡ ਨਮੋਲ ਵਿਖੇ ਵਿਆਹੀ ਹੋਈ ਹੈ। ਤਰਕਸ਼ੀਲ ਮੇਲੇ ਦੀ ਦੇਣ ਛੋਟੀ ਪੁੱਤਰੀ ਕੁਲਵਿੰਦਰ ਕੌਰ ਮਾਈ ਭਾਗੋ ਗਰਲਜ਼ ਕਾਲਜ ਰੱਲਾ ਵਿਖੇ ਬੀ ਏ । ਬੀਐਡ ਕਰਨ ਤੋਂ ਬਾਅਦ ਜ਼ਿਲ੍ਹਾ ਮਾਨਸਾ ਦੇ ਪਿੰਡ ਭੈਣੀ ਬਾਘਾ ਵਿਖੇ ਵਿਆਹੀ ਹੋਈ ਹੈ। ਭਗਵੰਤ ਸਿੰਘ ਪਟਵਾਰੀ ਆਪਣੀ ਮਾਤਾ, ਭਰਾ ਤੇ ਭਰਜਾਈ ਸਮੇਤ ਆਪਣੀ ਜਨਮ ਭੂਮੀ ਖਿਆਲਾ ਮਲਕਪੁਰ ਵਿਖੇ ਜ਼ਿੰਦਗੀ ਗੁਜ਼ਾਰ ਰਿਹਾ ਹੈ।

# ਗੜਗੱਜ ਦੀ ਗੂੰਜ ਪਿੱਛੇ ਖਦਸ਼ੇ, ਅੰਦੇਸੇ ਅਤੇ ਭਰੋਸੇ !

ਸਿਆਸਤ, ਜੋ ਕਿ ਸਾਡੇ ਧਰਮ ਅਸਥਾਨਾਂ ਖਾਸ ਕਰਕੇ ਪੰਥਕ ਕੇਂਦਰ ਉਤੇ ਪੀਲੀ ਵੇਲ ਵਾਂਗ ਛਾਈ ਹੋਈ ਹੈ, ਬਾਰੇ ਦੁਸ਼ਿਅੰਤ ਕੁਮਾਰ ਦਾ ਇਕ ਸ਼ਿਅਰ ਹੈ-

'ਮਸਲਹਤ ਆਮੇਜ਼ ਹੂਆ ਕਰਤੇ ਹੈਂ ਸਿਯਾਸਤ ਕੇ ਕਦਮ
ਤੂ ਕਯਾ ਸਮਝੇ ਗਾ ਸਿਯਾਸਤ ਤੂ ਤੋ ਇਨਸਾਨ ਹੈ!'

'ਭਰਦਾਨ' ਜੁੰਡਲੀ ਦੀਆਂ ਸਿਆਸੀ ਮਸਹਲਤਾਂ ਨੂੰ ਮੁੱਖ ਰੱਖ ਕੇ ਅੱਧੀ ਰਾਤ ਨੂੰ ਥਾਪੇ (ਜਾਂ ਥੋਪੇ) ਹੋਏ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਗੜਗੱਜ ਨੇ ਬੀਤੇ ਦਿਨੀਂ,ਪਹਿਲੋਂ ਹੀ ਪੰਥ ਵਿਚ ਮਾਣ ਸਨਮਾਨ ਰੱਖਣ ਵਾਲੇ ਭਾਈ ਸਾਹਿਬ ਨੂੰ ਸਨਮਾਨਿਤ, ਕਿਸੇ ਨੂੰ ਦੋਸ਼-ਮੁਕਤ ਅਤੇ ਕਿਸੇ ਨੂੰ ਪੇਸ਼ ਹੋਣ ਦੇ ਜੋ ਆਦੇਸ਼ ਦਿੱਤੇ ਹਨ ਉਨ੍ਹਾਂ ਬਾਰੇ ਇਕ ਬਜ਼ੁਰਗ ਅਕਾਲੀ ਦਾ ਕਹਿਣਾ ਹੈ ਕਿ ਇਹ ਸਾਰਾ ਕੁੱਝ-

'ਗਾਨੀ ਵਾਲੇ ਤੋਤੇ ਉਹ ਦੁਹਰਾਈ ਜਾਵਣ,
ਜੋ ਕੁੱਝ ਬੋਲਣ ਰਾਜ ਭਵਨ ਦੇ ਸੀਲ ਕਬੂਤਰ।'

ਵਾਲੇ ਸ਼ਿਅਰ ਵਾਂਗ ਉੱਤੋਂ ਹੀ ਜਾਰੀ ਗਿਣੇ-ਮਿਥੇ ਏਜੰਡੇ ਅਨੁਸਾਰ ਹੋਇਆ ਹੈ!

ਬਜ਼ੁਰਗ ਕਹਿੰਦੇ ਅਸਲ ਵਿਚ ਇਹ 'ਸਹੇ ਦੀ ਨਹੀਂ ਮੈਨੂੰ ਪਹੇ ਦੀ ਚਿੰਤਾ' ਵਾਲੀ ਕਹਾਣੀ ਦੀ ਨਿਆਈਂ, ਭਾਈ ਗੜਗੰਜ ਪਾਸੋਂ ਪੰਥਕ ਪਿੜ ਵਿੱਚ 'ਸਹਿਆ' ਭਜ-ਾਇਆ ਗਿਆ ਹੈ,ਇਹ ਸੋਚ ਕੇ ਕਿ 'ਗੜਗੱਜ ਦੀ ਗੂੰਜ' ਵਿਚ ਅਵੇਸਲਾ ਹੋਇਆ ਪੰਥ, ਭੱਜੇ ਹੋਏ ਸਹੇ ਦੀ ਪੈੜ ਨੂੰ ਅਣਗੌਲਿਆ ਕਰ ਦੇਵੇ ਗਾ! ਫਿਰ ਮਗਰੋਂ ਬਣੇ ਹੋਏ 'ਪਹੇ' ਉੱਤੋਂ ਮਾਲਕ ਵਲੋਂ ਮਨਮਰਜੀ ਦੇ 'ਆਦੇਸ਼ਾਂ ਅਤੇ ਸੰਦੇਸ਼ਾਂ' ਦਾ ਰਾਹ ਖੁੱਲ੍ਹ ਜਾਵੇ ਗਾ!

ਬਸ ਫਿਰ ਮੌਕਾ ਤਾੜ ਕੇ ਹੁਣ ਸਾਰੇ ਪੰਜਾਬ ਵਿਚ ਭਰਪੂਰ ਹਮਾਇਤ ਪ੍ਰਾਪਤ ਕਰ ਰਹੀ ਪੰਜ ਮੈਂਬਰੀ ਭਰਤੀ ਕਮੇਟੀ ਦੇ ਜੋਸ਼ੋ-ਖਰੋਸ਼ ਉਤੇ ਪਾਣੀ ਫੇਰਨ ਲਈ ਹੁਕਮਨਾਮਾ ਜਾਰੀ ਕਰਵਾਇਆ ਜਾਵੇ ਗਾ! ਕਿ ਤਖਤ ਸਾਹਿਬ ਤੋਂ ਇਸ ਭਰਤੀ ਨੂੰ ਕੋਈ ਮਾਨਤਾ ਨਹੀਂ !!

ਅਖੇ ਡੁੱਬਦੇ ਨੂੰ ਤਿਨਕੇ ਦਾ ਸਹਾਰਾ! ਗੜਗੱਜ ਜੀ ਨੇ ਇਕ ਤਾਂ ਦੋ ਦਸੰਬਰ ਦੇ ਹੁਕਮਨਾਮਿਆਂ ਵਿਰੁੱਧ ਬੋਲ ਕੇ ਭਰਦਾਨ ਜੀ ਦੀਆਂ 'ਖੁਸ਼ੀਆਂ' ਪ੍ਰਾਪਤ ਕਰਨ ਵਾਲੇ 'ਗੌਹਰ' ਦਾ ਮੁੱਲ ਮੋੜਦਿਆਂ ਉਹਨੂੰ ਜਥੇਦਾਰੀ ਦੇ ਰਾਹੇ ਪਾ ਦਿਤਾ।ਭਾਵੇਂ ਇਸਦੀ ਵਜਾਹ ਇਤਹਾਸ ਵਿਚ ਪਹਿਲੀ ਵਾਰ ਦੋ ਤਖਤਾਂ ਵਿਚ ਟਕਰਾ ਦੀ ਸਥਿਤੀ ਬਣ ਗਈ ਹੈ।ਦੂਜਾ ਬਾਬੇ ਧੁੰਮੇ ਦੀ ਜਗਾਹ ਪ੍ਰਚਾਰ ਤੇਜ ਕਰਨ ਦੇ ਨਾਂ 'ਤੇ ਇਕ 'ਹੋਰ ਬਾਬਾ' ਪਤਿਆ ਲਿਆ ਐ!!

ਗੜਗੱਜ ਜੀ ਤੋਂ ਪਹਿਲੋਂ ਜਥੇਦਾਰ ਤਾਂ ਸੌਦੇ ਸਾਧ ਦੇ ਮਾਫੀ-ਕਾਂਡ ਵਾਲੇ ਭਾਈ ਗੁਰਮੁਖ ਸਿੰਘ ਤੇ ਗੁਰਬਚਨ ਸਿੰਘ ਵਲੋਂ ਆਏ ਸਪਸ਼ਟੀਕਰਨਾਂ ਤੋਂ ਸੰਤੁਸ਼ਟ ਨਹੀਂ ਸਨ ਅਤੇ ਉਨ੍ਹਾਂ ਨੇ ਦੋਹਾਂ ਨੂੰ ਕੌਮ ਦੇ ਗੁਨਾਹਗਾਰ ਮੰਨਿਆਂ ਸੀ।ਪਰ ਸਮੁੱਚੇ ਪੰਥ ਵਲੋਂ ਹਾਲੇ ਅਪ੍ਰਵਾਣਿਤ ਜਥੇਦਾਰ ਗੜਗੱਜ ਨੇ ਗਿਆਨੀ ਗੁਰਮੁਖ ਸਿੰਘ ਨੂੰ 'ਤਨਖਾਹ ਦੀ ਸੇਵਾ' ਲਾ ਕੇ 'ਗੁਰਬਚਨ ਸਿੰਘ' ਲਈ ਵੀ ਦੋਸ਼-ਮੁਕਤ ਹੋਣ ਦਾ ਰਾਹ ਖੋਲ੍ਹ ਦਿੱਤਾ ਸਮਝੋ!

ਇੱਥੇ ਟੌਹੜਾ ਸਾਹਿਬ ਦੀ ਇਕ ਗੱਲ ਚੇਤੇ ਕਰਨੀ ਵੀ ਕੁਥਾਂਹ ਨਹੀਂ ਹੋਵੇ ਗੀ। ਪੱਤਰਕਾਰ ਹਮੀਰ ਸਿੰਘ ਕਹਿੰਦੇ ਇਕ ਵਾਰ ਟੌਹੜਾ ਸਾਹਬ 'ਤੇ ਕਿਸੇ ਪੱਤਰਕਾਰ ਨੇ ਗਿਲਾ ਕਰਦਿਆਂ ਕਿਹਾ ਕਿ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦਾ 'ਕਮਜ਼ੋਰ' ਜਥੇਦਾਰ ਕਿਉਂ ਲਾ ਦਿੰਦੇ ਹੋ? ਟੌਹੜਾ ਸਾਹਬ ਗੰਭੀਰ ਸੁਰ ਵਿਚ ਬੋਲੇ-'ਤਖਤ ਸਾਹਿਬ ਦੇ ਜਥੇਦਾਰ ਦੀ ਪਦ-ਪਦਵੀ ਦਾ ਅਉਰਾ ਏਡਾ ਭਾਰਾ-ਗੌਰਾ ਹੈ ਕਿ ਦੇਖਣ ਨੂੰ 'ਕਮਜ਼ੋਰ ਜਾਪਦਾ' ਕੋਈ ਜਥੇਦਾਰ ਜਦ ਇਸ ਅਸਥਾਨ ਦੀ ਇਤਹਾਸਿਕ ਪ੍ਰਭਤਾ ਨਾਲ ਅੰਦਰੋਂ ਜੁੜ ਜਾਵੇ ਤਾਂ ਉਹ 'ਵੱਡਿਆਂ ਜਾਂ ਤਕੜਿਆਂ' ਦੇ ਵੀ ਵਲ-ਵਿੰਗ ਕੱਢਕੇ ਤੱਕਲ਼ੇ ਵਾਂਗ ਸਿੱਧੇ ਕਰ ਦਿੰਦਾ ਹੈ!

ਕਹਿਣ ਦਾ ਮਤਲਬ ਫਿਲਹਾਲ ਤਾਂ ਗਿਆਨੀ ਕੁਲਦੀਪ ਸਿੰਘ ਜੀ ਦੀ 'ਗੜਗੱਜ' ਭਰਦਾਨ ਵਲੋਂ 'ਤਰਵੀਜ਼-ਸ਼ੁਦਾ ਖੇਤਰ' ਤੱਕ ਗੂੰਜੀ ਜਾਂਦੀ ਹੈ ਪਰ ਜਿਸ ਦਿਨ ਇਸ ਜਥੇਦਾਰ ਉਤੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੇ ਬਖਸ਼ਿਸ਼ ਕਰ ਦਿੱਤੀ ਤਾਂ ਇਹ ਵੀ ਗਿਆਨੀ ਰਘਬੀਰ ਸਿੰਘ ਜਾਂ ਗਿਆਨੀ ਹਰਪ੍ਰੀਤ ਸਿੰਘ ਵਾਂਗ ਤਖਤ ਸਾਹਿਬ ਦੀ ਫਸੀਲ 'ਤੇ ਗਰਜ ਪੈਣਗੇ!ਗੁਰੂ ਪਾਤਸ਼ਾਹ ਦੇ ਨਜ਼ਰੇ-ਕਰਮ ਉਤੇ ਭਰੋਸਾ ਰੱਖੀਏ ਅਤੇ ਮਹਾਰਾਜ ਅੱਗੇ ਅਰਦਾਸ ਵੀ ਕਰੀਏ !!



**-ਤਰਲੋਚਨ ਸਿੰਘ**
**ਦੁਪਾਲ ਪੁਰ**
**78146-92724**

# ਪੰਜਾਬੀ ਭਾਸ਼ਾ ਦੇ ਗਿਆਨ ਤੋਂ ਅਧੂਰੇ ਵਿਦਿਆਰਥੀਆਂ ਨੂੰ ਤੇਲਗੂ ਸਿਖਾਉਣੀ ਕਿੰਨੀ ਕੁ ਜਾਇਜ਼? ਡੀ ਟੀ ਐੱਫ

**ਚੰਡੀਗੜ੍ਹ (ਦਲਜੀਤ ਕੌਰ)** ਪੰਜਾਬ ਦਾ ਸਿੱਖਿਆ ਵਿਭਾਗ ਨਿੱਤ ਨਵੇਂ ਕਾਰਨਾਮਿਆਂ ਲਈ ਚਰਚਾ ਵਿੱਚ ਰਹਿੰਦਾ ਹੈ, ਭਾਵੇਂ ਆਪਣੇ ਸੂਬੇ ਦੇ ਬਹੁ ਗਿਣਤੀ ਵਿਦਿਆਰਥੀਆਂ ਦੀ ਮਾਤ ਭਾਸ਼ਾ ਪੰਜਾਬੀ ਹੋਣ ਦੇ ਬਾਵਜੂਦ 12ਵੀਂ ਜਮਾਤ ਵਿੱਚੋਂ ਜਨਰਲ ਪੰਜਾਬੀ ਵਿੱਚੋਂ 3800 ਤੋਂ ਵੱਧ ਅਤੇ 10ਵੀਂ ਜਮਾਤ ਵਿੱਚੋਂ 1571 ਵਿਦਿਆਰਥੀਆਂ ਨੂੰ ਪਹਿਲੀ ਭਾਸ਼ਾ ਪੰਜਾਬੀ ਵਿੱਚੋਂ ਪਾਸ ਨਹੀਂ ਕਰਵਾ ਸਕਿਆ, ਪ੍ਰੰਤੂ ਹੁਣ ਵਿਭਾਗ ਵਿਦਿਆਰਥੀਆਂ ਨੂੰ ਤੇਲਗੂ ਭਾਸ਼ਾ ਸਿਖਾਉਣ ਲਈ ਅਧਿਆਪਕਾਂ ਨੂੰ ਆਦੇਸ਼ ਜਾਰੀ ਕਰ ਰਿਹਾ ਹੈ। ਪੰਜਾਬੀ ਭਾਸ਼ਾ ਵਿੱਚ ਪੱਛੜੇ ਵਿਦਿਆਰਥੀਆਂ ਨੂੰ ਵਿਸ਼ੇਸ਼ ਧਿਆਨ ਦੇਣ ਦੇ ਨਾਂ ਹੇਠ ਸਮਰੱਥ ਮਿਸ਼ਨ ਪਿਛਲੇ ਦੋ ਸਾਲਾਂ ਤੋਂ ਵੱਖ ਵੱਖ ਗਰੁੱਪਾਂ ਵਿੱਚ ਪੜ੍ਹਾਈ ਕਰਵਾਈ ਜਾ ਰਹੀ ਹੈ ਜਿਸ ਵਿੱਚ ਅੱਠਵੀਂ ਜਮਾਤ ਤੱਕ ਦੇ ਅਨੇਕਾਂ ਵਿਦਿਆਰਥੀਆਂ ਵੀ ਹਾਲੇ ਤੱਕ ਸ਼ਬਦ ਪੜ੍ਹਨਾ ਲਿਖਣਾ ਸਿੱਖ ਰਹੇ ਹਨ, ਭਾਵ ਉਹ ਪੰਜਾਬੀ ਭਾਸ਼ਾ ਵਿਚ ਆਪਣੇ ਨਾਲ ਦੇ ਵਿਦਿਆਰਥੀਆਂ ਨਾਲੋਂ ਕਾਫੀ ਪੱਛੜੇ ਹੋਏ ਹਨ।

ਵਿਭਾਗ ਵੱਲੋਂ ਤਿੰਨ ਭਾਸ਼ਾ ਸੂਤਰ ਨੂੰ ਵੀ ਤੋੜਦਿਆਂ ਚੌਥੀ ਭਾਸ਼ਾ ਤੇਲਗੂ ਦੇ ਮੁੱਢਲੇ ਗਿਆਨ ਦੇਣ ਦੇ ਨਿਰਦੇਸ਼ਾਂ ਬਾਰੇ ਟਿੱਪਣੀ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਪੰਜਾਬ ਦੇ ਸਿੱਖਿਆ ਵਿਭਾਗ ਨੂੰ ਅਜਿਹੇ ਤਰਕਹੀਣ ਤਜਰਬਿਆਂ ਤੋਂ ਬਾਜ਼ ਆਉਣਾ ਚਾਹੀਦਾ ਹੈ। ਪਹਿਲਾਂ ਹੀ ਪੰਜਾਬ ਦੇ ਵਿਦਿਆਰਥੀ ਤਿੰਨ ਭਾਸ਼ਾਈ ਸੂਤਰ ਅਧੀਨ ਤਿੰਨ ਭਾਸ਼ਾਵਾਂ ਸਿੱਖ ਰਹੇ ਹਨ, ਉਨ੍ਹਾਂ 'ਤੇ ਚੌਥੀ ਭਾਸ਼ਾ ਲੱਦਣੀ ਬਿਲਕੁਲ ਗੈਰ ਮਨੋਵਿਗਿਆਨਕ ਹੈ। ਨਾਲ ਹੀ ਅੱਜ ਦੇ ਆਰਟੀਫਿਸ਼ਲ ਇੰਟੈਲੀਜੈਂਸ ਦੇ ਯੁੱਗ ਵਿੱਚ ਕਿਸੇ ਵੀ ਭਾਸ਼ਾ ਦਾ ਉਲੱਥਾ ਦੂਜੀ ਭਾਸ਼ਾ ਵਿੱਚ ਹਾਸਲ ਕੀਤਾ ਜਾ ਸਕਦਾ ਹੈ, ਤਾਂ ਇਸ ਹਾਲਤ ਵਿੱਚ ਵਿਦਿਆਰਥੀਆਂ ਤੇ ਵਾਧੂ ਮਾਨਸਿਕ ਬੋਝ ਪਾਉਣਾ ਬੇਲੋੜਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਨਿਰਦੇਸ਼ ਦਿੱਤਾ ਗਿਆ ਹੈ ਕਿ ਛੇਵੀਂ ਜਮਾਤ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਤਿੰਨ ਗਰੁੱਪਾਂ ਵਿੱਚ ਵੰਡ ਕੇ ਕੰਮ ਵਾਲੇ ਦਿਨਾਂ ਵਿੱਚ ਅੱਧੀ ਛੁੱਟੀ ਤੋਂ ਬਾਅਦ ਅਤੇ ਛੁੱਟੀਆਂ ਵਾਲੇ ਦਿਨਾਂ ਵਿੱਚ ਸਵੇਰ ਦੇ ਸਮੇਂ ਤਿੰਨ ਘੰਟੇ ਸਮਰ ਕੈਂਪ ਲਾ ਕੇ ਤੇਲਗੂ ਭਾਸ਼ਾ ਦਾ ਗਿਆਨ ਦਿੱਤਾ ਜਾਵੇ। ਆਗੂਆਂ ਨੇ ਸਿੱਖਿਆ ਵਿਭਾਗ 'ਤੇ ਦੋਸ਼ ਲਗਾਇਆ ਕਿ ਨਿੱਤ ਨਵੇਂ ਤਜਰਬਿਆਂ ਨਾਲ ਸਿੱਖਿਆ ਦਾ ਉਜਾੜਾ ਕੀਤਾ ਜਾ ਰਿਹਾ ਹੈ, ਸਕੂਲਾਂ ਵਿੱਚ ਲੋੜੀਂਦੇ ਅਧਿਆਪਕਾਂ ਦੀ ਘਾਟ ਪੂਰੀ ਕਰਨ ਦੀ ਥਾਂ ਅਧਿਆਪਕਾਂ ਨੂੰ ਹੋਰ ਕੰਮਾਂ ਵਿੱਚ ਉਲਝਾ ਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਡੀ ਟੀ ਐੱਫ ਦੇ ਮੀਤ ਪ੍ਰਧਾਨਾਂ ਰਾਜੀਵ ਬਰਨਾਲਾ, ਜਗਪਾਲ ਬੰਗੀ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲਾ, ਹਰਜਿੰਦਰ ਵਡਾਲਾ ਬਾਂਗਰ ਅਤੇ ਰਘਵੀਰ ਭਵਾਨੀਗੜ੍ਹ, ਸੰਯੁਕਤ ਸਕੱਤਰਾਂ ਮੁਕੇਸ਼ ਕੁਮਾਰ, ਕੁਲਵਿੰਦਰ ਜੋਸ਼ਨ ਅਤੇ ਜਸਵਿੰਦਰ ਔਜਲਾ, ਪ੍ਰੈਸ ਸਕੱਤਰ ਪਵਨ ਕੁਮਾਰ, ਸਹਾਇਕ ਵਿੱਤ ਸਕੱਤਰ ਤਜਿੰਦਰ ਸਿੰਘ ਅਤੇ ਪ੍ਰਚਾਰ ਸਕੱਤਰ ਸੁਖਦੇਵ ਡਾਨਸੀਵਾਲ ਨੇ ਮੰਗ ਕੀਤੀ ਕਿ ਸਿੱਖਿਆ ਵਿਭਾਗ ਸੈਸ਼ਨ ਦੇ ਸ਼ੁਰੂ ਵਿੱਚ ਇੱਕ ਨਿਸ਼ਚਿਤ ਕੈਲੰਡਰ ਜਾਰੀ ਕਰੇ ਜਿਸ ਅਨੁਸਾਰ ਸਾਰੀਆਂ ਗਤੀਵਿਧੀਆਂ ਹੋਣ ਨਾ ਕਿ ਨਿੱਤ ਦਿਨ ਨਵੇਂ ਤਜਰਬੇ ਕੀਤੇ ਜਾਣ।

# ਮਹਾਤਮਾ ਬੁੱਧ, ਮਹਾਤਮਾ ਫੂਲੇ, ਗੁਰੂ ਰਵਿਦਾਸ ਤੇ ਡਾ. ਅੰਬੇਡਕਰ ਦਾ ਰਾਹ ਅਪਨਾਉਣ ਦੀ ਲੋੜ

ਪਾਣੀ ਕੁਦਰਤ ਦਾ ਇਕ ਮਹੱਤਵਪੂਰਨ ਉਪਕਾਰ ਸਾਧਨ ਹੈ। ਪ੍ਰਾਣੀ ਜੀਵਨ, ਚਾਹੇ ਉਹ ਮਨੁੱਖ, ਬਨਸਪਤੀ, ਜਾਨਵਰ ਤੇ ਜਨੌਰ ਹੋਵੇ ਲਈ ਇਕ ਜਰੂਰੀ ਤੱਤ ਹੈ। ਧਰਤੀ ਦਾ 71 ਪ੍ਰਤੀਸ਼ਤ ਹਿੱਸਾ ਪਾਣੀ ਨਾਲ ਭਰਿਆ ਹੋਇਆ ਹੈ। ਮਨੁੱਖੀ ਸਰੀਰ ਦੇ ਕੁੱਲ ਭਾਰ ਦਾ 60 ਪ੍ਰਤੀਸ਼ਤ ਭਾਗ ਪਾਣੀ ਹੈ। ਪਾਣੀ-ਪੀਣ, ਖਾਣਾ ਬਨਾਉਣ, ਨਹਾਉਣ, ਕੱਪੜੇ ਧੋਣ, ਬਰਤਨ ਧੋਣ, ਬਨਸਪਤੀ,ਫਸਲਾਂ ਨੂੰ ਪਾਲਣ, ਬਿਲਡਗਾਂ ਨੂੰ ਬਨਾਉਣ ਆਦਿ ਸੈਂਕੜੇ ਕੰਮਾਂ ਵਿਚ ਵਰਤਿਆ ਜਾਂਦਾ ਹੈ। ਕਿਉਂਕਿ ਪਾਣੀ ਜੀਵਨ ਲਈ ਜਰੂਰੀ ਹੈ ਇਸ ਲਈ ਪਾਣੀ ਲਈ ਪ੍ਰਾਚੀਨ ਕਾਲ ਤੋਂ ਹੀ ਜੰਗਾਂ ਤੇ ਯੁੱਧ ਹੁੰਦੇ ਆਏ ਹਨ।

ਭਾਰਤ ਵਿਚ ਇਕ ਸ਼ਾਕਯ ਵੰਸ ਦਾ ਰਾਜਾ ਸਿਸੋਧਨ ਸੀ, ਸ਼ਾਕਯ ਰਾਜ ਦੇ ਨਾਲ ਹੀ ਕੋਲੀਆ ਵੰਸ਼ ਦਾ ਰਾਜ ਲਗਦਾ ਸੀ। ਰੋਹਿਣੀ ਨਾਂ ਦੀ ਨਦੀ, ਦੋਹਾਂ ਰਾਜਾਂ ਦੇ ਵਿਚਕਾਰ ਦੀ ਵਹਿੰਦੀ ਸੀ। ਨਦੀ ਦੇ ਪਾਣੀ ਦੀ ਵੰਡ ਤੋਂ ਹਰ ਫਸਲ ਉਤੇ ਦੋਹਾਂ ਰਾਜਾਂ ਦਾ ਝਗੜਾ ਹੁੰਦਾ ਕਿ ਪਾਣੀ ਦਾ ਪਹਿਲਾਂ ਕੌਣ ਤੇ ਕਿੰਨਾ ਇਸਤੇਮਾਲ ਕਰੇਗਾ। ਇਕ ਵਾਰ ਇਹ ਝਗੜਾ ਗੰਭੀਰ ਰੂਪ ਧਾਰ ਗਿਆ। ਦੋਹਾਂ ਰਾਜਾਂ ਨੇ ਇਹ ਫੈਸਲਾ ਕਰ ਲਿਆ ਕਿ ਹਰ ਸਾਲ ਦਾ ਇਹ ਝਗੜਾ ਕਿਉਂ ਨਾ ਯੁੱਧ ਰਾਹੀਂ ਸਦਾ ਵਾਸਤੇ ਹੱਲ ਕਰ ਲਿਆ ਜਾਵੇ।

ਸ਼ਾਕਯ ਦੇ ਸੈਨਾਪਤੀ ਨੇ ਕੋਲੀਆਂ ਦੇ ਖਿਲਾਫ ਯੁੱਧ ਛੇੜਨ ਦਾ ਮਤਾ ਪਾਸ ਕਰਾਉਣ ਲਈ, ਸ਼ਾਕਯ ਸੰਘ (ਪਾਰਲੀਮੈਂ) ਦੀ ਇਕ ਮੀਟਿੰਗ ਬੁਲਾਈ। ਸੈਨਾਪਤੀ ਨੇ ਯੁੱਧ ਛੇੜਨ ਦਾ ਮਤਾ ਰੱਖਿਆ। ਰਾਜਾ ਸਿਸੋਧਨ ਦੇ ਪੁੱਤਰ ਸਿਧਾਰਥ ਗੌਤਮ ਨੇ ਯੁੱਧ ਦੇ ਮਤੇ ਦਾ ਵਿਰੋਧ ਕੀਤਾ। ਉਸ ਕਿਹਾ ਕਿ ਪਾਣੀ ਦਾ ਮਾਮਲਾ ਦੋਹਾਂ ਧਿਰਾਂ ਦੁਆਰਾ ਸਲਾਹ ਮਸ਼ਵਰੇ ਰਾਹੀਂ ਹੱਲ ਹੋਣਾ ਚਾਹੀਦਾ ਹੈ। ਸਿਧਾਰਥ ਗੌਤਮ ਨੇ ਸੁਝਾਅ ਦਿੱਤਾ ਕਿ ਇਕ ਪੰਜ ਮੈਂਬਰੀ ਪੰਚਾਇਤ ਬਣਾ ਕੇ ਕੋਲੀਆਂ ਨਾਲ ਪਾਣੀ ਦੇ ਝਗੜੇ ਦਾ ਨਿਪਟਾਰਾ ਕਰ ਲਿਆ ਜਾਵੇ ਕਿਉਕਿ ਸ਼ਾਕਯ ਤੇ ਕੋਲੀਆਂ ਆਪਸ ਵਿਚ ਨਜ਼ਦੀਕੀ ਰਿਸ਼ਤੇਦਾਰ ਹਨ। ਇਸੀ ਲਈ ਯੁੱਧ ਕਰਕੇ ਖੂਨ ਖਰਾਬਾ ਕਰਨਾ ਕੋਈ ਸਿਆਣਪ ਨਹੀਂ ਹੈ।

ਸੈਨਾਪਤੀ ਨੇ ਕਿਹਾ, "ਕਸ਼ੱਤਰੀ ਦਾ ਧਰਮ, ਯੁੱਧ ਕਰਨਾ ਹੈ, ਇਹ ਸ਼ਾਸ਼ਤਰਾਂ ਦੀ ਆਗਿਆ ਹੈ।'' ਸਿਧਾਰਥ ਕਿਹਾ, "ਧਰਮ ਤਾਂ ਇਸ ਗੱਲ ਵਿੱਚ ਹੈ ਕਿ ਵੈਰ ਕਦੇ ਵੈਰ ਨਾਲ ਖਤਮ ਨਹੀਂ ਹੁੰਦਾ, ਇਹ ਤਾਂ ਮਿਤ੍ਰਤਾ ਨਾਲ ਹੀ ਖਤਮ ਹੁੰਦਾ ਹੈ।'' ਸੈਨਾਪਤੀ ਨੇ ਡਟ ਕੇ ਸਿਧਾਰਥ ਦਾ ਵਿਰੋਧ ਕਰਦਿਆਂ ਕਿਹਾ, "ਯੁੱਧ ਵਿਚ ਕਸ਼ੱਤਰੀਆਂ ਲਈ ਕੋਈ ਆਪਣਾ ਪਰਾਇਆ ਨਹੀਂ। ਆਪਣੇ ਹੱਕ ਲਈ ਲੜਨਾ ਹੀ ਕਸ਼ੱਤਰੀਆਂ ਦਾ ਧਰਮ ਹੈ।''

ਮਤੇ ਦੇ ਪੱਖ ਅਤੇ ਵਿਰੋਧ ਵਿਚ ਵੋਟਾਂ ਪਈਆਂ। ਬਹੁ-ਗਿਣਤੀ ਵੋਟ ਯੁੱਧ ਛੇੜਨ ਦੇ ਹੱਕ ਵਿਚ ਪਏ। ਪਰ ਸਿਧਾਰਥ ਗੌਤਮ ਯੁੱਧ ਦੇ ਵਿਰੋਧ ਵਿਚ ਅੜੇ ਰਹੇ। ਸੈਨਾਪਤੀ ਨੇ ਸ਼ਾਕਯ ਸੰਘ (ਪਾਰਲੀਮੈਂਟ) ਦੇ ਨੇਮਾਂ ਦਾ ਉਲੰਘਣ ਕਰਨ ਦੇ ਦੋਸ਼ ਵਿਚ, ਸਿਧਾਰਥ ਨੂੰ ਸਜ਼ਾ ਦੇਣ ਲਈ ਤਿੰਨ ਸਜਾਵਾਂ ਰੱਖਦਿਆ ਕਿਹਾ, "1. ਸਿਧਾਰਥ ਯੁੱਧ ਵਿਚ ਹਿੱਸਾ ਲੈ ਸਕਦਾ ਹੈ। 2. ਸਿਧਾਰਥ ਆਪਣੇ ਪਰਿਵਾਰ ਦੇ ਮੈਂਬਰਾਂ ਦਾ ਸਮਾਜਿਕ ਬਾਈਕਾਟ ਤੇ ਜਾਇਦਾਦ ਜਬਤ ਕਰਾਵਾ ਸਕਦਾ ਹੈ। 3. ਸਿਧਾਰਥ ਫਾਂਸੀ ਤੇ ਲਟਕਣਾ ਜਾਂ ਦੇਸ਼ ਨਿਕਾਲਾ ਕਬੂਲ ਕਰ ਸਕਦਾ ਹੈ। ਸੈਨਾਪਤੀ ਨੇ ਸਿਧਾਰਥ ਨੂੰ ਇਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਸਜਾ ਕਬੂਲ ਕਰਨ ਲਈ ਕਿਹਾ।''

ਪ੍ਰਵਾਰਿਕ ਸਬੰਧੀਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਸਿਧਾਰਥ ਨੇ ਦੇਸ਼ ਤੋਂ ਬਾਹਰ ਜਾਣਾ ਇਸ ਲਈ ਕਬੂਲ ਕਰ ਲਿਆ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੀ ਖਾਤਰ ਉਨ੍ਹਾਂ ਦੇ ਪਰਿਵਾਰ ਦਾ ਸਮਾਜਿਕ ਬਾਈਕਾਟ ਹੋਵੇ, ਜਾਂ ਉਨ੍ਹਾਂ ਦੇ ਪਰਿਵਾਰ ਦੇ ਖੇਤ ਜਾਇਦਾਦ ਜਬਤ ਹੋਣ ਤੇ ਪਰਿਵਾਰ ਰੋਟੀ-ਰੋਜ਼ੀ ਤੋਂ ਜਾਂਦਾ ਰਹੇ। ਯੁੱਧ ਕਰਨ ਤੋਂ ਉਹ ਪਹਿਲਾਂ ਹੀ ਇਨਕਾਰ ਕਰ ਚੁੱਕੇ ਸਨ ਕਿ ਮਰ ਗਏ ਤਾਂ ਪਰਲੋ! ਇਸ ਲਈ ਸਜ਼ਾ ਵਜੋਂ ਸਿਧਾਰਥ ਨੇ ਦੇਸ਼ ਛੱਡ ਦਿੱਤਾ।

ਸਿਧਾਰਥ ਦੇਸ਼ ਤਿਆਗਣ ਤੋ ਬਾਅਦ ਖੋਜ਼ ਵਿਚ ਲੱਗ ਗਏ ਕਿ ਕਿਹੜੀ ਗੱਲ ਹੈ ਜੋ ਭਰਾ, ਭਰਾ ਨੂੰ ਇਕ ਦੂਜੇ ਦੇ ਖੂਨ ਦਾ ਪਿਆਸਾ ਬਣਾ ਦਿੰਦੀ ਹੈ। ਉਨ੍ਹਾਂ ਲਗਾਤਾਰ 6 ਸਾਲ ਤੱਕ ਜੀਵਨ ਦਾ ਵਿਸਲੇਸ਼ਣ ਕੀਤਾ, ਪਿੱਪਲ ਦੇ ਦਰਖਤ ਥੱਲੇ ਸਿਧਾਰਥ ਅਜੇ ਖੋਜ਼ ਵਿਚ ਮਗਨ ਸੀ ਕਿ ਸੁਜਾਤਾ ਨਾਂ ਦੀ ਇਸਤ੍ਰੀ ਖੀਰ ਦਾ ਥਾਲ ਲੈ ਕੇ ਉਸ ਦਰਖਤ ਵਲ੍ਹ ਆਈ ਜਿਥੇ ਸਿਧਾਰਥ ਬੈਠਾ ਸੁੱਕ ਕੇ ਤੀਲਾ ਹੋ ਗਿਆ ਸੀ। ਸੁਜਾਤਾ ਨੇ ਖੀਰ ਸਿਧਾਰਥ ਦੇ ਮੂੰਹ ਵਿਚ ਪਾਈ। ਸਿਧਾਰਥ ਨੇ ਖੀਰ ਨੂੰ ਗ੍ਰਹਿਣ ਕੀਤਾ। ਭੋਜਨ ਪਾਉਣ ਤੋਂ ਬਾਅਦ ਸਿਧਾਰਥ ਪੂਰੇ ਹੋਸ਼ ਹਵਾਸ ਵਿੱਚ ਆ ਗਏ। ਸਿਧਾਰਥ ਨੂੰ ਗਿਆਨ ਹੋਇਆ ਕਿ ਸੁਜਾਤਾ ਉਸ ਦੇ ਮੂੰਹ ਵਿੱਚ ਖੁਰਾਕ ਨਾ ਪਾਉਂਦੀ ਤਾਂ ਉਸ ਮਰ ਜਾਣਾ ਸੀ ਤੇ ਆਪ ਮਰੇ-ਜਗ ਪਰਲੋ। ਇਸ ਲਈ ਬੰਦਾ ਹੀ ਬੰਦੇ ਦਾ ਦਾਰੂ ਹੈ। ਮਾਨਵ ਹੀ ਸੱਚ ਹੈ, ਸਭ ਕੁੱਝ ਮਾਨਵ ਵਿਚ ਹੈ ਤੇ ਸਭ ਕੁੱਝ ਮਾਨਵ ਲਈ ਹੈ। ਬੱਸ! ਪਾਣੀ ਤੋਂ ਪੈਦਾ ਹੋਏ ਯੁੱਧ ਤੇ ਯੁੱਧ ਤੋਂ ਪੈਦਾ ਹੋਏ ਵਿਵਾਦ ਨੇ ਹੀ ਸਿਧਾਰਥ ਗੌਤਮ ਨੂੰ ਮਹਾਨ ਤਥਾਗਤ ਬੁੱਧ ਬਣਾ ਦਿੱਤਾ, ਜੋ ਏਸ਼ੀਆ ਦਾ ਚਾਨਣ ਹੀ ਨਹੀ, ਅੱਜ ਸੰਸਾਰ ਦਾ ਸੂਰਜ ਬਣ ਸਮੁੱਚੀ ਮਨੁੱਖਤਾ ਨੂੰ ਚਾਨਣ ਵਿਖੇਰ ਰਿਹਾ ਹੈ। ਤੀਜੀ ਸੰਸਾਰ ਜੰਗ ਨਾ ਹੋਵੇ, ਇਸ ਲਈ ਯੂ.ਐਨ. ਓ. ਨੇ ਬੁੱਧ ਦੇ ਪੰਚਸ਼ੀਲ ਮੱਧਅਮ ਮਾਰਗ ਨੂੰ ਅਪਣਾਇਆ



ਹੋਇਆ ਹੈ।

ਗੁਰੂ ਰਵਿਦਾਸ ਜੀ ਇਕ ਵਾਰ ਕੁੰਭ ਮੇਲੇ ਮੌਕੇ ਗੰਗਾ ਨਦੀ ਉੱਤੇ ਸਾਥੀਆਂ ਨੂੰ ਸਾਥ ਲੈ ਇਸ਼ਨਾਨ ਕਰਨ ਗਏ। ਗੰਗਾ ਨਦੀ ਕਿਨਾਰੇ ਜਦ ਗੁਰੂ ਜੀ ਪ੍ਰਵਚਨ ਕਰ ਰਹੇ ਸੀ ਤਾਂ ਪ੍ਰੋਹਿਤਾਂ ਨੇ ਆ ਕੇ ਹੂ-ਹੱਲਾ ਮਚਾ ਦਿੱਤਾ ਕਿ ਇੱਕ ਅਛੂਤ ਚੰਡਾਲ ਸਤਸੰਗ ਨਹੀਂ ਕਰ ਸਕਦਾ? ਉਹ ਵੀ ਗੰਗਾ ਘਾਟ ਉੱਤੇ ਤਾਂ ਹਰਗਿਜ ਨਹੀ ਹੋ ਸਕਦਾ? ਗੁੱਸੇ 'ਚ ਪ੍ਰੋਹਿਤ ਮੁਖੀ ਨੇ ਕਿਹਾ, "ਰਵਿਦਾਸ ਅਛੂਤ ਚੰਡਾਲਾ! ਤੂੰ ਗੰਗਾ ਮਾਤਾ ਨੂੰ ਅਪਵਿੱਤਰ ਕੀਤਾ ਹੈ, ਇਸ ਦੀ ਤੈਨੂੰ ਸਜ਼ਾ ਜਰੂਰ ਮਿਲੇਗੀ।''

ਗੁਰੂ ਰਵਿਦਾਸ ਜੀ ਨੇ ਪੁੱਛਿਆ, "ਪੰਡਿਤ ਜੀ, ਇਹ ਗੰਗਾਂ ਤੁਹਾਡੀ ਆ?'' "ਹਾਂ ਸਾਡੀ ਆ'' "ਤੁਸੀ ਗੰਗਾਂ ਨੂੰ ਪੈਦਾ ਕੀਤਾ ਹੈ?'' ਪ੍ਰੋਹਿਤ ਕੋਈ ਜਵਾਬ ਨਾ ਦੇ ਸਕਿਆ। "ਪੰਡਿਤ ਜੀ, ਇਹ ਸਾਰੀ ਸਰਿਸ਼ਟੀ ਪ੍ਰਾਕਿਰਤਕ ਹੈ। ਸਰਿਸ਼ਟੀ ਦੀ ਸਿਰਜਨਾ ਅਤੇ ਵਿਕਾਸ ਵਿੱਚ ਪਾਣੀ ਦਾ ਮੁੱਖ ਯੋਗਦਾਨ ਹੈ। ਸਮੁੱਚੀ ਬਨਸਪਤੀ ਪਾਣੀ ਦੀ ਪੈਦਾਵਾਰ ਹੈ। ਪਾਣੀ ਤੋਂ ਬਿਨਾਂ ਇਹ ਜੀਵ ਜੰਤੂ, ਪੇੜ ਪੌਦੇ ਜਿੰਦਾ ਨਹੀਂ ਰਹਿ ਸਕਦੇ? ਪਾਣੀ ਦੇ ਪ੍ਰਤਾਪ ਕਾਰਨ ਹੀ ਇਹ ਸਰਿਸ਼ਟੀ ਹਰੀ ਭਰੀ ਹੋਈ ਹੈ।

ਪਾਣੀ ਦੀ ਪੂਰਤੀ ਲਈ ਮਨੁੱਖ ਤੇ ਹੋਰ ਪ੍ਰਾਣੀ, ਪਾਣੀ ਦੇ ਨਜ਼ਦੀਕ ਰਹਿੰਦੇ ਹਨ। ਪੁਰਾਣੇ ਸ਼ਹਿਰਾਂ ਦਾ ਦਰਿਆਵਾਂ ਦੇ ਕੰਢੇ ਵਸੇ ਹੋਣ ਦਾ ਕਾਰਣ ਵੀ ਪਾਣੀ ਹੀ ਹੈ। ਕਾਸ਼ੀ ਬਨਾਰਸ ਅਤੇ ਹੋਰ ਸਭ ਨਗਰ ਪਾਣੀ ਲਈ ਹੀ ਗੰਗਾ ਦਰਿਆ 'ਤੇ ਵਸੇ ਹੋਏ ਹਨ। ਸਾਰੇ ਨਾਗਰਿਕ ਹੀ ਨਹੀ, ਜਾਨਵਰ ਜਨੌਰ ਵੀ ਗੰਗਾ ਤੋਂ ਹੀ ਪਾਣੀ ਪੀਦੇਂ ਹਨ। ਫਿਰ ਦਲਿਤਾਂ ਨੂੰ ਗੰਗਾ ਤੋਂ ਪਾਣੀ ਪੀਣ ਤੋਂ ਪ੍ਰਹਿਤ ਕਿਵੇਂ ਰੋਕ ਸਕਦੇ ਹਨ? ਤੁਸੀ ਦਲਿਤਾਂ ਨੂੰ ਛੱਪੜਾਂ, ਢਾਬਾ ਵਿੱਚੋਂ ਗੰਦਾ ਪਾਣੀ ਪੀਣ ਲਈ ਕਿਉ ਪਾਬੰਦ ਕਰਦੇ ਹੋ, ਕੁਦਰਤ ਕਿਸੇ ਉਤੇ ਕੋਈ ਪਾਬੰਦੀ ਨਹੀ ਲਾਉਂਦੀ?ੴਰਜ ਕਿਸੇ ਨੂੰ ਧੁੱਪ ਲੈਣ ਤੋਂ ਨਹੀ ਰੋਕਦਾ। ਚੰਦਰਮਾ ਕਿਸੇ ਨੂੰ ਰੋਸ਼ਨੀ ਤੋਂ ਨਹੀ ਰੋਕਦਾ। ਹਵਾ ਕਿਸੇ ਨੂੰ ਸਾਹ ਲੈਣ ਤੋਂ ਨਹੀ ਰੋਕਦੀ। ਧਰਤੀ ਕਿਸੇ ਨੂੰ ਆਣ-ਜਾਣ ਤੋਂ ਨਹੀ ਰੋਕਦੀ। ਇਹ ਸਭ ਦਰਿਆ, ਚਸ਼ਮੇ ਗੰਗਾਂ ਵੀ ਕੁਦਰਤ ਦਾ ਹੀ ਵਰਦਾਨ ਹਨ। ਕੁਦਰਤ ਕਿਸੇ ਨੂੰ ਪਾਣੀ ਪੀਣ ਜਾਂ ਨਹਾਉਣ ਤੋਂ ਨਹੀ ਰੋਕਦੀ। ਫਿਰ ਗੰਗਾ ਦਲਿਤਾਂ ਦੇ ਇਸ਼ਨਾਨ ਕਰਨ ਨਾਲ ਭਿੱਟ ਕਿਵੇਂ ਹੋ ਗਈ, ਇਹ ਸਭ ਪ੍ਰੋਹਿਤਾਂ ਦੀਆਂ ਮਿੱਥਾਂ ਹਨ।''

ਪ੍ਰੋਹਿਤ, ਗੁਰੂ ਰਵਿਦਾਸ ਜੀ ਦੇ ਸੱਚ ਦਾ ਸਾਹਮਣਾ ਨਾ ਕਰ ਸਕੇ। ਪ੍ਰੋਹਿਤ ਨੀਵੀਆਂ ਪਾ ਉਥੋਂਵਾਪਸ ਚਲੇ ਗਏ। ਗੰਗਾਂ ਤੋਂ ਦਲਿਤਾਂ ਨੂੰ ਪਾਣੀ ਪੀਣ ਦਾ ਅਧਿਕਾਰ ਦਿਵਾਉਣ ਤੇ ਗੁਰੂ ਜੀ ਬੇਗ਼ਮਪੁਰਾ ਦੇ ਸਿਰਜਨਹਾਰੇ ਬਣ ਗਏ।

ਮਹਾਂਰਾਸ਼ਟਰ ਰਾਜ ਵਿਚ ਅਪ੍ਰੈਲ-ਮਈ, ਮਹੀਨੇ ਸਖ਼ਤ ਗਰਮੀ ਨਾਲ ਦਲਿਤਾਂ ਦੇ ਖੂਹ ਸੁੱਕ ਜਾਂਦੇ ਹਨ। ਇਕ ਵਾਰ 1868 ਦੀ ਗੱਲ ਆ ਕਿ ਦਲਿਤਾਂ ਦੇ ਖੀਹ ਸੁਕ ਗਏ, ਪਾਣੀ ਖੁਣੋ ਉਨ੍ਹਾਂ ਦੇ ਜਾਨਵਰ ਮਰਨ ਲੱਗ ਪਏ। ਪਿਆਸ ਬੁਝਾਉਣ ਤੇ ਖਾਣਾਂ ਬਣਾਉਣ ਲਈ ਦਲਿਤ ਪਾਣੀ ਲਈ ਥਾਂ ਥਾਂ ਉਤੇ ਵਿਲਕਦੇ ਫਿਰਨ, ਉਚਜਾਤੀਆਂ ਅੱਗੇ ਲੇਲ੍ਹੜੀਆਂ ਕੱਢਣ, ਪਰ ਉੱਚਜਾਤੀਏ ਡਾਂਗਾਂ ਉਠਾ ਦਲਿਤਾਂ ਭਜਾ ਦੇਣ।

ਜੋਤੀ ਰਾਓ ਫੂਲੇ ਦੇ ਸਾਥੀ ਨਾਮਦੇਵ ਤੋਂ ਅੱਖੀ ਵੇਖ ਇਹ ਦੁਖਾਂਤ ਜਰਿਆ ਨਾ ਗਿਆ। ਉਸ ਫੂਲੇ ਨੂੰ ਕਿਹਾ, "ਇਸ ਵਾਰ ਬਰਸਾਤ ਲੇਟ ਹੋਣ ਕਾਰਨ ਮੀਂਹ ਨਹੀ ਪਏ, ਦਲਿਤਾਂ ਦੇ ਖੂਹ ਸੁੱਕ ਗਏ ਹਨ। ਉਨ੍ਹਾਂ ਦੇ ਜਾਨਵਰ ਪਾਣੀ ਖੁਣੋਂ ਮਰ ਰਹੇ ਹਨ, ਦਲਿਤ ਪਾਣੀ ਲਈ ਤਰਾਹ-ਤਰਾਹ ਤੜਫ਼ਦੇ ਹਨ। ਫੂਲੇ ਜੀ, ਦਲਿਤਾਂ ਦੀ ਦਾਸਤਾਨ ਦਾ ਕੋਈ ਹਲ ਲੱਭੋ? ਕੋਈ ਅੰਦੋਲਨ ਕਰੋ। ਸਵਿਤਰੀ ਬਾਈਂ ਨੇ ਵਿੱਚੋਂ ਹੀ, ਗੱਲ ਨੂੰ ਕੱਟਦਿਆਂ ਕਿਹਾ, "ਜੀ, ਆਹ ਆਪਣਾ ਖੂਹ ਆ, ਚਲੋਂ ਆਪਾਂ ਦਲਿਤਾਂ ਨੂੰ ਪਾਣੀ ਲੈਣ ਲਈ ਸੱਦਕੇ ਲਿਆਈਏ।''

"ਹਾਂ ਨਾਮਦੇਵ, ਅੰਦੋਲਨ ਲੰਬਾ ਕੰਮ ਹੈ। ਦਲਿਤਾਂ ਨੂੰ ਪਾਣੀ ਦੀ ਹੁਣੇ ਲੋੜ ਹੈ। ਫੂਲੇ, ਨਾਮਦੇਵ, ਸਵਿਤਰੀ ਦਲਿਤ ਬਸਤੀ ਵਿੱਚ ਗਏ, ਸਵਿਤਰੀ ਬਾਈ ਕਿਹਾ, "ਬਾਪੂ ਜੀ, ਅਸੀਂ ਤੁਹਾਨੂੰ ਆਪਣੇ ਖੂਹ ਤੋਂ ਪਾਣੀ ਭਰਨ ਲਈ ਲੈਣ ਆਏ ਹਾਂ, ਚਲੋ ਸਾਡੇ ਸਾਥ।'' ਫੂਲੇ ਨੇ ਆਪਣੇ ਘਰ ਦੇ ਖੂਹ ਤੋਂ ਦਲਿਤਾਂ ਨੂੰ ਪਾਣੀ ਭਰਨ ਦੇਣ ਲਈ ਇੱਕ ਅਪਾਹਜ਼ ਬੱਚੇ ਨੂੰ ਕੁੱਛੜ ਚੁੱਕ ਘਰ ਨੂੰ ਵਾਪਸ ਤੁਰ ਪਏ। ਜੋਤੀਬਾ-ਸਵਿਤਰੀ ਫ਼ੂਲੇ ਨੇ ਆਪਣਾ ਖੂਹ ਦਲਿਤਾਂ ਲਈ ਖੋਲ੍ਹ ਦਿੱਤਾ। ਦਲਿਤ ਸਾਫ਼ ਪਾਣੀ ਪੀ ਪੀ ਕੇ ਪਾਣੀ...ਪਾਣੀ...ਬੋਲ ਖੁਸ਼ੀ 'ਚ ਨੱਚਣ-ਗਾਉਣ ਲੱਗ ਪਏ।

ਮਹਾਨ ਮਾਤਾ ਸਵਿਤਰੀ ਕਿਹਾ, "ਭੈਣੋ ਤੇ ਭਰਾਵੋਂ, ਇਹ ਖੂਹ ਹੁਣ ਸਭ ਦਾ ਹੈ। ਬਿਨਾ ਝਿਜ਼ਕ ਜਦੋਂ ਮਰਜ਼ੀ ਇਥੇ ਆ ਕੇ ਪਾਣੀ ਭਰਦੇ ਰਹਿਣਾ।'' ਨਾਹਰੇ-ਜੋਤੀ ਰਾਓ-ਸਵਿਤਰੀ ਜੋੜੀ-ਜਿੰਦਾਬਾਦ! ਜਿੰਦਾਬਾਦ!

ਦਲਿਤ-ਔਰਤਾਂ ਦੇ ਮਸੀਹਾ-ਜੋਤੀ ਰਾਓ-ਸਵਿਤਰੀ ਬਾਈ-ਜਿੰਦਾਬਾਦ! ਜਿੰਦਾਬਾਦ!!

ਦਲਿਤਾਂ ਨੂੰ ਪਾਣੀ ਪਿਆਉਣ ਨੇ ਜੋਤੀ ਰਾਓ ਫੂਲੇ ਤੇ ਸਵਿਤਰੀ ਬਾਈ ਨੂੰ ਭਾਰਤ ਦੇ ਰਾਸ਼ਟਰ ਨਿਰਮਾਤਾ ਬਣਾ ਦਿੱਤਾ।

ਮਹਾਂਰਾਸ਼ਟਰ ਦੇ ਸ਼ਹਿਰ ਮਹਾਡ ਵਿਖੇ 'ਆਮ ਚੌਦਾਰ ਤਲਾਬ' ਤੋਂ ਦਲਿਤਾਂ ਦੇ ਪਾਣੀ ਪੀਣ ਦੀ ਮਨਾਹੀ ਸੀ। ਦਲਿਤਾਂ ਨੂੰ ਛੱਪੜਾਂ 'ਚੋਂ ਗੰਦਾ ਪਾਣੀ ਪੀਣ ਲਈ ਮਜ਼ਬੂਰ ਕੀਤਾ ਜਾਂਦਾ, ਜਦ ਕਿ ਕੁੱਤੇ, ਬਿੱਲੇ, ਪੰਛੀ ਆਮ ਚੌਦਾਰ ਤਲਾਬ ਤੋਂ ਸਾਫ਼ ਪਾਣੀ ਪੀ ਸਕਦੇ, ਤੇ ਤਲਾਬ ਵਿਚ ਨਹਾਅ ਸਕਦੇ ਸਨ। ਇਸ ਅਮਾਨਵੀ ਵਰਤਾਰੇ ਵਿਰੁੱਧ ਡਾ. ਅੰਬੇਡਕਰ ਨੇ 20 ਮਾਰਚ 1927 ਨੂੰ 10 ਹਜਾਰ ਤੋਂ ਵੱਧ ਦਲਿਤਾਂ ਨੂੰ ਸਾਥ ਲੈ ਔਦੋਲਨ ਸ਼ੁਰੂ ਕਰ ਦਿੱਤਾ। ਮੋਰਚੇ 'ਚ ਸ਼ਾਮਲ ਭਾਰੀ ਇਕੱਠ ਨੂੰ



ਐਸ ਐਲ ਵਿਰਦੀ ਐਡਵੋਕੇਟ

ਸੰਬੋਧਨ ਕਰਦਿਆਂ ਡਾ. ਅੰ-ਬੇਡਕਰ ਨੇ ਕਿਹਾ, "ਸਾਥੀਓ, ਮੈਂ ਮਹਾਡ ਤਲਾਬ' ਤੋਂ ਦਲਿਤਾਂ ਦੇ ਪਾਣੀ ਪੀਣ ਲਈ ਬੰਬਈ ਕੌਂਸਲ ਵੱਲੋਂ ਮਤਾ ਪਾਸ ਕਰਵਾ ਲਿਆ ਹੈ। ਆਮ ਚੌਦਾਰ ਤਲਾਬ ਤੋਂ ਸਾਫ਼ ਪਾਣੀ ਨਾ ਪੀਣ ਦੀ ਦਲਿਤਾਂ ਉਤੇਂ ਲੱਗੀ ਪਾਬੰਦੀ ਹਟਵਾ ਦਿੱਤੀ ਹੈ, ਆਪਾਂ ਹੁਣ ਉਥੋਂ ਸਾਫ ਪਾਣੀ ਪੀ ਸਕਦੇ ਹਾਂ। ਪਰ ਆਪਾਂ ਨੂੰ ਉਚ ਜਾਤੀਆਂ ਨੇ ਪਾਣੀ ਪੀਣ ਨਹੀ ਦੇਣਾ, ਪਾਣੀ ਪੀਣ ਲਈ ਆਪਾਂ ਨੂੰ ਸੰਘਰਸ਼ ਕਰਨਾ ਪੈਣਾ ਹੈ। ''

ਉਨ੍ਹਾਂ ਦਲਿਤਾਂ ਨੂੰ ਹਲੂਣ ਦਿਆ ਕਿਹਾ, "ਭਰਾਵੋ, ਤੁਸੀਂ ਸਦੀਆਂ ਤੋਂ ਜੁਲਮਾਂ ਦੀ ਚੱਕੀ 'ਚ ਪਿਸ ਰਹੇ ਹੋ, ਤੁਸੀ ਵੀ ਇਨਸਾਨਾਂ ਵਰਗੇ ਇਨਸਾਨ ਹੋ, ਕੁੱਲੀ, ਗੁੱਲੀ, ਜੁੱਲੀ ਤੁਹਾਡਾ ਵੀ ਜਨਮ-ਸਿੱਧ ਅਧਿਕਾਰ ਹੈ। ਤੁਸੀ ਸ਼ੇਰ ਬਣੋ। ਬਲੀ ਤਾਂ ਕੇਵਲ ਭੇਡਾਂ ਬਕਰੀਆਂ ਦੀ ਦਿੱਤੀ ਜਾਂਦੀ ਹੈ, ਸ਼ੇਰਾਂ ਦੀ ਨਹੀਂ। ਅਜਿਹਾ ਨਹੀਂ, ਕਿ ਚੌਦੁਆਰ ਤਲਾਬ ਤੋਂ ਜੇ ਅਸੀਂ ਪਾਣੀ ਨਾ ਪੀਤਾ ਤਾਂ ਖਵਰੇ ਅਸੀਂ ਮਰ ਜਾਵਾਂਗੇ। ਭਰਾਵੋ, ਮੋਰਚਾ ਇਸ ਲਈ ਹੈ ਕਿ ਏਥੋਂ ਪਾਣੀ ਪੀਣ ਦਾ ਦਲਿਤਾਂ ਦਾ ਵੀ ਬਰਾਬਰ ਅਧਿਕਾਰ ਹੈ। ਅਸੀਂ ਹੁਣ ਇਸ ਥਾਂ ਤੋਂ ਚੌਦੁਆਰ ਤਲਾਬ ਤੱਕ ਮਾਰਚ ਕਰਾਂਗੇ। ਤਲਾਬ ਉਤੋਂ ਪਾਣੀ ਪੀਵਾਂਗੇ ਪਰ ਸਭ ਨੇ ਸ਼ਾਂਤ ਰਹਿਣਾ ਹੈ। ਕੋਈ ਕੁਝ ਆਖੇ, ਤੁਸੀਂ ਸ਼ਾਂਤ ਰਹਿਣਾ ਹੈ। ਅਸੀਂ ਸ਼ਾਂਤ ਰਹਿ ਕੇ ਇੱਥੇ ਤਲਾਬ ਤੋਂ ਪਾਣੀ ਪੀ ਕੇ ਜਾਵਾਂਗੇ।''

"ਭਰਾਵੋ, ਜੇਕਰ ਤੁਸੀਂ ਇੱਜ਼ਤ ਦਾ ਜੀਵਨ ਜਿਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਅਪਮਾਨ, ਲੁੱਟ ਅਤੇ ਦਮਨ ਵਿਰੁੱਧ ਸੰਘਰਸ਼ ਕਰਨਾ ਹੋਵੇਗਾ। ਭਰਾਵੋ, ਅਜ਼ਾਦੀ ਮੰਗਿਆਂ ਨਹੀਂ ਮਿਲਦੀ। ਅਪਮਾਨ ਭਰਿਆ ਜੀਵਨ ਜਿਉਣ ਨਾਲੋਂ ਮਰ ਜਾਣਾ ਹੀ ਚੰਗਾ ਹੈ। ਪਰ ਹਰ ਮਨੁੱਖ ਨੂੰ ਕੁਝ ਨਾ ਕੁੱਝ ਕਰਕੇ ਹੀ ਮਰਨਾ ਚਾਹੀਦਾ ਹੈ।''

ਇਕ ਦਲਿਤ ਨੇ ਅੱਗੇ ਵਧ ਲਲਕਾਰਾ ਮਾਰਿਆਂ, ਸਾਫ਼ ਪਾਣੀ ਪੀਣਾ ਸਾਡਾ ਜਨਮ ਸਿੱਧ ਅਧਿਕਾਰ ਹੈ। ਅਸੀਂ ਤਲਾਬ ਤੋਂ ਪਾਣੀ-ਪੀ ਕੇ ਰਹਾਂਗੇ। ਪਾਣੀ-ਪੀ ਕੇ ਰਹਾਂਗੇ। ਆਪਣਾ ਅਧਿਕਾਰ-ਲੈ ਕੇ ਰਹਾਂਗੇ! ਲੈ ਕੇ ਰਹਾਂਗੇ!

ਦਲਿਤਾਂ ਦਾ ਸਮਾਨ ਅਧਿਕਾਰ ਅੰਦੋਲਨ ਦਾ ਕਾਫਲਾ ਅਮਨ ਅਮਾਨ ਨਾਲ ਚੌਦੁਆਰ ਤਲਾਬ ਉਤੇ ਪੁੱਜ ਗਿਆ। ਲੋਕ ਦੌੜ ਦੌੜ ਕੇ ਚੌਦੁਆਰ ਤਲਾਬ ਦੇ ਚਾਰੇ ਪਾਸਿਆਂ ਉਤੇ ਛਾਅ ਗਏ। ਡਾ, ਅੰਬੇਡਕਰ ਹੌਲੀ ਹੌਲੀ ਤਲਾਬ ਦੇ ਹੇਠਾ ਉਤਰੇ, ਉਨ੍ਹਾਂ ਨੇ ਨੀਵੇਂ ਹੋ ਕੇ ਚੌਦੁਆਰ ਤਲਾਬ ਵਿੱਚੋਂ ਪਾਣੀ ਦਾ ਬੁੱਕ ਭਰ ਕੇ ਆਪਣੇ ਮੂੰਹ ਨੂੰ ਲਾਇਆ ਤਾਂ ਲੋਕਾਂ ਨੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ-ਸਾਫ਼ ਪਾਣੀ ਪੀਣਾ ਸਾਡਾ ਜਨਮ ਸਿੱਧ ਅਧਿਕਾਰ ਹੈ। ਡਾ. ਅੰਬੇਡਕਰ ਸੰਘਰਸ਼ ਕਰੋ-ਅਸੀਂ ਤੁਹਾਡੇ ਨਾਲ ਹਾਂ।

ਫਿਰ ਕਿਨਾਰਿਆਂ ਉਤੇ ਖੜ੍ਹੇ ਦਲਿਤ ਇੱਕ ਦਮ ਪਾਣੀ ਲਈ ਥੱਲੇ ਨੂੰ ਉਤਰੇ। ਲੋਕ ਬੁੱਕ ਭਰ ਭਰ ਕੇ ਪਾਣੀ ਪੀਣ ਲੱਗੇ। ਕਈ ਪਾਣੀ ਪੀ ਕੇ ਹੱਸਦੇ ਹੋਏ ਉਚੀ ਉਚੀ ਨਾਹਰੇ ਮਾਰਨ ਕਿਉਂਕਿ ਉਨ੍ਹਾਂ ਨੂੰ ਸਾਫ ਪਾਣੀ ਪਹਿਲੀ ਵਾਰ ਮਿਲਿਆ ਸੀ। ਕਈਆਂ ਨੇ ਪਾਣੀ ਦੇ ਬੁੱਕ ਭਰ ਭਰਕੇ ਆਪਣੇ ਉਪਰ ਵੀ ਸੁੱਟੇ।

ਡਾ. ਅੰਬੇਡਕਰ ਤੇ ਉਨ੍ਹਾਂ ਦੇ ਸਾਥੀ ਪਾਣੀ ਪੀ ਕੇ ਚੌਦੁਆਰ ਤਲਾਬ ਤੋਂ ਬਾਹਰ ਆ ਵਾਪਸ ਪੰਡਾਲ ਵੱਲ੍ਹ ਤੁਰ ਪਏ, ਲੋਕ ਵੀ ਉਨ੍ਹਾਂ ਦੇ ਪਿੱਛੇ ਤੁਰ ਪਏ। ਪਿੱਛੋਂ ਉਚਜਾਤੀ ਮਨੂੰਵਾਦੀਆਂ ਨੇ ਲਾਠੀਆਂ ਨਾਲ ਦਲਿਤ ਨਿਹੱਥਿਆਂ 'ਤੇ ਹਮਲਾ ਕਰ ਦਿੱਤਾ। ਕਈਆਂ ਦੇ ਬਹੁਤ ਸੱਟਾਂ ਲੱਗੀਆਂ। ਦਲਿਤਾਂ ਜਿੱਥੇ ਆਪਣੇ ਲੋਕਾਂ ਵਾਸਤੇ ਖਾਣਾ ਤਿਆਰ ਕੀਤਾ ਸੀ ,ਉਥੇ ਕੁੱਝ ਆਦਮੀ ਡਾਂਗਾਂ ਲੈ ਕੇ ਆਏ ਤੇ ਉਨ੍ਹਾਂ ਦਲਿਤਾਂ ਦੀ ਕੁੱਟ ਮਾਰ ਕੀਤੀ, ਫਿਰ ਦਾਲਾਂ ਵਿੱਚ ਮਿੱਟੀ ਪਾ ਦਿੱਤੀ, ਰੋਟੀਆਂ ਖਿਲਾਰ ਦਿੱਤੀਆਂ। ਡਾਂਗਾਂ ਨਾਲ ਭਾਂਡੇ ਭੰਨ ਦਿੱਤੇ ਤੇ ਉਹ ਜੈਕਾਰੇ ਮਾਰਦੇ ਵਾਪਸ ਭੱਜ ਗਏ! ਡਾ. ਅੰਬੇਡਕਰ ਖੁੱਦ ਜ਼ਖ਼ਮੀ ਹੋ ਗਏ। ਇਸ ਦੇ ਬਾਵਜੂਦ ਵੀ ਉਨ੍ਹਾਂ ਦਲਿਤਾਂ ਨੂੰ 'ਆਮ ਚੌਦਾਰ ਤਲਾਬ' ਵਿਚੋਂ ਸਾਫ਼ ਪਾਣੀ ਪੀਣ ਦਾ ਅਧਿਕਾਰ ਲੈ ਕੇ ਦਿੱਤਾ। ਦਲਿਤਾਂ ਨੂੰ ਸਾਫ਼ ਪਾਣੀ ਪੀਣ ਦੇ ਅਧਿਕਾਰ ਨੇ ਡਾ. ਅੰਬੇਡਕਰ ਨੂੰ ਮਨੁੱਖਤਾ ਦੇ ਮਸੀਹਾ ਬਣਾ ਦਿੱਤਾ।

## ਡਾ. ਰਾਜਕੁਮਾਰ ਚੱਬੇਵਾਲ ਤੇ 'ਆਪ' ਆਗੂਆਂ ਨੇ ਕੀਤਾ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਫਗਵਾੜਾ ਦਾ ਦੌਰਾ

**ਫਗਵਾੜਾ (ਬੀ.ਕੇ. ਰੱਤੂ)** ਲੋਕਸਭਾ ਹਲਕਾ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਰਾਏਪੁਰ ਡੱਬਾ ਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਫਗਵਾੜਾ ਦਾ ਦੌਰਾ ਕੀਤਾ। ਉਹਨਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਸੂਬਾ ਸਪੋਕਸ ਪਰਸਨ ਹਰਨੂਰ ਸਿੰਘ ਮਾਨ, ਸ਼ਹਿਰ ਦੇ ਮੇਅਰ ਰਾਮਪਾਲ ਉੱਪਲ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਰਨੈਲ ਨੰਗਲ, ਨਿਗਮ ਦੇ ਡਿਪਟੀ ਮੇਅਰ ਵਿੱਕੀ ਸੂਦ ਵੀ ਸਨ। ਅਕੈਡਮੀ ਦੇ ਸੰਚਾਲਕ ਅਤੇ ਸਾਬਕਾ ਅੰਤਰਰਾਸ਼ਟਰੀ ਰੈਸਲਿੰਗ ਕੋਚ ਪੀ।ਆਰ। ਸੌਂਧੀ ਨੇ ਡਾ। ਚੱਬੇਵਾਲ ਅਤੇ ਸਮੂਹ ਆਪ ਆਗੂਆਂ ਨੂੰ ਅਕੈਡਮੀ 'ਚ ਪਹਿਲਵਾਨਾਂ ਲਈ ਟ੍ਰੇਨਿੰਗ ਦੇ ਕੀਤੇ ਪ੍ਰਬੰਧਾ ਬਾਰੇ ਵਿਸਥਾਰ ਨਾਲ ਦੱਸਿਆ। ਉਹਨਾਂ ਪਹਿਲਵਾਨਾਂ ਵਲੋਂ ਸੂਬੇ ਅਤੇ ਕੌਮੀ ਪੱਧਰ 'ਤੇ ਜਿੱਤੇ ਮੈਡਲਾਂ ਬਾਰੇ ਵੀ ਜਾਣੂ ਕਰਵਾਇਆ। ਇਸ ਦੌਰਾਨ ਉਹਨਾਂ ਨੇ ਮੰਗ ਕੀਤੀ ਕਿ ਪਹਿਲਵਾਨਾਂ ਦੇ ਅਖਾੜੇ ਲਈ ਸਰਕਾਰੀ ਤੌਰ ਤੇ ਜਗ੍ਹਾ ਦਾ ਪ੍ਰਬੰਧ ਕਰਕੇ ਦਿੱਤਾ ਜਾਵੇ। ਅਕੈਡਮੀ 'ਚ ਪੱਕੇ ਤੌਰ ਤੇ ਕੋਚ ਦੀ ਨਿ-ਯੁਕਤੀ ਕਰਵਾਈ ਜਾਵੇ ਅਤੇ ਪਹਿਲਵਾਨਾਂ ਦੀ ਸਹੂਲਤ ਲਈ ਗੱਦਿਆਂ ਦਾ ਪ੍ਰਬੰਧ ਵੀ ਪੰਜਾਬ ਸਰਕਾਰ ਵਲੋਂ ਕਰਵਾਇਆ ਜਾਵੇ। ਪੀ.ਆਰ. ਸੌਂਧੀ ਨੇ ਦੱਸਿਆ ਕਿ ਉਹਨਾਂ ਦੀ ਅਕੈਡਮੀ ਦੇ ਪਹਿਲਵਾਨ ਵੱਖ ਵੱਖ ਵਰਗਾਂ 'ਚ ਜਿਲ੍ਹਾ ਅਤੇ ਰਾਜ ਪੱਧਰ 'ਤੇ ਚੈਂਪੀਅਨਸ਼ਿਪ ਜਿੱਤ 'ਚ ਸਫਲ ਰਹੇ ਹਨ।



ਕੌਮੀ ਪੱਧਰ ਤੇ ਵੀ ਕਈ ਗੋਲਡ ਮੈਡਲ ਜਿੱਤੇ ਹਨ। ਉਹਨਾਂ ਹੋਣਹਾਰ ਪਹਿਲਵਾਨਾਂ ਨੂੰ ਸਰਕਾਰ ਵਲੋਂ ਹਰ ਸੰਭਵ ਸਹਾਇਤਾ ਦੇਣ ਦੀ ਮੰਗ ਵੀ ਕੀਤੀ ਤਾਂ ਜੋ ਉਹ ਅੰਤਰ-ਰਾਸ਼ਟਰੀ ਪੱਧਰ 'ਤੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਇਸ ਦੌਰਾਨ ਸ਼ਿੰਗਾਰਾ ਸਿੰਘ ਪਹਿਲਵਾਨ ਦੇ ਪਿਤਾ ਐਨ.ਆਰ.ਆਈ. ਹਰਭਜਨ ਸਿੰਘ ਢੇਸੀ ਕਨੇਡਾ ਵਲੋਂ ਅਕੈਡਮੀ ਦੇ ਪਹਿਲਵਾਨਾਂ ਨੂੰ ਬਦਾਮ ਅਤੇ ਭੁਪਿੰਦਰ ਸਿੰਘ ਸਿਆਣ ਲੁਧਿਆਣਾ ਪ੍ਰਬੰਧਕ ਮੰਨਨਹਾਣਾ ਕੁਸ਼ਤੀ ਦੰਗਲ ਵਲੋਂ ਟੀ-ਸ਼ਰਟਾਂ ਵੰਡੀਆਂ ਗਈਆਂ। ਡਾ. ਚੱਬੇਵਾਲ ਨੇ ਅਕੈਡਮੀ ਦੇ ਸੰਚਾਲਕਾਂ ਨੂੰ ਭਰੋਸਾ ਦਿੱਤਾ ਕਿ ਉਹ ਹਰ ਸੰਭਵ ਸਰਕਾਰੀ ਮੱਦਦ ਦੁਆਉਣ ਦਾ ਯਤਨ ਕਰਨਗੇ। ਹਰਨੂਰ ਸਿੰਘ ਮਾਨ ਨੇ ਕੋਚ ਦੀ ਪੱਕੀ ਨਿਯੁਕਤੀ ਕਰਵਾਉਣ ਦਾ ਭਰੋਸਾ ਦਿੱਤਾ। ਅਕੈਡਮੀ ਵਲੋਂ ਡਾ। ਚੱਬੇਵਾਲ ਅਤੇ ਉਹਨਾਂ ਦੇ ਸਾਥੀਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਪੀ.ਏ., ਸਿਟੀ ਕੇਬਲ ਦੇ ਡਾਇਰੈਕਟਰ ਐਚ.ਐਸ. ਬਸਰਾ, ਕੋਚ ਸਾਜਨ ਰਾਜਪੂਤ, ਕੋਚ ਰਵਿੰਦਰ ਨਾਥ, ਬਲਵੀਰ ਕੁਮਾਰ, ਬੀ.ਐਸ. ਬਾਗਲਾ, ਸਲਵਿੰਦਰ ਸਿੰਘ ਜੱਸੀ, ਬਿਸ਼ੰਭਰ ਦਾਸ, ਸ਼ੰਮੀ ਪਹਿਲਵਾਨ, ਸਨੀ ਲੋਹਾਰਾਂ, ਰੀਤ ਪ੍ਰੀਤ ਪਾਲ ਸਿੰਘ ਪ੍ਰੈਸ ਸਕੱਤਰ ਪੰਜਾਬ ਰੈਸਲਿੰਗ ਐਸੋਸੀਏਸ਼ਨ, ਹਰਮੇਸ਼ ਲਾਲ ਆਦਿ ਹਾਜਰ ਸਨ।



# ਪੰਜਾਬੀ ਫ਼ਿਲਮ

ਅੰਮ੍ਰਿਤ ਪਵਾਰ

### ਸ਼ਹਿਨਾਜ ਗਿੱਲ ਨਾਲ ਤੁਹਾਡਾ ਆਪਣਾ ਜਗਤਾਰ ਸਿੰਘ ਬੈਨੀਪਾਲ

ਖੁਸ਼ ਹੈ ਕਰਮਜੀਤ ਅਨਮੋਲ ਦੇ ਪਿੰਡ ਦਾ ਹੀਰਾ ਐਕਟਰ ਜਗਤਾਰ ਸਿੰਘ



ਬੈਨੀਪਾਲ ਕਿ ਸ਼ਹਿਨਾਜ਼ ਗਿੱਲ ਨਾਲ ਉਹ ਫ਼ਿਲਮ "ਇੱਕ ਕੁੜੀ" ਕਰ ਰਿਹਾ ਹੈ। ਰੱਬ ਝੂਠ ਨਾ ਬੁਲਾਏ ਬੈਨੀਪਾਲ ਲਈ ਇਹ ਅਹਿਮ ਪ੍ਰਾਪਤੀ ਹੈ ਕਿ ਉਹ ਅਮਰਜੀਤ ਸਿੰਘ ਸਾਰੋਂ ਜਿਹੇ ਨੌਜਵਾਨ ਨਿਰਦੇਸ਼ਕ ਤੇ ਨੌਜਵਾਨ ਨਾਇਕਾ ਸ਼ਹਿਨਾਜ ਗਿੱਲ ਨਾਲ ਫ਼ਿਲਮ ਕਰ ਕਿ ਉੱਚ ਬੈਨਰ ਦੀਆਂ ਫ਼ਿਲਮਾਂ ਦੇ ਕਲਾਕਾਰਾਂ ਵਿੱਚ ਸ਼ਾਮਿਲ ਹੋ ਰਿਹਾ ਹੈ। ਜਗਤਾਰ ਸਿੰਘ ਬੈਨੀਪਾਲ ਆਖਦੇ ਨੇ ਕਿ ਸ਼ਹਿਨਾਜ਼ ਗਿੱਲ ਨਾਲ ਕੰਮ ਹਰੇਕ ਦਾ ਸੁਪਨਾ ਹੈ ਕਿਉਂ ਕਿ "ਬਿਗ ਬੌਸ" ਨੇ ਉਸ ਨੂੰ ਰਾਸ਼ਟਰੀ ਚਰਚਾ ਦਿੱਤੀ ਤੇ ਅਮਰਜੀਤ ਸਾਰੋਂ ਹਿੱਟ ਡਾਇਰੈਕਟਰ ਹਨ। ਦਰਅਸਲ ਵਿਜੇ ਕੁਮਾਰ ਅਰੋੜਾ ਦਾਦੂ ਜੀ ਹੋਣ ਜਾਂ "ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ" ਜਗਤਾਰ ਸਿੰਘ ਬੈਨੀਪਾਲ ਨੂੰ ਚੰਗੇ ਕਿਰਦਾਰ ਮਿਲੇ ਹਨ।ਦੁਆ ਹੈ ਕਿ ਸ਼ਹਿਨਾਜ਼ ਗਿੱਲ ਵਾਲੀ "ਇੱਕ ਕੁੜੀ" ਫ਼ਿਲਮ ਸਫ਼ਲਤਾ ਦੇ ਨਾਲ ਜਗਤਾਰ ਸਿੰਘ ਬੈਨੀਪਾਲ ਨੂੰ ਵੀ ਹਿੱਟ ਕਰ ਦੇਵੇ।"ਇੱਕ ਕੁੜੀ" ਸ਼ਹਿਨਾਜ ਗਿੱਲ ਨਾਲ ਜਗਤਾਰ ਸਿੰਘ ਬੈਨੀਪਾਲ ਵਾਹ ਜੀ ਵਾਹ।

### ਅਸ਼ੋਕ ਪੁਰੀ ਕਿਹੜੀ ਮਿੱਟੀ ਦਾ ਬਣਿਆ ਥੱਕਦਾ ਨਹੀਂ

ਆਪਾਂ ਨੇ ਕਹਿੰਦੇ ਅਸ਼ੋਕ ਪੁਰੀ ਦੇ ਸੱਜਣ ਬੇਲੀ ਆਖਦੇ ਨੇ ਕਿ ਇਹ ਬੰਦਾ




ਕਿਸੇ ਖਾਸ ਮਿੱਟੀ ਦਾ ਬਣਿਆ ਹੈ, ਉਮਰ ਲੱਗਦਾ ਕੰਮ ਕਾਰ ਤੋਂ ਜਿਵੇਂ ਵੀਹ ਦੀ ਹੋਏ। ਦੇਖ ਲ ਪੀ ਐਚ ਡੀ ਲਈ ਅਮਰੀਕਾ ਤੋਂ ਪਹੁੰਚ ਗਏ ਗੁਜਰਾਤ ਤੇ ਹੋਸ਼ਿਆਰਪੁਰ ਆ ਕਿ ਹਿੰਦੀ ਡੱਬ "ਗੋਲਡ ਮੈਡਲ ਦਾ ਦਹੇਜ" ਕਰ ਲਈ। ਫਿਰ ਅਗਲੇ ਦਿਨ ਸਾਊਥ ਤੇ ਉਥੇ "ਕਹੀਂ ਭੀ ਕਭੀ ਭੀ" ਕੀਤੀ। ਐਕਟਿੰਗ ਕਰਦੇ ਕਰਦੇ ਸਮਾਜ ਭਲਾਈ ਦੇ ਕੰਮ ਤੇ ਨਾਲ ਪੰਜਾਬ ਦੇ ਸਿੱਖਿਆ ਮੰਤਰੀ ਨੂੰ ਮਿਲ ਅਹਿਮ ਵਿਚਾਰ। ਗੱਲ ਕੀ ਕਿ 24 ਘੰਟੇ ਹੀ ਕੰਮ ਦੀ ਸੋਚ 7 ਦਿਨ ਰੁੱਝੇ ਰਹਿਣਾ ਤੇ ਹੁਣ ਪਤਾ ਚਲਿਆ ਕਿ ਵੱਡੀ ਪੰਜਾਬੀ ਫ਼ਿਲ੍ਮ ਡਾਇਰੈਕਟ ਕਰ ਰਹੇ ਹਨ ਅਸ਼ੋਕ ਪੁਰੀ। ਜਿਸ ਬੰਦੇ ਨੇ ਸੁਦਰਸ਼ਨ ਮੈਨੀ ਨਾਲ ਰੰਗਮੰਚ ਕਰ ਕਿ ਨੈਸ਼ਨਲ ਐਵਾਰਡ ਥੀਏਟਰ ਲਿਆ ਹੋਏ ਉਹ ਖਾਸ ਹੀ ਹੋਊ ਤੇ ਨੂਰਾਂ ਨਾਲ ਵੀਡਿ ਗਾਣੇ ਦਾ ਪਲਾਨ ਚਲ ਰਿਹਾ ਹੈ। ਵਾਕਿਆ ਹੀ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਪੁਰੀ ਤਰੋ ਤਾਜ਼ਾ ਲੱਗਦਾ ਥਕਾਵਟ ਗਈ ਲਾਹੌਰ।

### ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਸੰਗੀਤ ਦੁਨੀਆਂ ਦੇ ਸਫ਼ਲ ਬਾਣ

ਚੰਡੀਗੜ੍ਹ ਕਲਾ ਪ੍ਰੇਮੀ ਸਾਬਕਾ ਡੀ ਜੀ ਪੀ ਪੰਜਾਬ ਚੰਦਰ ਸ਼ੇਖਰ ਜੀ ਨਾਲ ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਮਿਲਦੇ ਨੇ, ਗੀਤਕਾਰਾਂ ਦੇ ਮੇਲੇ ਸ਼ਰਮਾ ਜੀ ਤੇ



ਘੁਮਾਣ ਸਾਬ ਇੱਕਠੇ ਹੁੰਦੇ ਨੇ ਤੇ ਦੁਬਈ ਫ਼ਿਲਮ ਮਿਊਜ਼ਿਕ ਈਵੈਂਟ ਲਈ ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਪਲਾਨ ਬਣਾ ਰਹੇ ਇੱਕਠੇ ਹੁੰਦੇ ਹਨ । ਜਨਮਾਂ ਦਾ ਪਿਆਰ ਦੋਵਾਂ ਦੀ ਯਾਰੀ ਹੈ। ਬੰਨੀ ਸ਼ਰਮਾ ਕਰ ਰਹੇ ਨੇ ਸੰਗੀਤ ਤੇ ਪੰਜਾਬੀ ਗੀਤਾਂ ਦੇ ਕਈ ਪ੍ਰੋਜੈਕਟ ਤੇ ਜਰਨੈਲ ਘੁਮਾਣ ਉਸ ਨਾਲ ਮਿਲ ਮਿਊਜ਼ਿਕ ਤੇ ਫ਼ਿਲਮ ਦੇ ਸ਼ੋ ਦੇਸ਼ ਵਿਦੇਸ਼ ਕਰਨ ਦੀ ਯੋਜਨਾ ਤੇ ਹਨ। ਚਿਰ ਦੀ ਤਮੰਨਾ ਜਰਨੈਲ ਘੁਮਾਣ ਦੀ ਪੰਜਾਬੀ ਫਿਲਮ ਕਰਨ ਦੀ ਹੈ ਤੇ ਬੰਨੀ ਸ਼ਰਮਾ ਨਾਲ ਹੋਣਗੇ। ਬੰਨੀ ਸ਼ਰਮਾ ਨੇ ਸਵਰਗੀ ਗੁਲਸ਼ਨ ਕੁਮਾਰ ਤੋ ਮਿਊਜ਼ਿਕ ਗੁਰ ਲਏ ਨੇ ਤੇ ਜਰਨੈਲ ਘੁਮਾਣ ਕੁਦਰਤੀ ਸੰਗੀਤ ਦੇ ਸੰਸਾਰ ਦੇ ਜਾਣਕਾਰ ਹਨ । ਮਿਹਨਤ ਬੰਨੀ ਸ਼ਰਮਾ ਜਿੰਨੀ ਕੌਣ ਕਰੇਗਾ ਸਕੂਟਰ ਤੇ ਚਲ ਦੂਰਦਰਸ਼ਨ ਜਲੰਧਰ ਤੇ ਅੱਜ ਮਨਚਾਹੀ ਗੱਡੀ ਤੇ ਜਰਨੈਲ ਨੇ ਲੋਕਾਂ ਦੇ ਘਰ ਆਪਣੀ ਮਿਹਨਤ ਨਾਲ ਭਰ ਦਿੱਤੇ ਤੇ ਆਪ ਖ਼ੈਰ ਬੰਨੀ ਸ਼ਰਮਾ ਹੁਣ ਘੁਮਾਣ ਸਾਬ ਨੂੰ ਦਿੜ੍ਹਬੇ ਦਾ ਕਿੰਗ ਬਣਾ ਦੇਣਗੇ, ਦੇਖਦੇ ਜਾ ਅੱਗੇ ਅੱਗੇ ਹੁੰਦਾ ਕੀ ਹੈ।

### ਸੁਖਦੀਪ ਗਿੱਲ ਨੂੰ ਗਾਇਕੀ ਨਾਲ "ਇਸ਼ਕ" ਹੋ ਗਿਆ




ਗੋਲ ਮੋ਼ਲ ਜਿਹਾ ਗੋਰਾ ਚਿਹਰਾ, ਗਿੱਲਾਂ ਦੀ ਕੁੜੀ ਆ ਸੁਖਦੀਪ ਗਿੱਲ ਜਿਸ ਦੀ ਆਵਾਜ਼ ਸਟੇਜਾਂ ਤੇ ਲੋਕਾਂ ਨੂੰ ਆਪਣੇ ਵੱਲ ਖਿੱਚਦੀ ਹੈ। ਸੁਖਦੀਪ ਗਿੱਲ ਨੇ ਮਾਝੇ ਦੇ ਬਹੁਤ ਸਾਰੇ ਕਲਾਕਾਰਾਂ ਨਾਲ ਸਟੇਜਾਂ ਕੀਤੀਆਂ ਨੇ ਤੇ ਗੀਤ ਗਾਏ ਹਨ। ਮੂੰਗੇ ਜਿਹੇ ਸੁੱਖ ਦੇ ਹੋਂਠ ਜਦ "ਇਸ਼ਕ" ਗੀਤ ਗਾਉਂਦੇ ਨੇ ਤਦ ਸਰੂਰ ਜਿਹਾ ਆ ਜਾਂਦਾ ਹੈ। ਆਸਟ੍ਰੇਲੀਆ ਬੈਠਾ ਹੈਪੀ ਜਿਸ ਦਿਨ ਸੁਖਦੀਪ ਗਿੱਲ ਦੀ ਸਟੇਜ ਦੇਖ ਗਿਆ ਉਥੇ ਜਾ ਕਿ ਵਿਉਂਤ ਬਣਾਈ ਕਿ ਸੁਖਦੀਪ ਦਾ ਟਰੈਕ ਲੋਕ ਅਰਪਣ ਕਰਨਾ ਹੈ। ਬਾ ਤਰਨ ਤਾਰਨ ਨੇ ਗੀਤ ਲਿਖਿਆ ਤੇ ਇਸ ਗੀਤ "ਇਸ਼ਕ" ਨੂੰ ਗਾ ਕਿ ਉਹ ਚਰਚਿਤ ਹੋ ਗਈ। ਸੁਖਦੀਪ ਗਿੱਲ ਆ ਰਹੇ ਸਮੇਂ ਵਿੱਚ ਵਿਸ਼ਾਲ ਪੱਧਰ ਤੇ ਟਰੈਕ ਕਰੇਗੀ ਤੇ ਮੇਲਿਆਂ ਦੀ ਰਾਣੀ ਬਣੇਗੀ। ਸੁਖਦੀਪ ਗਿੱਲ ਦੀ ਤਮੰਨਾ ਕਨੇਡਾ, ਇਟਲੀ, ਯੂ ਕੇ ਵਿਖੇ ਸਟੇਜ ਸ਼ੋ ਕਰਨ ਦੀ ਹੈ। ਉਹ ਮੁਸਕਰਾ ਕਿ ਆਖਦੀ ਏ ਕਿ ਹੁਣ ਨਾਮ ਬਣ ਰਿਹਾ ਹੈ ਤੇ ਜੇਕਰ ਕੋਈ ਵਿਦੇਸ਼ੀ ਪ੍ਰਮੋਟਰ ਹੋਏ ਤਾਂ ਉਸ ਨਾਲ ਸੰਪਰਕ ਕਰੇ। "ਵਿਸ਼ਵ ਭਰ ਵਿੱਚ" ਇਸ਼ਕ" ਟਰੈਕ ਨੂੰ ਪੰਜਾਬੀ ਭਰਵਾਂ ਹੁੰਗਾਰਾ ਦੇ ਰਹੇ ਹਨ।

### ਗੌਰਵੀ ਬਖਸ਼ੀ ਨਿੱਕੀ ਜਿਹੀ ਕੁੜੀ ਐਕਟਿੰਗ ਦੀ ਸੂਈ ਪਰਾਂਦਾ ਲੈ ਤੁਰੀ



ਨਿੱਕੀ ਕਰੁੰਬਲ ਹੈ ਗੌਰਵੀ ਬਖਸ਼ੀ ਜਿਸ ਨੇ ਪੰਜਾਬੀ ਫ਼ਿਲਮਾਂ ਕਰ ਲਈਆਂ ਹਨ ਤੇ ਕਰ ਰਹੀ ਹੈ। ਟੀਵੀ ਸੀਰੀਅਲ ਕੀਤੇ ਨੇ ਤੇ ਨੈਸ਼ਨਲ ਪੱਧਰ ਤੇ ਕਰਨ ਲਈ ਤਿਆਰ ਹੈ। ਬੀ ਐਨ ਸ਼ਰਮਾ ਤੋਂ ਪੰਮੀ ਬਾਈ ਤੇ ਸਵਰਨ ਸਿੰਘ ਤੋਂ ਹਿਮਾਂਸ਼ੀ ਸਾਰੇ ਉਸ ਨੂੰ ਉਤਸ਼ਾਹ ਦੇ ਰਹੇ ਹਨ । ਪੜ੍ਹਾਈ ਵਿੱਚ ਵੀ ਫਰਸਟ ਹੈ ਤੇ ਸਕੂਲ ਦੀਆਂ ਕਲਾ ਤੇ ਸੱਭਿਆਚਾਰ ਸਰਗਰਮੀਆਂ ਦੀ ਵੀ ਮਲਿਕਾ ਹੈ। ਗੌਰਵੀ ਵੈੱਬ ਸੀਰੀਜ਼ ਤੇ ਸ਼ੋਰਟ ਫ਼ਿਲਮਾਂ ਵੀ ਕਰਨ ਵਾਲੀ ਹੈ। ਪੰਜਾਬੀ ਫ਼ਿਲਮਾਂ ਤੇ ਮਨਿਰਨਜ ਪਰਿਵਾਰ ਲਈ ਗੌਰਵੀ ਬਖਸ਼ੀ ਗੌਰਵ ਹੈ ਤੇ ਇਸ ਦਾ ਸਾਥ ਸਭ ਨੂੰ ਦੇਣਾ ਚਾਹੀਦਾ ਹੈ।

### ਘੁੱਗੀ ਤੇ ਅਨਮੋਲ ਫਿਰ "ਮਿਸਟਰ ਐਂਡ ਮਿਸਿਜ਼ 420 ਅਗੇਨ"

ਰੁਪਾਲੀ ਗੁਪਤਾ ਨੇ ਨਰੇਸ਼ ਕਥੂਰੀਆ ਤੋ ਅਗਲਾ ਭਾਗ ਐਨਾ ਹਾਸੇ ਵਾਲਾ




ਲਿਖਵਾ ਕਿ ਕਸ਼ਿਤਿਜ ਚੌਧਰੀ ਤੋਂ ਡਾਇਰੈਕਟ ਕਰਵਾਇਆ ਹੈ ਕਿ ਸਕ੍ਰੀਨ ਤੇ ਗੁਰਪ੍ਰੀਤ ਘੁੱਗੀ ਤੇ ਕਰਮਜੀਤ ਅਨਮੋਲ ਨੂੰ ਤੱਕ, ਖੇਡ ਹੱਸ ਕਹੋਗੇ ਘੁੱਗੀ ਦੀ ਉਡਾਰੀ ਕਾਮਯਾਬ ਅਨਮੋਲ ਹੀਰਾ ਕਰਮਜੀਤ। ਮੋਨਿਕਾ ਸ਼ਰਮਾ ਤੇ ਦੀਪਾਲੀ ਨਾਲ ਹਨ। ਜਪਨੀਤ ਲੂਥਰਾ ਤੇ ਗੁਰਮੀਤ ਸਾਜਨ ਸਾਬ ਵੀ ਫ਼ਿਲਮ ਵਿੱਚ ਹਨ। ਵ੍ਹਾਈਟ ਹਿੱਲ ਸਟੂਡੀਓ ਨੇ ਇਹ ਫ਼ਿਲਮ ਤੁਸਾਂ ਤੱਕ ਪਹੁੰਚਦੀ ਕਰਨੀ ਹੈ। ਗੁਰਪ੍ਰੀਤ ਘੁੱਗੀ ਤੇ ਕਰਮਜੀਤ ਅਨਮੋਲ ਨਾਲ ਜਗਜੀਤ ਸੰਧੂ ਤਿਆਰ ਰਹਿਣਾ ਆ ਰਹੀ ਹੈ ਫ਼ਿਰ "ਮਿਸਟਰ ਐਂਡ ਮਿਸਿਜ਼ 420" ਆ ਰਹੇ ਹਨ। ਫ਼ਿਲਮ ਚੋਟੀ ਦੀ ਬਣੀ ਹੈ, ਗੀਤ ਸੰਗੀਤ ਵੀ ਪਿਆਰਾ ਹੈ ਤੇ ਹਰਪ੍ਰੀਤ ਨੇ ਡੀ ਪੀ ਬਣ ਅੱਛੀ ਕਾਰਗੁਜ਼ਾਰੀ ਦਿਖਾਈ ਹੈ।

## ਬਾਲ ਗੀਤ

ਤਪਸਿਆ ਯੋਗ ਦਾ ਪ੍ਰਯੋਗ ਕਰਨਾ ਹੈ ਪੜ੍ਹਾਈ ਵਿਚ।
ਸੁਣੋਂ ਬੱਚਿ ੍ਰ ਕਿਨਾਰੇ ਤੀਕ ਤਰਨਾ ਹੈ ਪੜ੍ਹਾਈ ਵਿਚ।
ਕਿਸੇ ਬੱਦਲ ਦੇ ਵਾਂਗੂੰ ਲੈ ਕੇ ਉਚ ਸਿਖਿਆ ਦੇ ਪਾਣੀ ਨੂੰ।
ਲਗਾ ਦੇਣਾ ਹੈ ਮਿਹਨਤ ਨਾਲ ਸਾਰੀ ਹੀ ਜਵਾਨੀ ਨੂੰ।
ਬਣਾ ਕੇ ਸੱਤ ਰੰਗੀ ਪੀਂਘ ਵਰ੍ਹਨਾ ਹੈ ਪੜ੍ਹਾਈ ਵਿਚ।
ਤਪਸਿਆ ਯੋਗ ਦਾ ਪ੍ਰਯੋਗ ਕਰਨਾ ਹੈ ਪੜ੍ਹਾਈ ਵਿਚ।
ਸੱਚਾਈ ਨਾਲ ਜੀਣਾ ਹੈ ਸੱਚਾਈ ਨਾਲ ਮਰਨਾ ਹੈ।
ਸ਼ਬਦ ਬਾਣੀ ਨੂੰ ਕਰਕੇ ਕੰਠ ਅਪਣੇ ਮਨ ਨੂੰ ਭਰਨਾ ਹੈ।
ਸਦਾ ਮਾੜੇ ਕਰਮ ਕੋਲੋਂ ਹੀ ਡਰਨਾ ਹੈ ਪੜ੍ਹਾਈ ਵਿਚ।
ਤਪਸਿਆ ਯੋਗ ਦਾ ਪ੍ਰਯੋਗ ਕਰਨਾ ਹੈ ਪੜ੍ਹਾਈ ਵਿਚ।
ਹਨੇਰਾ ਖੁਦ-ਬ-ਖੁਦ ਹੀ ਜ਼ਿੰਦਗੀ ਚੋਂ ਦੌੜ ਜਾਵੇਗਾ।
ਤੁਹਾਡੇ ਦਿਲ 'ਚ ਫਿਰ ਉਗਦਾ ਸਵੇਰਾ ਮਾਨ ਪਾਵੇਗ।
ਕਿਸੇ ਸੂਰਜ ਦੇ ਵਾਂਗੂੰ ਤਪਸ਼ ਜਰਨਾ ਹੈ ਪੜ੍ਹਾਈ ਵਿਚ।
ਤਪਸਿਆ ਯੋਗ ਦਾ ਪ੍ਰਯੋਗ ਕਰਨਾ ਹੈ ਪੜ੍ਹਾਈ ਵਿਚ।
ਨਾ ਐਵੇਂ ਵਕਤ ਨੂੰ ਬਰਬਾਦ ਕਰਨਾ ਵਿਹਲਿਆਂ ਰਹਿ ਕੇ,
ਧਰਤ ਵਿਚ ਬੀਜ ਉਗਦਾ ਦੁਖ ਅਤੇ ਕੁਝ ਮੁਸ਼ਕਿਲਾਂ ਸਹਿ ਕੇ।

ਲਗਾ ਕੇ ਦਿਲ ਪੜ੍ਹੋਗੇ ਜੇ ਤਾਂ ਸਰਨਾ ਹੈ ਪੜ੍ਹਾਈ ਵਿਚ।
ਤਪਸਿਆ ਯੋਗ ਦਾ ਪ੍ਰਯੋਗ ਕਰਨਾ ਹੈ ਪੜ੍ਹਾਈ ਵਿਚ।
ਕਦਮ ਦਰ ਕਦਮ ਮੰਜ਼ਿਲ ਵੱਲ ਸਦਾ ਵਧਦੇ ਹੀ ਜਾਣਾ ਹੈ।
ਕੜੀ ਮੁਸ਼ਕਿਲ ਦੇ ਵਿਚੋਂ ਹੀ ਨਵੇਂ ਮਕਸਦ ਨੂੰ ਪਾਣਾ ਹੈ।
ਕਦੀ ਵੀ ਇਹ ਨਹੀਂ ਸਿਖਣਾ ਕਿ ਹਰਨਾ ਹੈ ਪੜ੍ਹਾਈ ਵਿਚ।
ਤਪਸਿਆ ਯੋਗ ਦਾ ਪ੍ਰਯੋਗ ਕਰਨਾ ਹੈ ਪੜ੍ਹਾਈ ਵਿਚ।
ਬੜੀ ਛੋਟੀ ਜਿਹੀ ਹੈ ਜ਼ਿੰਦਗੀ ਇਸ ਨੂੰ ਸੰਵਾਰੋਗੇ।
ਤਾਂ ਹੀ ਫਿਰ ਜਾ ਕੇ ਚੰਨ ਉਪਰ ਨਵੀਂ ਖੇਤੀ ਉਗਾਉਗੇ।
ਦਿਮਾਗੀ ਖੂਹ ਤਸੱਲੀ ਨਾਲ ਭਰਨਾ ਹੈ ਪੜ੍ਹਾਈ ਵਿਚ।
ਤਪਸਿਆ ਯੋਗ ਦਾ ਪ੍ਰਯੋਗ ਕਰਨਾ ਹੈ ਪੜ੍ਹਾਈ ਵਿਚ।
ਸਦਾ ਖੁਸ਼ਹਾਲੀ ਹਰਿਆਲੀ ਰਵੇਗੀ ਜ਼ਿੰਦਗੀ ਅੰਦਰ।
ਕਵੇ ਬਾਲਮ ਬੜਾ ਬੱਲ ਹੈ ਰਵੋ ਜੇ ਬੰਦਗੀ ਅੰਦਰ।
ਸੁਖਦ ਉਪਲਬਧੀਆਂ ਦਾ ਸਫ਼ਲ ਝਰਨਾ ਹੈ ਪੜ੍ਹਾਈ ਵਿਚ।
ਤਪਸਿਆ ਯੋਗ ਦਾ ਪ੍ਰਯੋਗ ਕਰਨਾ ਹੈ ਪੜ੍ਹਾਈ ਵਿਚ।

**ਬਲਵਿੰਦਰ ਬਾਲਮ ਗੁਰਦਾਸਪੁਰ**
**98156-25409**

# ਹਰਮਨ ਪਿਆਰਾ ਟੀਵੀ ਹੋਸਟ, ਐਂਕਰ ਤੇ ਪੇਸ਼ਕਾਰ ਹੈ ਸਵਰਨ ਸਿੰਘ ਟਹਿਣਾ

ਅੱਜ ਦੀ ਨਵੀਂ ਪੀੜ੍ਹੀ ਵੀ ਸਵਰਨ ਸਿੰਘ ਟਹਿਣਾ ਦੇ ਨਾਮ ਤੋਂ ਖ਼ੂਬ ਜਾਣਕਾਰ ਹੈ ਤੇ ਉਹਨਾਂ ਦੇ ਬਾਪ ਚਾਚੇ ਇਥੋਂ ਤੱਕ ਦਾਦੇ ਵੀ ਇਸ ਨੌਜਵਾਨ ਟੀਵੀ ਹੋਸਟ ਦੇ ਪ੍ਰਸੰਸਕ ਹਨ। ਪੱਤਰਕਾਰੀ ਤੋਂ ਸ਼ੁਰੂਆਤ ਤੇ ਸਖ਼ਤ ਸੰਘਰਸ਼ ਤੇ ਅੱਜ ਵੀ ਉਹ ਮੈਗਜ਼ੀਨ ਸੈਕਸ਼ਨ "ਨਵਾਂ ਜ਼ਮਾਨਾ" ਦਾ ਸੰਪਾਦਕ ਹੈ। ਅੱਗੇ ਗੱਲ ਕਰਨ ਤੋਂ ਪਹਿਲਾਂ ਇੱਕ ਗੱਲ ਕਿ ਸ ਵਿੱਚ ਨੇਕੀ ਤੇ ਹਮਦਰਦੀ ਰੱਬ ਸੋਹਣੇ ਨੇ ਐਨੀ ਭਰੀ ਹੈ ਕਿ ਆਪਣੇ ਜ਼ਰੂਰੀ ਰੁਝੇਵੇਂ ਲੇਟ ਕਰ ਅਗਲੇ ਦਾ ਕੰਮ ਕਰਦਾ ਹੈ। ਉਸ ਨੂੰ ਬਹੁਤ ਪੁੰਨ ਲੱਗਣਾ ਹੈ ਤੇ ਇਹਨੀਂ ਦਿਨੀਂ ਉਸ ਨੇ ਇੱਕ ਆਮ ਜਿਹੇ ਸਧਾਰਨ ਸਕਸ਼ ਦੀ ਮਾਨਸਿਕ ਤੌਰ ਤੇ ਪ੍ਰੇਸ਼ਾਨ ਬੇਟੀ ਲਈ ਦਿਨ ਰਾਤ ਫ਼ੋਨ ਕਰ ਉਸ ਨੂੰ ਤੰਦਰੁਸਤੀ ਦੇ ਨਜ਼ਦੀਕ ਪਹੁੰਚਾ ਦਿੱਤਾ ਹੈ। ਪ੍ਰਾਇਮ ਏਸ਼ੀਆ ਟੀਵੀ ਦੇ ਪ੍ਰੋਗਰਾਮ "ਚੱਜ ਦਾ ਵਿਚਾਰ" ਨਾਲ ਸਵਰਨ ਸਿੰਘ ਟਹਿਣਾ ਸਟਾਰ





ਐਂਕਰ ਹੈ ਤੇ ਇਹ ਪ੍ਰੋਗਰਾਮ "ਤਾਰਿਕ ਮਹਿਤਾ ਦਾ ਉਲਟਾ ਚਸ਼ਮਾ " ਦੀ ਤਰਾਂ ਲੋਕ ਪ੍ਰਿਅ ਹੈ ਤੇ ਜਿਵੇਂ ਉਸ ਵਿੱਚ ਮੁੱਖ ਨਾਇਕ ਦਲੀਪ "ਜੇਠਾ ਲਾਲ" ਬਣ ਮਕਬੂਲ ਉਂਜ ਹੀ "ਚੱਜ ਦਾ ਵਿਚਾਰ" ਨਾਲ ਸਵਰਨ ਸਿੰਘ ਟਹਿਣਾ। ਗੁਰਸੇਵਕ ਸਿੰਘ ਬਰਾੜ ਪਿਤਾ ਦਾ ਨਾਮ ਰੌਸ਼ਨ ਕਰ ਰਹੇ ਟਹਿਣਾ ਨੇ ਆਪਣੀ ਮਾਂ ਸੁਖਦੇਵ ਕੌਰ ਤੋ ਇਹੀ ਸਿੱਖਿਆ ਕਿਸੇ ਦਾ ਦਿਲ ਨਹੀਂ ਦੁਖਾਉਣਾ ਉਸ ਦੀ ਅੱਗੇ ਆ ਮਦਦ ਕਰਨੀ । ਫਰੀਦਕੋਟ ਜ਼ਿਲੇ ਦੇ ਪਿੰਡ ਟਹਿਣਾ ਦਾ ਨਾਮ ਉਸ ਕਾਰਨ ਅੱਜ ਵਿਸ਼ਵ ਭਰ ਵਿੱਚ ਹੈ। ਪੰਜਾਬੀ ਬੋਲੀ ਵਿੱਚ ਉਸ ਦੀ ਬੋਲਣ ਸ਼ੈਲੀ ਠੇਠ ਮਨ ਮੋਹ ਲੈਂਦੀ ਹੈ ਤੇ ਅਸਰ ਜਗਜੀਤ ਸਿੰਘ ਆਨੰਦ ਨਾਲ ਬੀਤਿਆ" ਨਵਾਂ ਜ਼ਮਾਨਾ" ਵਿੱਚ ਵਕਤ ਹੈ। ਉਸ ਤੇ ਰੱਬ ਦੀ ਮਿਹਰ ਹੈ ਕਿ ਉਹ ਗਾਇਕੀ ਤੇ ਫ਼ਿਲਮਾਂ ਦੇ ਨਾਲ ਨਾਲ ਸਮਾਜਿਕ, ਆਰਥਿਕ ਤੇ ਮਹਾਂਪੁਰਖਾਂ, ਸੇਵਾਦਾਰਾਂ ਸਮੇਤ ਨੇਤਾਵਾਂ, ਮੰਤਰੀਆਂ ਦੇ ਸਾਰਥਿਕ ਇੰਟਰਵਿਊ ਕਰਦਾ ਹੈ। ਸਵਰਨ ਸਿੰਘ ਟਹਿਣਾ "ਚੱਜ ਦਾ ਵਿਚਾਰ" ਵਿੱਚ ਵਿਸ਼ਾ ਵਸਤੂ ਨੂੰ ਅੰਤ ਤੱਕ ਬਾਖ਼ੂਬੀ ਨਿਭਾ ਕਿ ਪ੍ਰੋਗਰਾਮ ਮਨੋਰੰਜਕ, ਸੰਦੇਸ਼ ਮਈ ਤੇ ਜਾਣਕਾਰੀ ਭਰਪੂਰ ਬਣਾ ਦਿੰਦਾ ਹੈ। ਸਾਹਿਤਕ ਪਾਸਾ ਲਓ ਤਾਂ ਬਿੰਬ ਪ੍ਰਤੀਬਿੰਬ ਹਰ ਤਰਾਂ ਨਾਲ ਉਹ ਚੋਖਾ ਸਾਹਿਤਕ ਹੈ, ਸੱਭਿਆਚਾਰਕ ਗੱਲ ਤਾਂ ਗੰਦ ਪਰੋਸਦੇ ਗਾਇਕਾਂ ਦੀ ਐਸੀ ਕਲਾਸ ਉਸ ਲਾਈ ਕਿ ਜ਼ਮੀਰ ਵਾਲੇ ਮੰਨ ਗਏ ਤੇ ਬੇਜ਼ਮੀਰੇ ਵੀ ਅੰਦਰ ਖਾਤੇ ਸੋਚਣ ਕਿ ਗੱਲ ਤਾਂ ਸਹੀ ਹੈ। ਗਾਇਕ ਗੁਰਪਾਲ ਸਿੰਘ ਪਾਲ ਤੇ ਕਿਤਾਬ ਇਲਾਵਾ "ਸੁਲਗਦੇ ਬੋਲ" "ਸੁਰਾਂ ਦੇ ਵਾਰਿਸ" "ਅਹਿਸਾਸ" "ਵੇਹ ਗਏ ਸੁਰ ਦਰਿਆ ਤੇ "ਅੰਬਰੋਂ ਟੁੱਟਦੇ ਤਾਰੇ" ਦੇ ਨਾਲ ਉਸ ਦੀ ਪੁਸਤਕ "ਮਾਣ ਏ ਫਰੀਦਕੋਟ" ਖ਼ੂਬ ਚਰਚਿਤ ਰਹੀ ਹੈ। ਮਾਨ ਸਨਮਾਨ ਪੰਜਾਬ ਹੀ ਨਹੀਂ ਆਸਟ੍ਰੇਲੀਆ, ਇੰਗਲੈਂਡ, ਕਨੇਡਾ ਉਸ ਦੇ ਹੋਏ ਨੇ ਤੇ ਸਿਲਸਿਲਾ ਜ਼ਾਰੀ ਹੈ। ਪੰਜਾਬ ਉਸ ਲਈ ਭਾਰਤ ਜਿੰਨਾ ਹੀ ਪਿਆਰਾ ਹੈ ਪਰ ਆਖਦਾ ਬੋਲੀ ਆਪਣੀ ਦਾ ਸਤਿਕਾਰ ਮਾਂ ਤਰਾਂ ਕਰੋ, ਪੰਜਾਬ ਹਾਸੇ ਵੰਡੇ ਨਾ ਕਿ ਨਸ਼ੇ ਵਾਲਾ ਪੰਜਾਬ ਹ ਵੇਖਣਾ ਚਾਹੁੰਦਾ, ਪੰਜਾਬੀਅਤ ਉਸ ਨੂੰ ਪਹਿਲਾਂ ਹੈ। ਰੇਡੀਓ ਦੁਨੀਆਂ ਦੀ ਗੱਲ ਕਰ ਲ ਤਾਂ ਦੇਸ਼ ਵਿਦੇਸ਼ ਸਵਰਨ ਸਿੰਘ ਟਹਿਣਾ ਇਸ ਮਾਧਿਅਮ ਦੀ ਮਹਤਤਾ ਆਪਣੇ ਯੋਗਦਾਨ ਨਾਲ ਵਧਾ ਰਿਹਾ ਹੈ ਤੇ ਟੀਵੀ ਦਾ ਉਹ ਸਟਾਰ ਐਂਕਰ, ਹੋਸਟ ਤੇ ਪੇਸ਼ਕਾਰ ਹੈ। ਨੇਕੀ ਦੇ ਇਸ ਪ੍ਰਤੀਕ ਸਵਰਨ ਸਿੰਘ ਟਹਿਣਾ ਬਣ ਜਾਣ ਲਈ ਮਿਹਨਤਾਂ, ਲਗਨ ਤੇ ਜਨੂੰਨ ਚਾਹੀਦਾ ਹੋਊ ਪਰ ਉਸ ਅੰਦਰਲੀ ਮਾਨਵਤਾ ਲਈ ਨੇਕੀ, ਆਪਣਾ ਸਮਾਂ ਕੀਮਤੀ ਕਿਸੇ ਦੁੱਖੀ ਦੇ ਲਈ ਦੇਣ ਵਾਲੇ ਸਵਰਨ ਸਿੰਘ ਟਹਿਣਾ ਦੀ ਸਖਸ਼ੀਅਤ ਲਈ ਮੇਰੇ ਕੋਲ ਸ਼ਬਦਾਂ ਦਾ ਸ਼ਾਇਦ ਕਾਲ ਹੈ ਪਰ ਦੱਬੀ ਜ਼ਮਾਨੇ ਖਾਹਮ ਖਾਹ ਲੋਕ ਵੀ ਸ ਦੇ ਕੰਮਾਂ ,ਟੀਵੀ ਸ਼ੋ "ਚੱਜ ਦਾ ਵਿਚਾਰ" "ਖ਼ਬਰ ਸਾਰ" ਤੇ ਅਜੀਤ ਵੈੱਬ ਟੀਵੀ ਤੇ ਮਨੋਰੰਜਨ ਦੇ ਵਿਹੜੇ ਕਾਇਮ ਨੇ ਕਿਉਂ ਕਿ ਸਵਰਨ ਸਿੰਘ ਟਹਿਣਾ ਕਾਮਯਾਬ ਹੋਸਟ, ਐਂਕਰ, ਆਰ ਜੇ ਦੇ ਨਾਲ ਮਾਨਵਤਾ ਦਾ ਹਮਦਰਦ ਤੇ ਸੁਆਣ-ਿਆਂ ਸਿਆਣਿਆਂ ਦੀਆਂ ਪੱਲੇ ਬੰਨ ਰੱਖਣ ਵਾਲੀਆਂ ਗੱਲਾਂ ਦਾ ਖੋਜੀ ਰਚਣਹਾਰਾ ਹੈ ਸਵਰਨ ਸਿੰਘ ਟਹਿਣਾ।